13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 12
June 26, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸਤਿਗੁਰੂ ਕਬੀਰ ਜੀ ਦੇ ਜੀਵਨ ਅਤੇ ਫਲਸਫੇ 'ਤੇ ਵਿਆਪਕ ਖੋਜ ਕਰਨ ਲਈ 'ਭਗਤ ਕਬੀਰ ਧਾਮ' ਸਥਾਪਤ ਕਰਨ ਦਾ ਐਲਾਨ।
(ਰਿਪੋਰਟ ਦੇਖੋ ਸਫਾ 15 'ਤੇ)



ਯੂਰਪੀ ਸੰਘ ਦੀਆਂ ਚੋਣਾਂ,
ਸੱਜ ਪਿਛਾਖੜ ਦੀ ਜਿੱਤ ਖਤਰੇ ਦੀ ਘੰਟੀ
(ਵਿਸ਼ੇਸ ਲੇਖ ਅੰਦਰ ਦੇਖੋ)



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 39ਵਾਂ ਸਥਾਪਨਾ ਦਿਵਸ 28, 29, 30 ਜੂਨ ਨੂੰ ਮਨਾਇਆ ਜਾ ਰਿਹਾ ਹੈ।
ਹੋਰ ਜਾਣਕਾਰੀ ਲਈ ਇਸ਼ਤਿਹਾਰ ਦੇਖੋ ਸਫਾ 2 'ਤੇ

# ਓਮ ਬਿਰਲਾ ਬਣੇ ਦੂਜੀ ਵਾਰ ਲੋਕ ਸਭਾ ਦੇ ਸਪੀਕਰ



**ਨਵੀਂ ਦਿੱਲੀ (ਬਿਊਰੋ)–** ਭਾਜਪਾ ਦੇ ਸੰਸਦ ਮੈਂਬਰ ਓਮ ਬਿਰਲਾ ਅੱਜ ਬੁੱਧਵਾਰ ਨੂੰ ਲਗਾਤਾਰ ਦੂਜੀ ਵਾਰ ਲੋਕ ਸਭਾ ਦੇ ਸਪੀਕਰ ਬਣੇ ਹਨ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਦਨ ਵਿਚ ਓਮ ਬਿਰਲਾ ਦੇ ਨਾਮ ਦਾ ਪ੍ਰਸਤਾਵ ਰੱਖਿਆ ਤਾਂ ਉੱਥੇ ਮੌਜੂਦ ਮੈਂਬਰਾਂ ਨੇ ਉਨ੍ਹਾਂ ਨੂੰ ਆਵਾਜ਼ੀ ਵੋਟ ਨਾਲ ਲੋਕ ਸਭਾ ਦਾ ਸਪੀਕਰ ਚੁਣ ਲਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਅਤੇ ਕਾਂਗਰਸ ਨੇਤਾ ਰਾਹੁਲ ਗਾਂਧੀ ਓਮ ਬਿਰਲਾ ਨੂੰ ਆਪਣੀ ਸੀਟ 'ਤੇ ਲੈ ਗਏ। ਭਾਜਪਾ ਆਗੂ ਓਮ ਬਿਰਲਾ ਦੂਜੀ ਵਾਰ ਲੋਕ ਸਭਾ ਸਪੀਕਰ ਬਣਨ ਵਾਲੇ ਆਗੂਆਂ ਬਲਰਾਮ ਜਾਖੜ, ਜੀਐਮ ਬਲਯੋਗੀ ਅਤੇ ਪੀਏ ਸੰਗਮਾ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ। ਜੇਕਰ ਓਮ ਬਿਰਲਾ ਆਪਣਾ ਦੂਜਾ ਕਾਰਜਕਾਲ ਪੂਰਾ ਕਰ ਲੈਂਦੇ ਹਨ ਤਾਂ ਉਹ ਅਜਿਹਾ ਕਰਨ ਵਾਲੇ ਬਲਰਾਮ ਜਾਖੜ ਤੋਂ ਬਾਅਦ ਦੂਜੇ ਨੇਤਾ ਹੋਣਗੇ। ਕਈ ਆਗੂ ਦੂਜੀ ਵਾਰ ਲੋਕ ਸਭਾ ਦੇ ਸਪੀਕਰ ਤਾਂ ਬਣੇ, ਪਰ ਪੂਰਾ 5 ਸਾਲ ਦਾ ਕਾਰਜਕਾਲ ਪੂਰਾ ਨਹੀਂ ਕਰ ਸਕੇ। ਕੇਵਲ ਬਲਰਾਮ ਜਾਖੜ ਨੇ 1980 ਤੋਂ 1985 ਅਤੇ 1985 ਤੋਂ 1989 ਤੱਕ ਆਪਣੇ ਦੋਵੇਂ ਕਾਰਜਕਾਲ ਪੂਰੇ ਕੀਤੇ। ਓਮ ਬਿਰਲਾ ਲੋਕ ਸਭਾ ਚੋਣਾਂ 2024 ਵਿੱਚ ਕੋਟਾ ਸੰਸਦੀ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ। ਰਾਜਸਥਾਨ ਦੇ ਕੋਟਾ ਸ਼ਹਿਰ 'ਚ 4 ਦਸੰਬਰ 1962 ਨੂੰ ਜਨਮੇ ਓਮ ਬਿਰਲਾ ਬਾਕਸ ਤੋਂ ਬਾਹਰ ਕੰਮ ਕਰਨ ਲਈ ਜਾਣੇ ਜਾਂਦੇ ਹਨ। ਬਿਰਲਾ ਦੀ ਮਾਤਾ ਦਾ ਨਾਮ ਸ਼ਕੁੰਤਲਾ ਦੇਵੀ ਅਤੇ ਪਿਤਾ ਦਾ ਨਾਮ ਕ੍ਰਿਸ਼ਨਾ ਬਿਰਲਾ ਹੈ।

ਉਨ੍ਹਾਂ ਦੀ ਪਤਨੀ ਅਮਿਤਾ ਬਿਰਲਾ ਪੇਸ਼ੇ ਤੋਂ ਡਾਕਟਰ ਹੈ। ਉਸਨੇ ਰਾਜਸਥਾਨ ਤੋਂ ਹੀ ਆਪਣੀ ਪੋਸਟ ਗ੍ਰੈਜੂਏਸ਼ਨ ਪੂਰੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਖੇਤੀਬਾੜੀ ਦੇ ਨਾਲ-ਨਾਲ ਸਮਾਜ ਸੇਵੀ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਹ ਵਿਦਿਆਰਥੀ ਰਾਜਨੀਤੀ ਤੋਂ ਸੰਘ ਅਤੇ ਰਾਜਨੀਤੀ ਵਿੱਚ ਆਏ ਤਾਂ ਉਹ ਤਿੰਨ ਵਾਰ ਵਿਧਾਇਕ ਅਤੇ ਤੀਜੀ ਵਾਰ ਸੰਸਦ ਮੈਂਬਰ ਚੁਣੇ ਗਏ। ਇਸ ਦੇ ਨਾਲ ਹੀ ਉਨ੍ਹਾਂ ਨੇ ਕਈ ਰਿਕਾਰਡ ਵੀ ਆਪਣੇ ਨਾਂ ਕੀਤੇ। ਉਹ ਰਾਜਸਥਾਨ ਤੋਂ ਲੋਕ ਸਭਾ ਸਪੀਕਰ ਬਣਨ ਵਾਲੇ ਪਹਿਲੇ ਸੰਸਦ ਮੈਂਬਰ ਹਨ। **(ਬਾਕੀ ਸਫਾ 7 'ਤੇ)**

## ਕੇਜਰੀਵਾਲ ਨੂੰ ਇਕ ਹੋਰ ਝਟਕਾ, ਜਮਾਨਤ ਵੀ ਰੱਦ, ਸੀਬੀਆਈ ਨੇ ਕੀਤਾ ਗ੍ਰਿਫਤਾਰ

**ਨਵੀਂ ਦਿੱਲੀ (ਬਿਊਰੋ)–** ਨਵੀਂ ਆਬਕਾਰੀ ਨੀਤੀ ਘਪਲੇ ਦੇ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੰਗਲਵਾਰ ਨੂੰ ਜਿਉਂ ਹੀ ਜਮਾਨਤ ਰੱਦ ਕੀਤੀ, ਅਗਲੇ ਦਿਨ ਸੀਬੀਆਈ ਨੇ ਗ੍ਰਿਫਤਾਰ ਕਰਕੇ ਰੌਸ ਐਵੇਨਿਊ ਕੋਰਟ 'ਚ ਪੇਸ਼ ਕਰ ਦਿੱਤਾ। ਅਰਵਿੰਦ ਕੇਜਰੀਵਾਲ ਨੂੰ ਵਿਸ਼ੇਸ਼ ਜੱਜ ਅਮਿਤਾਭ ਰਾਵਤ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਸੀਬੀਆਈ ਅਦਾਲਤ ਤੋਂ ਸੀਐਮ ਕੇਜਰੀਵਾਲ ਦੀ ਹਿਰਾਸਤ ਦੀ ਮੰਗ ਕੀਤੀ। ਸੁਨੀਤਾ ਕੇਜਰੀਵਾਲ ਵੀ ਕੋਰਟ ਰੂਮ ਵਿੱਚ ਮੌਜੂਦ ਸੀ। ਵੀਡੀਓ ਕਾਨਫਰੰਸਿੰਗ ਰਾਹੀਂ ਕੇਜਰੀਵਾਲ ਵੱਲੋਂ ਪੇਸ਼ ਹੋਏ ਐਡਵੋਕੇਟ ਵਿਵੇਕ ਜੈਨ ਨੇ ਕਿਹਾ ਕਿ ਅਰਜ਼ੀ ਦੀ ਸਪਲਾਈ ਅਤੇ ਸੀਬੀਆਈ ਵੱਲੋਂ ਪੁੱਛਗਿੱਛ ਲਈ ਦਿੱਤੇ ਹੁਕਮਾਂ ਦੀ ਮੰਗ ਲਈ ਅਰਜ਼ੀ ਦਾਇਰ ਕੀਤੀ ਜਾ ਰਹੀ ਹੈ। ਇਹ ਸਭ ਤੋਂ ਸੰਵੇਦਨਸ਼ੀਲ ਮਾਮਲਿਆਂ ਵਿੱਚੋਂ ਇੱਕ ਹੈ। ਚੌਧਰੀ ਨੇ ਕਿਹਾ ਕਿ ਜਾਂਚ ਏਜੰਸੀ ਨੇ ਬਹੁਤ ਹੀ ਪੱਖਪਾਤੀ ਤਰੀਕੇ ਨਾਲ ਕੰਮ ਕੀਤਾ ਹੈ। ਇੱਕ ਵਿਅਕਤੀ ਇੱਕ ਮਾਮਲੇ ਵਿੱਚ ਹਿਰਾਸਤ ਵਿੱਚ ਹੈ। ਇਹ ਤੈਅਸ਼ੁਦਾ ਕਾਨੂੰਨ ਹੈ ਕਿ ਉਸ ਨੂੰ ਕਿਸੇ ਹੋਰ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਚੌਧਰੀ ਨੇ ਬੇਨਤੀ ਕੀਤੀ ਕਿ ਸੁਣਵਾਈ ਭਲਕੇ ਤੱਕ ਮੁਲਤਵੀ ਕੀਤੀ ਜਾਵੇ ਅਤੇ ਦਸਤਾਵੇਜ਼ ਕੇਜਰੀਵਾਲ ਦੀ ਕਾਨੂੰਨੀ ਟੀਮ ਨਾਲ ਸਾਂਝੇ ਕੀਤੇ ਜਾਣ। ਹਾਈਕੋਰਟ ਦੇ ਫੈਸਲੇ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ (ਆਪ) ਦਾ ਬਿਆਨ ਆਇਆ ਹੈ। ਆਮ ਆਦਮੀ ਪਾਰਟੀ ਨੇ ਕਿਹਾ ਕਿ ਉਹ ਦਿੱਲੀ ਹਾਈ ਕੋਰਟ ਦੇ ਉਸ ਫੈਸਲੇ ਨਾਲ ਅਸਹਿਮਤ ਹੈ, ਜਿਸ ਨੇ ਹੇਠਲੀ ਅਦਾਲਤ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਦਿੱਤੀ ਗਈ ਜ਼ਮਾਨਤ 'ਤੇ ਰੋਕ ਲਗਾ ਦਿੱਤੀ ਸੀ।



## ਚੋਣ ਕਿਉਂ ਕਰਵਾਉਣਾ ਚਾਹੁੰਦੀ ਸੀ ਵਿਰੋਧੀ ਧਿਰ

ਵਿਰੋਧੀ ਧਿਰ ਇੰਡੀਆ ਗੱਠਜੋੜ ਦੇ ਮੁੱਖ ਸਹਿਯੋਗੀ ਕਾਂਗਰਸ ਪਾਰਟੀ ਨੇ ਇਸ ਵਾਰ ਸਪੀਕਰ ਦੀ ਚੋਣ ਲਈ ਸਰਬਸੰਮਤੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜ਼ਿਆਦਾਤਰ ਲੋਕੀ ਇਸ ਨੂੰ ਵਿਰੋਧੀ ਧਿਰ ਦੀ ਬਹੁਤ ਵੱਡੀ ਕਾਮਯਾਬੀ ਦੱਸ ਰਹੇ ਹਨ, ਜਦਕਿ ਉਹ ਨਹੀਂ ਜਾਣਦੇ ਕਿ ਕਾਂਗਰਸ ਨੂੰ ਪਤਾ ਹੈ ਕਿ ਉਸ ਕੋਲ ਬਹੁਮਤ ਨਹੀਂ ਹੈ ਅਤੇ ਚੋਣ ਹੋਣ ਦੀ ਸੂਰਤ ਵਿਚ ਸਪੀਕਰ ਭਾਜਪਾ ਦਾ ਹੀ ਬਣੇਗੀ ਪਰ ਉਹ ਇਹ ਦੇਖਣਾ ਚਾਹੁੰਦੀ ਸੀ ਕਿ ਭਵਿੱਖ ਵਿਚ ਜੇਕਰ ਮੋਦੀ ਸਰਕਾਰ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਕੋਲ ਕੀ ਵਿਕਲਪ ਹੋਵੇਗਾ।ਹਾਲਾਂਕਿ ਕਾਂਗਰਸ ਨੇ ਆਪਣੇ ਸਾਰੇ ਹੀਲੇ ਵਰਤ ਕੇ ਦੇਖੇ ਹਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੋਂ ਲੈ ਕੇ ਟੀਡੀਪੀ ਦੇ ਨੇਤਾ ਚੰਦਰਬਾਬੂ ਨਾਇਡੂ ਤੱਕ ਤੇ ਡੋਰੇ ਪਾਏ ਗਏ ਪਰ ਜਦੋਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਤਾਂ ਕਾਂਗਰਸ ਸਿਰਫ ਇਹ ਦੇਖਣ ਲਈ ਅੜੀ ਰਹੀ ਕਿ ਭਾਜਪਾ ਕੋਲ ਕਿੰਨਾ ਕੁ ਬਹੁਮਤ ਹੈ, ਇਹ ਸਪੀਕਰ ਦੀ ਚੋਣ ਬਹਾਨੇ ਦੇਖਿਆ ਜਾ ਸਕਦਾ ਹੈ।

### ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣਗੇ ਰਾਹੁਲ ਗਾਂਧੀ

ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣਗੇ। ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ 'ਚ ਰਾਹੁਲ ਗਾਂਧੀ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਬਣਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ, ਜਿਸ 'ਤੇ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਉਹ ਇਸ 'ਤੇ ਵਿਚਾਰ ਕਰਨਗੇ। ਹੁਣ ਕਾਂਗਰਸ ਨੇ ਉਨ੍ਹਾਂ ਦੀ ਨਿਯੁਕਤੀ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ। ਇਸ ਦੌਰਾਨ ਰਾਹੁਲ ਗਾਂਧੀ ਸੰਸਦ ਦੇ ਪਹਿਲੇ ਸੈਸ਼ਨ 'ਚ ਸਰਕਾਰ 'ਤੇ ਲਗਾਤਾਰ ਹਮਲਾਵਰ ਹਨ। ਕਾਂਗਰਸ ਨੇਤਾ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਸੰਵਿਧਾਨ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿਹਾ ਕਿ ਵਿਰੋਧੀ ਧਿਰ ਪ੍ਰਧਾਨ ਮੰਤਰੀ ਨੂੰ ਬਿਨਾਂ ਜਵਾਬਦੇਹੀ ਤੋਂ ਬਚਣ ਨਹੀਂ ਦੇਵੇਗੀ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539



DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY
INVESTMENT REALTY




Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

Devoted families are requesting entire Sangat to attend the following functions:

## Pittsburg Gurughar's 39th Anniversary
## June 28-29-30, 2024




**Sri Guru Ravidass Temple's 39th Anniversary will be celebrated on June 30, 2024. Akhand Path will start on Friday June 28, 2024 at 10:00 AM and conclude with Bhog ceremony on Sunday, June 30, 2024.** Path and Langar Sewa will be hosted by Sangat. Nishan Sahib Hoisting Ceremony will be held on June 29, 2024, Saturday, at 11:00 AM. Entire Sangat is requested to attend the function. Bhai Amarjit Singh & Bhai Manjit Singh's jatha along with Giani Balwinder Singh's jatha will delight Sangat with Shabad Kirtan. Entire Sangat is cordially invited to participate in this celebration with family and friends and receive the benign blessings of Guru Ravidass ji.

**There will be a health camp on Sunday, June, 30, 2024 from 10:00 AM to 2:00 PM. Take advantage of this opportunity to discuss health issues and get some advice from a doctor. 3 doctors have committed to do the Sewa. We still need some help from nurses, please contact us if you able to help for 4 hours.**


Please contact : **Dilbag Singh General Secretary at 209-834-4641 or President Vinod Kumar at 408-718-2506**
for a STALL or any Sewa on this occasion

**"NANAK NAM CHARDI KALA TERE BHANE SARBAT DA BHALA"**

**Sangat Sewadars** www.sriguruavidasstemple.com



**Chairman**
**Ramesh Suman**



**President**
**Vinod Kumar**



**Secretary**
**Dilbag Singh**



**Treasurer**
**Sunita Singh**


# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਮੋਮੀ ਪਰਿਵਾਰ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ

**ਫਰਿਜ਼ਨੋ (ਡੀਡੀਬੀ)–** ਲੰਘੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਬੇਕਰਜ਼ਫੀਲਡ ਦੇ ਸਮੂਹ ਮੋਮੀ ਪਰਿਵਾਰ (ਸਰਵਸ੍ਰੀ ਪ੍ਰੇਮ ਸੋਢੀ ਮੋਮੀ, ਹਰਮਿੰਦਰ ਮੋਮੀ, ਸੁਰਜੀਤ ਮੋਮੀ, ਰਜਿੰਦਰ ਮੋਮੀ ਅਤੇ ਲਾਲੀ ਮੋਮੀ) ਵੱਲੋਂ ਆਪਣੇ ਬੱਚਿਆਂ ਵੱਲੋਂ ਉੱਚ ਵਿੱਦਿਆ ਪ੍ਰਾਪਤ ਕਰਨ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ 14 ਜੂਨ ਨੂੰ ਰਖਾਏ ਗਏ ਅਤੇ 16 ਜੂਨ 2024 ਨੂੰ ਭੋਗ ਪਾਏ ਜਾਣ ਉਪਰੰਤ ਵੱਖ-ਵੱਖ ਰਾਗੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਨ੍ਹਾਂ 'ਚ ਭਾਈ ਸਾਹਿਬ ਭਾਈ ਹਰਵਿੰਦਰ ਸਿੰਘ ਰਸੀਆ ਦਾ ਜਥਾ, ਭਾਈ ਹਰਬਲਾਸ ਸਿੰਘ ਝਿੰਗੜ, ਭਾਈ ਰਾਮ ਆਸਰਾ ਅਤੇ ਭਾਈ ਰਾਜ ਬਰਾੜ ਤੋਂ ਇਲਾਵਾ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੂੰ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਸਮੂਹ ਮੋਮੀ ਪਰਿਵਾਰ ਦੇ ਬੱਚਿਆਂ ਵੱਲੋਂ ਉੱਚ ਵਿਦਿਆ ਹਾਸਲ ਕਰਨ ਲਈ, ਸਮੂਹ ਪ੍ਰਬੰਧਕ ਕਮੇਟੀ ਵੱਲੋਂ ਦਿਲੀ ਹਾਰਦਿਕ ਵਧਾਈ ਦਿੱਤੀ ਅਤੇ ਸਮੂਹ ਮੋਮੀ ਪਰਿਵਾਰ ਦੀ ਚੜ੍ਹਦੀ ਕਲਾ ਲਈ ਵਾਹਿਗੁਰੂ ਅੱਗੇ ਅਰਜ਼ੋਈ ਕੀਤੀ। ਇਸ ਮੌਕੇ ਦੂਰ-ਦੁਰਾਡਿਆਂ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਲਗਾ ਕੇ ਮੋਮੀ ਪਰਿਵਾਰ ਨੂੰ ਵਧਾਈ ਦਿੱਤੀ। ਇਸ ਖੁਸ਼ੀ 'ਚ ਵੱਖ-ਵੱਖ ਬੁਲਾਰਿਆਂ ਨੇ ਸੰਗਰਾਂਦ ਅਤੇ ਫਾਦਰਜ਼ ਡੇਅ 'ਤੇ ਦੋ ਸ਼ਬਦ ਬੋਲਦਿਆਂ ਸਮੂਹ ਮੋਮੀ ਪਰਿਵਾਰ ਲਈ ਸ਼ੁਭਕਾਮਨਾਵਾਂ ਕੀਤੀਆਂ, ਜਿਨ੍ਹਾਂ 'ਚ ਸਰਵਸ੍ਰੀ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਚੇਅਰਮੈਨ ਸ੍ਰੀ ਰਮੇਸ਼ ਸੁੰਮਨ, ਡਾ. ਹਰਮੇਸ਼ ਕੁਮਾਰ, ਅਮਰ ਦੜੌਚ, ਦੇਸ ਰਾਜ ਬੰਗੜ ਅਤੇ ਪ੍ਰੇਮ ਕੁਮਾਰ ਚੁੰਬਰ ਆਦਿ ਦੇ ਨਾਂ ਵਰਣਨਯੋਗ ਹਨ। ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਕੁਲਦੀਪ ਸਿੰਘ ਬੰਗੜ ਨੇ ਸਟੇਜ ਦੀ ਸੇਵਾ ਬਖ਼ੂਬੀ ਨਾਲ ਨਿਭਾਉਂਦਿਆਂ ਸਮੂਹ ਸੰਗਤਾਂ ਦਾ ਗੁਰੂ ਘਰ ਹਾਜ਼ਰੀਆਂ ਲਗਾਉਣ ਲਈ ਧੰਨਵਾਦ ਕੀਤਾ ਅਤੇ ਸਮੂਹ ਮੋਮੀ ਪਰਿਵਾਰ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਦੇ ਨਾਲ ਹੀ ਉਹਨਾਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਪੂਰੇ ਸਮਾਗਮ ਦੀ ਕਵਰੇਜ਼ ਕਰਨ ਲਈ ਧੰਨਵਾਦ ਕੀਤਾ। ਸਮੂਹ ਮੋਮੀ ਪਰਿਵਾਰ ਵੱਲੋਂ ਤਿੰਨੋ ਦਿਨ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।





















### ਅਕਾਲੀ ਦਲ ਦਾ ਅੰਦਰੂਨੀ ਯੁੱਧ

# ਸੁਖਬੀਰ ਬਾਦਲ ਦੇ ਖਿਲਾਫ ਬਾਗੀ ਅਕਾਲੀ ਆਗੂਆਂ ਨੇ ਖੋਲ੍ਹਿਆ ਮੋਰਚਾ

**ਚੰਡੀਗੜ੍ਹ–** ਸੀਨੀਅਰ ਅਕਾਲੀ ਆਗੂਆਂ ਦੇ ਇੱਕ ਧੜੇ ਨੇ ਮੰਗਲਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇੱਕ ਪਾਸੇ ਜਿੱਥੇ ਇਹ ਆਗੂ ਸੁਖਬੀਰ ਬਾਦਲ ਦੀ ਪ੍ਰਧਾਨਗੀ ਖ਼ਿਲਾਫ਼ ਮੈਦਾਨ ਵਿੱਚ ਨਿੱਤਰੇ, ਦੂਜੇ ਪਾਸੇ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਚੰਡੀਗੜ੍ਹ ਵਿੱਚ ਪਾਰਟੀ ਦੀ ਜ਼ਿਲ੍ਹਾ ਅਤੇ ਹਲਕਾ ਪੱਧਰ ਦੀ ਲੀਡਰਸ਼ਿਪ ਦੀ ਮੀਟਿੰਗ ਹੋਈ, ਜਿਸ ਵਿੱਚ ਸੁਖਬੀਰ ਬਾਦਲ ਦੀ ਪ੍ਰਧਾਨਗੀ 'ਤੇ ਭਰੋਸਾ ਹੋਣ ਦੀ ਗੱਲ ਕਹੀ ਗਈ। ਜਲੰਧਰ ਵਿੱਚ ਸੁਖਬੀਰ ਬਾਦਲ ਦੀ ਪ੍ਰਧਾਨਗੀ ਨੂੰ ਚੁਣੌਤੀ ਦੇਣ ਵਾਲੀ ਮੀਟਿੰਗ ਵਿੱਚ ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਪਰਮਿੰਦਰ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਭਾਈ ਮਨਜੀਤ ਸਿੰਘ, ਸੁੱਚਾ ਸਿੰਘ ਛੋਟੇਪੁਰ, ਸੁਰਜੀਤ ਸਿੰਘ ਰੱਖੜਾ ਸਣੇ ਹੋਰ ਸੀਨੀਅਰ ਆਗੂ ਸ਼ਾਮਲ ਸਨ। ਚੰਡੀਗੜ੍ਹ ਵਿੱਚ ਹੋਈ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ, ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਅਨਿਲ ਜੋਸ਼ੀ ਸ਼ਾਮਲ ਸਨ।



ਜਲੰਧਰ ਵਿੱਚ ਇਕੱਠੇ ਹੋਏ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਨੂੰ ਆਪਣੀਆਂ ਗਲਤੀਆਂ ਦੀ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਕਿਸੇ ਯੋਗ ਸ਼ਖ਼ਸੀਅਤ ਨੂੰ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਸੰਭਾਲਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਮੈਂਬਰ ਰਹਿ ਚੁੱਕੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਉਨ੍ਹਾਂ ਨੇ ਇਸ ਮੀਟਿੰਗ ਵਿੱਚ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਮਤਾ ਪਾਸ ਹੋਇਆ ਕਿ ਅਕਾਲੀ ਦਲ ਕੋਲੋਂ ਜਿਹੜੀਆਂ ਕੁਤਾਹੀਆਂ ਹੋਈਆਂ ਹਨ, ਉਨ੍ਹਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ 1 ਜੁਲਾਈ ਨੂੰ ਪੇਸ਼ ਹੋਕੇ ਖਿਮਾ ਮੰਗੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ' ਸ਼ੁਰੂ ਕਰਨਗੇ, ਇਸ ਵਿੱਚ ਉਹ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਦੇ ਲੋਕਾਂ ਨੂੰ ਆਪਣੇ ਨਾਲ ਜੋੜਨਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਿਸੇ ਅਜਿਹੀ ਧਾਰਮਿਕ ਤੇ ਸਿਆਸੀ ਸ਼ਖ਼ਸੀਅਤ ਨੂੰ ਅਗਵਾਈ ਦੇਣ ਦੀ ਅਪੀਲ ਕਰਨਗੇ ਜੋ ਅਕਾਲੀ ਦਲ ਨੂੰ ਇਸ ਦੁਰਦਸ਼ਾ ਵਿੱਚੋਂ ਕੱਢ ਕੇ ਬਚਾਉਣ ਵਿੱਚ ਸਹਾਈ ਹੋ ਸਕੇ। ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਅਤੇ ਚੰਦੂਮਾਜਰਾ ਨੇ ਸੁਖਬੀਰ ਬਾਦਲ ਦੀ ਮੀਟਿੰਗ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਉਨ੍ਹਾਂ ਨੂੰ ਅਜਿਹੀਆਂ ਮੀਟਿੰਗਾਂ ਕਰਨ ਦੀ ਲੋੜ ਹੀ ਕਿਉਂ ਪੈ ਰਹੀ ਹੈ।

ਚੰਡੀਗੜ੍ਹ ਵਿੱਚ ਪਾਰਟੀ ਦੀ ਮੀਟਿੰਗ ਮਗਰੋਂ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਪੂਰਾ ਭਰੋਸਾ ਹੈ। ਦਲਜੀਤ ਸਿੰਘ ਚੀਮਾ ਕਹਿੰਦੇ ਹਨ ਕਿ ਪਾਰਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਕੱਲ ਹੈ ਅਜਿਹੇ ਹਾਲਾਤਾਂ ਵਿੱਚ ਕੁਝ ਆਗੂਆਂ ਵਜੋਂ ਅਜਿਹਾ ਕਰਨਾ ਗਿਣਿਆ ਮਿੱਥਿਆ ਲੱਗਦਾ ਹੈ।

ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਅੱਜ ਦੀ ਮੀਟਿੰਗ ਵਿੱਚ ਸਾਰੇ ਜਥੇਦਾਰ, ਵਰਕਿੰਗ ਕਮੇਟੀ ਅਤੇ ਕੋਰ ਕਮੇਟੀ ਦੇ ਬਹੁਤੇ ਮੈਂਬਰ ਸ਼ਾਮਲ ਸਨ, ਇਸ ਦਾ ਮਤਲਬ ਹੈ ਕਿ ਪਾਰਟੀ ਸੁਖਬੀਰ ਬਾਦਲ ਦੀ ਪ੍ਰਧਾਨਗੀ ਦੇ ਨਾਲ ਹੈ। ਉਨ੍ਹਾਂ ਨੇ ਵਿਰੋਧ ਕਰਨ ਵਾਲੇ ਆਗੂਆਂ ਨੂੰ ਪਾਰਟੀ ਦੇ ਵਿੱਚ ਰਹਿ ਕੇ ਗੱਲ ਕਰਨ ਦੀ ਸਲਾਹ ਦਿੱਤੀ। ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਦੀ ਮੀਟਿੰਗ ਵਿੱਚ ਉਨ੍ਹਾਂ ਨੇ ਅਕਾਲੀ ਦਲ ਦੇ ਮਾੜੇ ਪ੍ਰਦਰਸ਼ਨ ਬਾਰੇ ਚਰਚਾ ਕੀਤੀ, ਇਸ ਵਿੱਚ ਉਨ੍ਹਾਂ ਇਹ ਸਿੱਟਾ ਕੱਢਿਆ ਕਿ ਚੋਣਾਂ ਵਿੱਚ 'ਇੰਡੀਆ ਬਲਾਕ ਅਤੇ ਮੋਦੀ ਦੀ ਲੜਾਈ ਸੀ ਇਸ ਵਿੱਚ ਅਕਾਲੀ ਦਲ ਭਾਜਪਾ ਦਾ ਸਾਥ ਨਾ ਦੇ ਦਵੇ ਇਸ ਖ਼ਦਸ਼ੇ ਦਾ ਉਨ੍ਹਾਂ ਨੂੰ ਨੁਕਸਾਨ ਹੋਇਆ।' ਉਨ੍ਹਾਂ ਨੇ ਦੱਸਿਆ ਕਿ ਪਾਰਟੀ ਨੇ ਸਾਰੇ ਫ਼ੈਸਲੇ ਸਰਬਸੰਮਤੀ ਨਾਲ ਲਏ ਜਾਂਦੇ ਹਨ। ਭੂੰਦੜ ਨੇ ਭਾਰਤੀ ਜਨਤਾ ਪਾਰਟੀ ਨਾਲ ਅਕਾਲੀ ਦਲ ਦੇ ਸਮਝੌਤੇ ਦੀ ਸੰਭਾਵਨਾ ਵੀ ਰੱਦ ਕੀਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰਾਜਨੀਤੀ ਵਿਗਿਆਨ ਦੇ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਉਹ ਨਹੀਂ ਮੰਨਦੇ ਕਿ ਅਕਾਲੀ ਦਲ ਵਿਚਲੀ ਹਾਲੀਆ 'ਬਗ਼ਾਵਤ' ਕਿਸੇ ਵੱਡੀ ਰੱਦੋਬਦਲ ਨੂੰ ਜਨਮ ਦੇਵੇਗੀ। ਉਹ ਕਹਿੰਦੇ ਹਨ, "ਅਕਾਲੀ ਦਲ ਉਹ ਹੀ ਹੈ ਜਿੱਥੇ ਸੁਖਬੀਰ ਬਾਦਲ ਖੜ੍ਹੇ ਹਨ, ਇਹ ਉਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ ਕਿ ਉਹ ਅਕਾਲੀ ਦਲ ਵਿੱਚ ਬਦਲਾਅ ਲਈ ਕੀ ਕਰਦੇ ਹਨ।" ਵਿਰੋਧ ਕਰਨ ਵਾਲੇ ਆਗੂਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, "ਮੌਜੂਦਾ ਪ੍ਰਧਾਨ ਨੂੰ ਚੁਣੌਤੀ ਦੇਣ ਲਈ ਇਕੱਠੇ ਹੋਏ ਆਗੂ ਆਪਣਾ ਸਮਾਂ ਵਿਹਾ ਚੁੱਕੇ ਹਨ।"

ਉਨ੍ਹਾਂ ਨੇ ਦੱਸਿਆ ਕਿ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਬੀਬੀ ਜਗੀਰ ਸਣੇ ਇਹ ਸਾਰੇ ਆਗੂ ਅਕਾਲੀ ਦਲ ਦੇ ਨਿਘਾਰ ਵੇਲੇ ਪਾਰਟੀ ਵਿੱਚ ਹੀ ਸਨ ਅਤੇ ਸੱਤਾ ਦਾ ਸੁਖ ਮਾਣ ਰਹੇ ਸਨ। ਹਾਲਾਂਕਿ ਉੱਘੇ ਪੱਤਰਕਾਰ ਹਮੀਰ ਸਿੰਘ ਇਸ ਬਗਾਵਤ ਨੂੰ ਵੱਡਾ ਅਤੇ ਅਹਿਮ ਮੰਨਦੇ ਹਨ। ਉਹ ਕਹਿੰਦੇ ਹਨ, "ਅਕਾਲੀ ਦਲ ਦੀ ਅਜਿਹੀ ਮਾੜੀ ਸਥਿਤੀ ਇਤਿਹਾਸ ਦੇ ਵਿੱਚ ਕਦੇ ਨਹੀਂ ਰਹੀ, ਉਸ ਵੇਲੇ ਦੇ ਵੱਡੇ ਚਿਹਰਿਆਂ ਦਾ ਅਲੱਗ ਰਾਏ ਦੇਣਾ ਵੱਡੀ ਗੱਲ ਹੈ।" ਉਹ ਕਹਿੰਦੇ ਹਨ, "ਵੱਡੀ ਗੱਲ ਬਿਰਤਾਂਤ ਦੀ ਹੈ, ਵੱਖ ਹੋਈ ਲੀਡਰਸ਼ਿਪ ਲੋਕਾਂ ਵਿੱਚ ਆਪਣਾ ਬਿਰਤਾਂਤ ਲੈ ਕੇ ਜਾਣ ਵਿੱਚ ਸਫ਼ਲ ਰਹਿੰਦੀ ਹੈ ਜਾਂ ਦੂਜੀ, ਜਿਹੜੀ ਧਿਰ ਆਪਣਾ ਦਬਦਬਾ ਬਣਾ ਸਕੇਗੀ, ਨਤੀਜਾ ਉਸ ਦੇ ਪੱਖ ਵਿੱਚ ਹੋਵੇਗਾ।" ਅਕਾਲੀ ਦਲ ਵਿੱਚ ਪਹਿਲਾਂ ਹੋ ਚੁੱਕੀਆਂ 'ਬਗਾਵਤਾਂ' ਬਾਰੇ ਹਮੀਰ ਸਿੰਘ ਕਹਿੰਦੇ ਹਨ ਕਿ ਪਿਛਲੀਆਂ ਬਗਾਵਤਾਂ ਤੱਕ ਅਕਾਲੀ ਦਲ ਦੀ ਇੰਨੀ ਮਾੜੀ ਹਾਲਤ ਨਹੀਂ ਸੀ, ਹੁਣ ਸਥਿਤੀ ਵੱਖਰੀ ਹੈ। "ਪਿਛਲੀਆਂ ਬਗਾਵਤਾਂ ਵੱਖ-ਵੱਖ ਚਿਹਰਿਆਂ ਵੱਲੋਂ ਸਨ ਜਦਕਿ ਇਸ ਵਾਰੀ ਦੀ ਬਗਾਵਤ ਲੀਡਰਾਂ ਦੀ ਇੱਕ ਟੀਮ ਵੱਲੋਂ ਹੈ।

ਇਸ ਵਾਰੀ ਵੱਖ ਹੋਏ ਲੀਡਰਾਂ ਦੇ ਆਪਣੀਆਂ ਥਾਵਾਂ ਉੱਤੇ ਆਪਣੇ ਪ੍ਰਭਾਵ ਵੀ ਹਨ।" ਹਮੀਰ ਸਿੰਘ ਪਾਰਟੀ ਦੀ ਮੌਜੂਦਾ ਸਥਿਤੀ ਨੂੰ ਝੂੰਦਾ ਕਮੇਟੀ ਦੀਆਂ ਸਿਫ਼ਾਰਿਸ਼ਾਂ ਨਾ ਲਾਗੂ ਕਰਨ ਅਤੇ ਅੰਦਰੂਨੀ ਜਮਹੂਰੀਅਤ ਸਣੇ ਹੋਰ ਕਮੀਆਂ ਪੂਰੀਆਂ ਨਾ ਕੀਤੇ ਜਾਣ ਨੂੰ ਜਿੰਮੇਵਾਰ ਮੰਨਦੇ ਹਨ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਵੱਖ ਹੋਏ ਆਗੂਆਂ ਬਾਰੇ ਕਹਿੰਦੇ ਹਨ, "ਇਸ ਧੜੇ ਦਾ ਇਹ ਖ਼ਾਸ ਹੈ ਕਿ ਇਹ ਭਾਜਪਾ ਪੱਖੀ ਹੈ।"

ਉਹ ਦੱਸਦੇ ਹਨ, "ਅਕਾਲੀ ਦਲ ਜੋ ਵਾਪਰ ਰਿਹਾ ਹੈ ਇਹ ਕਿਸੇ ਵੱਡੇ ਬਦਲਾਅ ਵੱਲ ਸੰਕੇਤ ਨਹੀਂ ਦਿੰਦਾ, ਕਿਉਂਕਿ ਲੀਡਰ ਹੀ ਆਪਸ ਵਿੱਚ ਲੜ ਰਹੇ ਹਨ।" ਜਸਪਾਲ ਸਿੰਘ ਸਿੱਧੂ ਅਤੇ ਜਗਰੂਪ ਸਿੰਘ ਸੇਖੋਂ ਅਕਾਲੀ ਦਲ ਨੂੰ ਕਾਂਗਰਸ ਅਤੇ ਰਾਹੁਲ ਗਾਂਧੀ ਕੋਲੋਂ ਸਿੱਖਣ ਦੀ ਸਲਾਹ ਦਿੰਦੇ ਹਨ। ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਜਿਵੇਂ ਰਾਹੁਲ ਗਾਂਧੀ ਨੇ ਪੁਰਾਣੀ ਕਾਂਗਰਸ ਨੂੰ ਦਫ਼ਨਾ ਕੇ ਨਵੀਂ ਕਾਂਗਰਸ ਖੜ੍ਹੀ ਕੀਤੀ ਹੈ ਉਵੇਂ ਹੀ ਅਕਾਲੀ ਦਲ ਵੀ ਇਹ ਤਰੀਕਾ ਅਪਣਾ ਸਕਦਾ ਹੈ ਪਰ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ। ਜਗਰੂਪ ਸਿੰਘ ਸੇਖੋਂ ਦੱਸਦੇ ਹਨ ਕਿ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਜੇਕਰ ਖ਼ਤਰਾ ਹੋਵੇਗਾ ਤਾਂ ਉਹ ਕਿਸੇ ਅਜਿਹੇ ਵੱਡੇ ਚਿਹਰੇ ਤੋਂ ਹੋਵੇਗਾ ਜੋ ਉੱਭਰ ਰਿਹਾ ਹੋਵੇ। ਉਹ ਕਹਿੰਦੇ ਹਨ, "ਮੇਰਾ ਮੰਨਣਾ ਹੈ ਕਿ ਮੌਜੂਦਾ ਸਮੇਂ ਵਿੱਚ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਹੀ ਅਜਿਹਾ ਉੱਭਰਦਾ ਚਿਹਰਾ ਹਨ ਜੋ ਬਦਲ ਦੇ ਸਕਦੇ ਹਨ।"


# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600

Fax : (530) 870-1429

532 Houston St.

West Sacramento, CA 95691

Email: myfuturetruck@gmail.com

### ਜਲੰਧਰ ਚੋਣ
# ਖੁਸ਼ਹਾਲੀ-ਤਰੱਕੀ ਲਈ ਬਸਪਾ ਨੂੰ ਜਿਤਾਉਣਾ ਜ਼ਰੂਰੀ

**ਫਗਵਾੜਾ / ਜਲੰਧਰ (ਬੀ.ਕੇ. ਰੱਤੂ)** ਬਹੁਜਨ ਸਮਾਜ ਪਾਰਟੀ ਦੇ ਹਲਕਾ ਜਲੰਧਰ ਪੱਛਮੀ ਤੋਂ ਉਮੀਦਵਾਰ ਬਿੰਦਰ ਕੁਮਾਰ ਲਾਖਾ ਨੇ ਕਿਹਾ ਕਿ ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਨੇ ਲੋਕਾਂ ਨੂੰ ਬਹੁਤ ਮਾੜੇ ਹਾਲਾਤਾਂ ਤੱਕ ਪਹੁੰਚਾਇਆ ਹੈ।ਉਨ੍ਹਾਂ ਵੱਲੋਂ ਸ਼ੁਰੂ ਕੀਤੇ ਚੋਣ ਪ੍ਰਚਾਰ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਲੋਕ ਬਹੁਤ ਮਾੜੀ ਸਥਿਤੀ ਵਿੱਚ ਜੀਅ ਰਹੇ ਹਨ। ਉਨ੍ਹਾਂ ਕੋਲ ਚੰਗਾ ਕੰਮਕਾਜ ਨਹੀਂ ਹੈ। ਲੋਕ ਬੀਮਾਰੀਆਂ ਤੋਂ ਪੀੜਤ ਹਨ, ਪਰ ਉਨ੍ਹਾਂ ਦੇ ਇਲਾਜ ਲਈ ਚੰਗਾ ਪ੍ਰਬੰਧ ਨਹੀਂ ਹੈ। ਜਲੰਧਰ ਵੈਸਟ ਹਲਕੇ ਵਿੱਚ ਫੈਲੇ ਨਸ਼ੇ ਤੇ ਉਸ ਕਾਰਨ ਹੋ ਰਹੀਆਂ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੇ ਵੀ ਲੋਕਾਂ ਦਾ ਜੀਊਣਾ ਮੁਸ਼ਕਿਲ ਕੀਤਾ ਹੋਇਆ ਹੈ। ਇਲਾਕੇ ਵਿੱਚ ਗੁੰਡਾਗਰਦੀ ਵੀ ਕਾਫੀ ਹੁੰਦੀ ਹੈ। ਬਸਪਾ ਉਮੀਦਵਾਰ ਬਿੰਦਰ ਲਾਖਾ ਨੇ ਕਿਹਾ ਕਿ ਹਲਕੇ ਦੇ ਲੋਕ ਮੁੱਖ ਤੌਰ 'ਤੇ ਕਾਂਗਰਸ ਤੇ ਭਾਜਪਾ ਨੂੰ ਬਦਲ-ਬਦਲ ਕੇ ਚੁਣਦੇ ਆਏ ਹਨ ਤੇ 2022 ਵਿੱਚ ਆਪ ਉਮੀਦਵਾਰ ਨੂੰ ਚੁਣਿਆ ਸੀ, ਜੋ ਕਿ ਹੁਣ ਭਾਜਪਾ ਵੱਲੋਂ ਚੋਣ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਹੀ ਸੂਬੇ ਵਿੱਚ ਸਰਕਾਰਾਂ ਰਹੀਆਂ ਹਨ। ਇਸਦੇ ਬਾਵਜੂਦ ਲੋਕਾਂ ਦੇ ਹਾਲਾਤ ਲਗਾਤਾਰ ਮਾੜੇ ਹੁੰਦੇ ਗਏ, ਕਿਉਕਿ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਲਗਾਤਾਰ ਲੋਕਾਂ, ਖ਼ਾਸ ਕਰਕੇ ਦਲਿਤਾਂ, ਪੱਛੜੇ ਵਰਗਾਂ ਤੇ ਆਮ ਲੋਕਾਂ ਖਿਲਾਫ ਗ਼ਲਤ ਨੀਤੀਆਂ ਬਣਾ ਕੇ ਵਿਰੋਧ ਵਿੱਚ ਕੰਮ ਕੀਤਾ ਗਿਆ। ਹਰ ਸਰਕਾਰ ਵਿੱਚ ਨਸ਼ੇ ਨੂੰ ਹੱਲਾਸ਼ੇਰੀ ਦਿੱਤੀ ਗਈ। ਲੋਕਾਂ ਨੂੰ ਕੰਮ ਨਾ ਦੇ ਕੇ ਉਨ੍ਹਾਂ ਨੂੰ ਗਰੀਬ ਕੀਤਾ ਗਿਆ ਤੇ ਇਸੇ ਤਰ੍ਹਾਂ ਹੀ ਇਲਾਜ ਲਗਾਤਾਰ ਮਹਿੰਗਾ ਕਰਕੇ ਉਨ੍ਹਾਂ ਨੂੰ ਮਾਰਨ ਦਾ ਪ੍ਰਬੰਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ, ਕਾਂਗਰਸ ਤੇ ਆਪ ਦਲਿਤ, ਪੱਛੜਾ ਤੇ ਧਾਰਮਿਕ ਘੱਟ ਗਿਣਤੀਆਂ ਵਿਰੋਧੀ ਪਾਰਟੀਆਂ ਹਨ ਤੇ ਸੱਤਾ ਵਿੱਚ ਆ ਕੇ ਇਨ੍ਹਾਂ ਵੱਲੋਂ ਲਗਾਤਾਰ ਲੋਕਾਂ ਖਿਲਾਫ ਕੰਮ ਕੀਤੇ ਜਾਂਦੇ ਹਨ। ਇਨ੍ਹਾਂ ਪਾਰਟੀਆਂ ਕਰਕੇ ਹੀ ਲੋਕ ਬਹੁਤ ਮਾੜੇ ਹਾਲਾਤਾਂ ਵਿੱਚ ਜੀਅ ਰਹੇ ਹਨ। ਇਸ ਕਰਕੇ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਹਰਾਇਆ ਜਾਵੇ ਤੇ ਬਦਲ ਵਿੱਚ ਬਸਪਾ, ਜੋ ਕਿ ਸਾਰੇ ਵਰਗਾਂ ਲਈ ਕੰਮ ਕਰਦੀ ਹੈ, ਉਸਨੂੰ ਜਿਤਾਇਆ ਜਾਵੇ ਤਾਂ ਕਿ ਲੋਕਾਂ ਦੀ ਸਥਿਤੀ ਸੁਧਾਰਨ ਦੀ ਸ਼ੁਰੂਆਤ ਹੋ ਸਕੇ। ਇਸ ਮੌਕੇ ਬਸਪਾ ਆਗੂ ਪਰਮਜੀਤ ਮੱਲ, ਜਗਦੀਸ਼ ਦੀਸ਼ਾ, ਦਵਿੰਦਰ ਗੋਗਾ ਤੇ ਅਸ਼ੋਕ ਗੋਖਾ ਵੀ ਮੌਜੂਦ ਸਨ।



# ਸ੍ਰੀ ਕਰਤਾਰਪੁਰ ਸਾਹਿਬ 'ਚ ਸਥਾਪਤ ਹੋਵੇਗੀ ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ



**ਲਾਹੌਰ–** ਪਾਕਿਸਤਾਨ ਦੇ ਪੰਜਾਬ ਦੇ ਸ੍ਰੀ ਕਰਤਾਰਪੁਰ ਸਾਹਿਬ 'ਚ ਬੁੱਧਵਾਰ ਨੂੰ ਪੰਜਾਬ ਸਰਕਾਰ ਮਹਾਰਾਜ ਰਣਜੀਤ ਸਿੰਘ ਦੀ ਮੂਰਤੀ ਸਥਾਪਤ ਕਰੇਗੀ। ਨੌਂ ਫੁੱਟ ਉੱਚੀ ਕਾਂਸੇ ਦੀ ਇਹ ਮੂਰਤੀ ਪਹਿਲਾਂ ਲਾਹੌਰ ਦੇ ਕਿਲ੍ਹੇ 'ਚ ਉਨ੍ਹਾਂ ਦੀ ਸਮਾਦੀ ਨੇੜੇ 2019 'ਚ ਸਥਾਪਿਤ ਕੀਤੀ ਗਈ ਸੀ। ਪਰ ਦੋ ਵਾਰ ਕੱਟੜਪੰਥੀਆਂ ਨੇ ਇਸ ਮੂਰਤੀ ਨੂੰ ਤੋੜ ਦਿੱਤਾ। ਇਸ ਲਈ ਹੁਣ ਇਹ ਮੁਰੰਮਤ ਕਰਵਾ ਕੇ ਸ੍ਰੀ ਕਰਤਾਰਪੁਰਾ ਸਾਹਿਬ ਗੁਰਦੁਆਰੇ ਨੇੜੇ ਸਥਾਪਿਤ ਕੀਤੀ ਜਾ ਰਹੀ ਹੈ ਤਾਂ ਜੋ ਭਾਰਤ ਤੋਂ ਆਉਣ ਵਾਲੇ ਸ਼ਰਧਾਲੂ ਵੀ ਇਸ ਨੂੰ ਦੇਖ ਸਕਣ।

# ਪੁਲਾੜ ਤੋਂ ਘਰ 'ਤੇ ਡਿੱਗਿਆ 700 ਗ੍ਰਾਮ ਮਲਬਾ, ਪਰਿਵਾਰ ਨੇ ਨਾਸਾ ਖ਼ਿਲਾਫ਼ ਦਰਜ ਕਰਵਾਇਆ ਮਾਮਲਾ

**ਫਲੋਰੀਡਾ–** ਅਮਰੀਕਾ ਦੇ ਫਲੋਰੀਡਾ 'ਚ ਇਕ ਪਰਿਵਾਰ ਨੇ ਪੁਲਾੜ ਏਜੰਸੀ ਨਾਸਾ ਖ਼ਿਲਾਫ਼ ਮਾਮਲਾ ਦਰਜ ਕਰਵਾਇਆ ਹੈ। ਪਰਿਵਾਰ ਨੇ ਨਾਸਾ ਤੋਂ ਕਰੀਬ 80 ਹਜ਼ਾਰ ਡਾਲਰ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਦਰਅਸਲ, 8 ਮਾਰਚ, 2021 ਨੂੰ, ਸਪੇਸ ਤੋਂ ਲਗਭਗ 700 ਗ੍ਰਾਮ ਮਲਬਾ ਫਲੋਰੀਡਾ ਦੇ ਇੱਕ ਪਰਿਵਾਰ ਦੇ ਘਰ 'ਤੇ ਡਿੱਗਿਆ, ਜਿਸ ਨਾਲ ਉਨ੍ਹਾਂ ਦੀ ਛੱਤ ਵਿੱਚ ਇੱਕ ਮੋਰੀ ਹੋ ਗਈ। ਇਹ ਹਾਦਸਾ ਫਲੋਰੀਡਾ ਦੇ ਨੈਪਲਸ ਵਿੱਚ ਅਲੇਂਦਰੋ ਓਟੇਰੋ ਦੇ ਘਰ ਵਾਪਰਿਆ। ਜਦੋਂ ਇਹ ਘਟਨਾ ਵਾਪਰੀ ਤਾਂ ਅਲਾਂਦਰੋ ਆਪਣੇ ਘਰ ਮੌਜੂਦ ਨਹੀਂ ਸੀ। ਘਰ 'ਚ ਸਿਰਫ ਉਸ ਦਾ ਬੇਟਾ ਡੇਨੀਅਲ ਮੌਜੂਦ ਸੀ, ਜਿਸ ਨੇ ਫੋਨ ਕਰਕੇ ਇਸ ਦੀ ਜਾਣਕਾਰੀ ਦਿੱਤੀ ਸੀ। ਓਟੇਰਾ ਨੇ ਇੱਕ ਸਥਾਨਕ ਟੀਵੀ ਚੈਨਲ ਨੂੰ ਕਿਹਾ, 'ਮੈਂ ਇਹ ਸੁਣ ਕੇ ਹੈਰਾਨ ਰਹਿ ਗਿਆ। ਮੈਂ ਕਾਫੀ ਹੈਰਾਨ ਸੀ ਅਤੇ ਸੋਚ ਰਿਹਾ ਸੀ ਕਿ ਸਾਡੇ ਘਰ 'ਤੇ ਕਿਹੜੀ ਚੀਜ਼ ਡਿੱਗ ਪਈ ਹੈ ਜਿਸ ਕਾਰਨ ਛੱਤ 'ਚ ਹੀ ਟੋਆ ਪੈ ਗਿਆ ਹੈ।

ਦਰਅਸਲ, ਇਹ ਮਲਬਾ ਵਰਤੀਆਂ ਗਈਆਂ ਬੈਟਰੀਆਂ ਦੇ ਕਾਰਗੋ ਪੈਲੇਟ ਦਾ ਹਿੱਸਾ ਸੀ। ਇਹ ਜਾਣਕਾਰੀ ਖੁਦ ਨਾਸਾ ਨੇ ਦਿੱਤੀ ਹੈ, ਤੁਹਾਨੂੰ ਦੱਸ ਦੇਈਏ ਕਿ 2021 ਵਿੱਚ ਇਸਨੂੰ ਇੰਟਰਨੈਸ਼ਨਲ ਸਪੇਸ ਸਟੇਸ਼ਨ ਤੋਂ ਕੂੜੇ ਦੇ ਰੂਪ ਵਿੱਚ ਛੱਡਿਆ ਗਿਆ ਸੀ। ਇਹ ਕੂੜਾ ਵਾਯੂਮੰਡਲ ਵਿੱਚ ਦਾਖਲ ਹੁੰਦੇ ਹੀ ਪੂਰੀ ਤਰ੍ਹਾਂ ਸੜ ਜਾਂਦਾ ਹੈ। ਹਾਲਾਂਕਿ, ਇੱਕ ਟੁਕੜਾ ਬਚਾ ਲਿਆ ਗਿਆ ਅਤੇ ਇਹ ਮਲਬਾ, ਸਪੇਸ ਵਿੱਚੋਂ ਲੰਘਦਾ ਹੋਇਆ, ਸਿੱਧਾ ਐਲੇਂਡਰੋ ਦੇ ਘਰ 'ਤੇ ਡਿੱਗ ਪਿਆ।

ਪਰਿਵਾਰ ਦੇ ਵਕੀਲ ਮੀਕਾਹ ਨਗੁਏਨ ਵਰਥੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਪਰਿਵਾਰ ਨਾਲ ਜੋ ਹੋਇਆ ਉਹ ਬਹੁਤ ਖ਼ਤਰਨਾਕ ਸੀ ਕਿਉਂਕਿ ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਵੀ ਪ੍ਰਭਾਵਿਤ ਹੋਈ। ਪਰਿਵਾਰ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਉਹ ਸ਼ੁਕਰਗੁਜ਼ਾਰ ਹੈ ਕਿ ਉਸ ਦੇ ਪਰਿਵਾਰ ਵਿਚ ਕਿਸੇ ਨੂੰ ਵੀ ਸੱਟ ਨਹੀਂ ਲੱਗੀ ਪਰ ਅਜਿਹੀ ਘਟਨਾ ਕਾਫੀ ਡਰਾਉਣੀ ਹੈ। ਜੇਕਰ ਮਲਬਾ ਕਿਸੇ ਹੋਰ ਪਾਸੇ ਡਿੱਗਿਆ ਹੁੰਦਾ ਤਾਂ ਸ਼ਾਇਦ ਕਿਸੇ ਦੀ ਮੌਤ ਹੋ ਸਕਦੀ ਸੀ। ਪਰਿਵਾਰ ਨੇ ਮੁਆਵਜ਼ੇ ਦੀ ਮੰਗ ਪੂਰੀ ਕਰਨ ਲਈ ਨਾਸਾ ਨੂੰ ਕਰੀਬ 6 ਮਹੀਨੇ ਦਾ ਸਮਾਂ ਦਿੱਤਾ ਹੈ।

# ਇੰਗਲੈਂਡ ਸਾਊਥਹਾਲ ਵਿੱਚ ਪੰਜਾਬੀ ਸੱਭਿਆਚਾਰ ਮੇਲਾ 7 ਜੁਲਾਈ ਨੂੰ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਊਥਹਾਲ ਵਿਖੇ ਪੰਜਾਬੀ ਸੱਭਿਆਚਾਰ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਪ੍ਰਮੋਟਰ ਸੋਨੂੰ ਬਾਜਵਾ ਅਮਨ ਘੁੰਮਣ ਕਮਲਜੀਤ ਕੌਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਮੇਲਾ ਸਰਪ੍ਰਸਤੀ ਹੇਠ ਹੋ ਰਿਹਾ ਹੈ ।ਇਸ ਸੱਭਿਆਚਾਰ ਪ੍ਰੋਗਰਾਮ ਵਿੱਚ ਇੰਟਰਨੈਸ਼ਨਲ ਗਾਇਕ ਲੇਹਿੰਬਰ ਹੁਸੈਨਪੁਰੀ, ਰਜਨੀ ਜੈਨ ਆਰੀਆਂ, ਸੁਰਜੀਤ ਭੁੱਲਰ, ਜਸਵਿੰਦਰ ਬਰਾੜ, ਸ਼ਾਜ਼ੀਆ ਜੱਜ, ਬਲਦੇਵ ਔਜਲਾ ,ਇੰਦਰਜੀਤ ਲੰਡਨ, ਸੁਲਤਾਨ ਸਿੰਘ ਬਾਦਲ , ਤਲਵਣ ਜੰਨਤ ਕੌਰ, ਸਾਈਂ ਸੁਲਤਾਨ, ਗੋਲਡ ਈ ਗਿੱਲ ਮਨਪ੍ਰੀਤ ਕਰਤਾਰਪੁਰੀ ਅਤੇ ਜੰਨਤ ਕੌਰ ਗਿੱਲ ਸਾਬ ਤੋਂ ਇਲਾਵਾ ਹੋਰ ਕਈ ਕਲਾਕਾਰ ਆਪਣੀ ਹਾਜ਼ਰੀ ਭਰਨਗੇ। ਮੇਲੇ ਵਿੱਚ ਪੁੱਜ ਰਹੇ ਕਲਾਕਾਰਾਂ ਤੋ ਇਲਾਵਾ ਪ੍ਰੈਸ ਮੀਡੀਆ ਅਤੇ ਵਿਸੇਸ਼ ਸ਼ਖ਼ਸੀਅਤਾਂ ਦਾ ਪ੍ਰਮੋਟਰ ਸੋਨੂੰ ਬਾਜਵਾ ਅਤੇ ਪ੍ਰਬੰਧਕ ਕਮੇਟੀ ਵੱਲੋ ਵਿਸੇਸ਼ ਸਨਮਾਨ ਕੀਤਾ ਜਾਵੇਗਾ । ਇਸ ਮੌਕੇ ਤੇ ਬਲਜੀਤ ਸਿੰਘ ਮੱਲੀ ਰਾਜੂ ਸਿੱਧੂ ਮਨਜੀਤ ਭੰਵਰਾ ਜੱਸ ਦੇਸੀ ਰੇਡੀਓ ਸੁਖਵਿੰਦਰ ਸੁੱਖੀ ਬਿੱਟੂ ਖੰਗੂੜਾ ਮਨੀ ਮੋਗਾ ਹਾਜਰ ਸਨ।




ਦੇਸ਼ ਦੁਆਬਾ

# ਮੀਡੀਆ ਅਤੇ ਦਲਿਤ ਚੇਤਨਾ

ਦਲਿਤ ਚੇਤਨਾ ਅਜੋਕੇ ਸਮੇਂ 'ਚ ਭਾਰਤ ਅਤੇ ਪੂਰੇ ਵਿਸ਼ਵ ਵਿਚ ਜਿੱਥੇ-ਜਿੱਥੇ ਵੀ ਦਲਿਤ ਭਾਈਚਾਰਾ ਵਸਿਆ ਹੋਇਆ ਹੈ, ਉਥੇ-ਉਥੇ ਵਿਸ਼ੇਸ਼ ਸਥਾਨ ਬਣਾ ਚੁੱਕੀ ਹੈ। ਦਲਿਤ ਚੇਤਨਾ ਦੇ ਹੋਂਦ ਵਿਚ ਆਉਣ ਅਤੇ ਇਸ ਦੇ ਪ੍ਰਸਾਰ ਦੇ ਸਬੰਧ ਵਿਚ ਮੀਡੀਆ ਦਾ ਅਹਿਮ ਰੋਲ ਰਿਹਾ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਨੇ ਵੀ ਬਹਿਸ਼ਕ੍ਰਿਤ ਭਾਰਤ, ਮੂਕ ਨਾਇਕ, ਪਰਬੋਧ ਭਾਰਤ ਅਤੇ ਜਨਤਾ ਵਰਗੇ ਨਾਮੀ ਪਰਚਿਆਂ ਰਾਹੀਂ ਦਲਿਤ ਚੇਤਨਾ ਨੂੰ ਉਭਾਰਨ ਅਤੇ ਉਸ ਦੇ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ। ਬਾਬਾ ਸਾਹਿਬ ਨੇ ਵਿੱਦਿਆ ਅਤੇ ਮੀਡੀਆ ਰਾਹੀਂ ਵਿਚਾਰ ਸੰਚਾਰ ਤੇ ਬਹੁਤ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਭਾਰਤ ਵਿਚ ਹਜ਼ਾਰਾਂ ਸਾਲਾਂ ਤੋਂ ਦਲਿਤ ਸ਼ੋਸ਼ਣ ਬਾਰੇ ਜੇਕਰ ਕੋਈ ਵਿਦਰੋਹ ਜਾਂ ਵਿਚਾਰ ਠੋਸ ਰੂਪ ਵਿਚ ਸਮਾਜ ਦੇ ਸਾਹਮਣੇ ਨਹੀਂ ਆ ਸਕਿਆ ਤਾਂ ਇਸ ਦਾ ਮੁੱਖ ਕਾਰਨ ਵਿਦਿਆ ਦੀ ਕਮੀ ਅਤੇ ਮੀਡੀਏ ਵਿਚ ਦਲਿਤ ਸਮਾਜ ਬਾਰੇ ਚੇਤਨਾ ਦੀ ਕੋਈ ਗੱਲ/ਜ਼ਿਕਰ ਨਾ ਹੋਣਾ ਹੀ ਕਿਹਾ ਜਾ ਸਕਦਾ ਹੈ। ਦਲਿਤ ਚੇਤਨਾ ਦਾ ਮੀਡੀਏ ਰਾਹੀਂ ਗੱਲਬਾਤ ਦਾ ਸਮਾਂ, ਦਲਿਤ ਪੈਂਥਰ ਦੇ ਮਹਾਰਾਸ਼ਟਰ ਵਿਚ ਹੋਂਦ ਉਪਰੰਤ ਹੀ ਸ਼ੁਰੂ ਹੁੰਦਾ ਹੈ। ਇਹ ਉਹ ਸਮਾਂ ਹੈ, ਜਿਸ ਵਕਤ ਦਲਿਤ ਕਵਿਤਾ ਅਤੇ ਗਲਪ ਇਕ ਨਵੇਂ ਰੂਪ ਅਤੇ ਤਿੱਖੀ ਸੁਰ ਵਿਚ ਦਲਿਤ ਦਾਸਤਾਂ ਦਾ ਜ਼ਿਕਰ ਕਰਦੀ ਹੈ। ਦਲਿਤ ਸਮਾਜ ਦੇ ਬੁੱਧੀਜੀਵੀ ਅਤੇ ਲੇਖਕਾਂ ਦਾ ਇਹ ਆਮ ਮੰਨਣਾ ਹੈ ਕਿ ਦਲਿਤ ਸਾਹਿਤ ਦੀ ਸ਼ੁਰੂਆਤ ਮਹਾਰਾਸ਼ਟਰ ਦੇ ਵਿਚ ਵੀਹਵੀ ਸਦੀ ਦੇ ਪਹਿਲੇ ਅੱਧ ਤੋਂ ਬਾਅਦ ਜ਼ਿਕਰ ਹੁੰਦਾ ਹੈ। ਜੇਕਰ ਅਸੀਂ ਦਲਿਤ ਚੇਤਨਾ ਦੇ ਸਰੋਤ ਅਤੇ ਉਹਨਾਂ ਬਾਰੇ ਗੱਲਬਾਤ ਵੱਲ ਜ਼ਰਾ ਧਿਆਨ ਗੋਚਰ ਹੁੰਦੇ ਹਾਂ ਤਾਂ ਸਾਨੂੰ ਸਹਿਜੇ ਹੀ ਇਹ ਪਤਾ ਲੱਗਦਾ ਹੈ ਕਿ ਪੰਜਾਬ ਅੰਦਰ ਦਲਿਤ ਚੇਤਨਾ ਦੀ ਤਿੱਖੀ ਸੁਰ ਵਿਚ ਸ਼ੁਰੂਆਤ 'ਆਦਿ ਧਰਮ' ਦੀ ਲਹਿਰ ਦੇ ਨਾਲ ਸ਼ੁਰੂ ਹੋਣ ਨਾਲ ਹੁੰਦੀ ਹੈ। 'ਆਦਿ ਧਰਮ' ਦੇ ਬਾਨੀ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਲਿਤ ਦੁਖੜਿਆਂ ਨਾਮੀ ਕਿਤਾਬਚਿਆਂ ਰਾਹੀਂ ਇਸ ਦੀ ਖੂਬ ਚਰਚਾ ਕਰਦੇ ਸਨ। ਸਰਵ ਸ੍ਰੀ ਗੁਰਦਾਸ ਰਾਮ ਆਲਮ, ਚਰਨ ਦਾਸ ਨਿਧੱੜਕ, ਮੰਗੂ ਰਾਮ ਬੋਹਣਵਾਲੀਆ, ਮੰਗੂ ਰਾਮ ਬਾਹੜੋਵਾਲ, ਪ੍ਰੀਤਮ ਰਾਮਦਾਸ ਪੁਰੀ, ਚਾਨਣ ਲਾਲ ਮਾਣਕ ਅਤੇ ਚਾਨਣ ਗੋਬਿੰਦਪੁਰੀ ਆਦਿ ਕਵੀਆਂ ਨੇ ਦਲਿਤ ਕਵਿਤਾ ਦੇ ਮਾਧਿਅਮ ਰਾਹੀਂ ਦਲਿਤ ਚੇਤਨਾ ਦੀ ਤਿੱਖੀ ਸੁਰ 'ਚ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਅਗਵਾਈ ਕੀਤੀ। ਪੰਜਾਬ ਵਿਚ ਦਲਿਤ ਚੇਤਨਾ ਨੂੰ ਲੈ ਕੇ 'ਆਦਿ ਧਰਮ' ਮੰਡਲ ਪੰਜਾਬ ਵੱਲੋਂ ਪਹਿਲਾ ਅਖ਼ਬਾਰ 'ਆਦਿ ਡੰਕਾ' ਨਿਕਲਦਾ ਹੈ ਅਤੇ ਉਸ ਤੋਂ ਬਾਅਦ 1948 ਵਿਚ 'ਉਜਾਲਾ' ਨਾਮ ਦਾ ਅਖ਼ਬਾਰ ਬਣ ਰਹੀ ਦਲਿਤ ਚੇਤਨਾ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਸਭ ਮਹਾਰਾਸ਼ਟਰ ਵਿਚ ਦਲਿਤ ਚੇਤਨਾ ਦੀ ਮੀਡੀਏ ਦੇ ਰਾਹੀਂ ਬਣ ਰਹੀ ਰੂਪ-ਰੇਖਾ ਤੋਂ ਪਹਿਲਾਂ ਦੀਆਂ ਗੱਲਾਂ ਹਨ। ਇਸ ਲਈ ਅੱਜ ਦਲਿਤ ਚੇਤਨਾ ਦੀ ਭਾਰਤ ਵਿਚ ਬਣ ਰਹੀ ਰੂਪ-ਰੇਖਾ ਦੀ ਮੁੜ ਤੋਂ ਵਿਚਾਰ ਚਰਚਾ ਕਰਨ ਬਾਰੇ ਜ਼ਰੂਰਤ ਬਣਦੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਦੇਸ਼ ਅਤੇ ਵਿਦੇਸ਼ ਵਿਚ ਦਲਿਤ ਚੇਤਨਾ ਨੂੰ ਸਮਰਪਿਤ ਰੋਜ਼ਾਨਾ, ਵੀਕਲੀ, ਮਹੀਨੇਵਾਰ ਅਤੇ ਤਿਮਾਹੀ, ਛਿਮਾਹੀ ਰਸਾਲੇ ਨਿਕਲ ਰਹੇ ਹਨ, ਜਿਸ ਸਦਕੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਸੁਪਨਾ ਜੋ ਉਨ੍ਹਾਂ ਦੇ ਸਲੋਗਨ 'ਚ ਮੂਰਤੀਮਾਨ ਹੈ, ''ਪੜ੍ਹੋ ਸੰਘਰਸ਼ ਕਰੋ ਤੇ ਜੁੜੋ'' ਸਾਕਾਰ ਹੁੰਦਾ ਨਜ਼ਰ ਆ ਰਿਹਾ ਹੈ। ਇਸੇ ਹੀ ਸੰਦਰਭ ਵਿਚ Ambedkartimes.com, Ambedkartimes.org, Deshdoaba.com & Ambedkar Times (English/Punjabi) ਤੇ ਹੁਣ ਦੇਸ਼ ਦੁਆਬਾ ਅਖ਼ਬਾਰ ਬਰਾਬਰ ਯੋਗਦਾਨ ਪਾ ਰਿਹਾ ਹੈ।

ਪਿਛਲੀ ਸਦੀ ਦੇ ਦਲਿਤਾਂ ਬਾਰੇ ਗੱਲਬਾਤ ਕਰਨਾ ਕੁਝ ਜ਼ਰੂਰੀ ਬਣ ਚੁੱਕਾ ਹੈ ਕਿ ਉਹ ਅੱਜ ਦੇ ਚੇਤਨਾ ਯੁੱਗ ਵਿਚ ਕਿਸੇ ਵੀ ਮਨੂੰਵਾਦੀ ਭਾਵਨਾ, ਦਲਿਤ ਵਿਤਕਰਾ ਅਤੇ ਸ਼ੋਸ਼ਣ ਨੂੰ ਲੁਕਾ ਕੇ ਨਹੀਂ ਰੱਖਿਆ ਜਾ ਸਕਦਾ। ਹੁਣ ਯੂਰਪ ਅਤੇ ਅਮਰੀਕਾ, ਕੈਨੇਡਾ ਆਦਿ ਮਨੁੱਖੀ ਅਧਿਕਾਰਾਂ 'ਤੇ ਪਹਿਰਾ ਦੇਣ ਵਾਲੇ ਮੁਲਕਾਂ ਵਿਚ ਦਲਿਤ ਚੇਤਨਾ ਦਾ ਮੁੱਦਾ ਵਿਸ਼ੇਸ਼ ਸਥਾਨ ਅਖਤਿਆਰ ਕਰਦਾ ਜਾ ਰਿਹਾ ਹੈ, ਜਿਸ ਤੋਂ ਇਕ ਨਵੀਂ ਆਸ ਦੀ ਕਿਰਨ ਫੁੱਟਦੀ ਨਜ਼ਰ ਆ ਰਹੀ ਹੈ, ਜੋ ਦਲਿਤ ਮੁਕਤੀ ਦਾ ਸਵਾਲ ਹੋਰ ਵੀ ਤਿੱਖਾ ਕਰੇਗੀ। ਹੁਣ ਦਲਿਤ ਸ਼ੋਸ਼ਣ ਅਤੇ ਉਸ ਦਾ ਹੱਲ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅੰਬੇਦਕਰ ਟਾਈਮਜ਼ Ambedkartimes.com, Ambedkartimes.org, Deshdoaba.com & Ambedkar Times in (English & Punjabi) ਅਤੇ 'ਦੇਸ਼ ਦੁਆਬਾ' ਗਰੁੱਪ ਇਸ ਬਾਰੇ ਆਫ਼ਣੀ ਬਣਦੀ ਭੂਮਿਕਾ ਨਿਭਾਉਂਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

# ਪੰਜਾਬ ਦੇ ਮੱਥੇ 'ਤੇ ਨਸ਼ਿਆਂ ਦਾ ਕਲੰਕ ਕੀ ਉਤਰ ਸਕੇਗਾ?

**ਮੋਹਨ ਸ਼ਰਮਾ**

ਗੱਲ ਸਤੰਬਰ 2020 ਦੀ ਹੈ। ਉਨ੍ਹਾਂ ਦਿਨਾਂ ਵਿਚ ਮੈਂ ਸੰਗਰੂਰ ਦੇ ਨਸ਼ਾ ਛਡਾਊ ਕੇਂਦਰ ਦੇ ਨਿਰਦੇਸ਼ਕ ਵਜੋਂ ਕੰਮ ਕਰ ਰਿਹਾ ਸੀ। ਨਸ਼ੇੜੀ ਮਰੀਜ਼ਾਂ ਨੂੰ ਜ਼ਿੰਦਗੀ ਦੇ ਖਲਨਾਇਕ ਨਹੀਂ ਸਗੋਂ ਪੀੜਤ ਸਮਝਦਿਆਂ ਉਨ੍ਹਾਂ ਨੂੰ ਦੁਆ ਅਤੇ ਦਵਾਈ ਦੇ ਸੁਮੇਲ ਨਾਲ ਮੁੱਖ ਧਾਰਾ ਵਿਚ ਲਿਆਉਣ ਦੇ ਹਰ ਸੰਭਵ ਯਤਨ ਕੀਤੇ ਜਾਂਦੇ ਸਨ। ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਨਾਲ ਜੋੜਨ ਕਾਰਨ ਸਾਰਥਕ ਨਤੀਜੇ ਸਾਹਮਣੇ ਵੀ ਆ ਰਹੇ ਸਨ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਨਾਲ-ਨਾਲ ਗੁਆਂਢੀ ਪ੍ਰਾਂਤਾਂ ਦੇ ਨਸ਼ੇ ਦੇ ਆਦੀ ਵਿਅਕਤੀਆਂ ਨੇ ਵੀ ਨਸ਼ਾ ਮੁਕਤ ਹੋਣ ਲਈ ਇਸ ਨਸ਼ਾ ਛੁਡਾਊ ਕੇਂਦਰ ਦੀ ਢੋਈ ਲਈ ਹੋਈ ਸੀ। ਸ਼ਾਮ ਨੂੰ ਹਰ ਰੋਜ਼ ਯੋਗਾ, ਮੈਡੀਟੇਸ਼ਨ ਅਤੇ ਕੌਂਸਲਿੰਗ ਦੀ ਜ਼ਿੰਮੇਵਾਰੀ ਮੈਂ ਸਾਂਭੀ ਹੋਈ ਸੀ। ਇੰਜ ਹੀ ਇਕ ਦਿਨ ਸ਼ਾਮ ਨੂੰ ਮੈਂ ਨਸ਼ਾ ਮੁਕਤ ਹੋ ਰਹੇ 20 ਕੁ ਨੌਜਵਾਨਾਂ ਨਾਲ ਕੌਂਸਲਿੰਗ ਕਰ ਰਿਹਾ ਸੀ ਕਿ ਮੈਨੂੰ ਡੀਸੀ ਸਾਹਿਬ ਦਾ ਸੁਨੇਹਾ ਮਿਲਿਆ ਕਿ ਇਸ ਕੇਂਦਰ ਨੂੰ ਵੇਖਣ ਅਤੇ ਨਸ਼ੇ ਦੇ ਆਦੀ ਮਰੀਜ਼ਾਂ ਨਾਲ ਗੱਲਬਾਤ ਕਰਨ ਲਈ ਪੰਜਾਬ ਦੇ ਹੋਮ ਸੈਕਟਰੀ 15-20 ਮਿੰਟਾਂ ਤੱਕ ਨਸ਼ਾ ਛੁਡਾਊ ਕੇਂਦਰ ਵਿਚ ਪਹੁੰਚ ਰਹੇ ਨੇ। ਸੁਨੇਹਾ ਮਿਲਣ ਤੋਂ ਕੁਝ ਸਮੇਂ ਬਾਅਦ ਹੀ ਹੋਮ ਸੈਕਟਰੀ ਆਪਣੇ ਲਾਮ-ਲਸ਼ਕਰ ਨਾਲ ਪਹੁੰਚ ਗਏ।

ਪਹਿਲਾਂ ਉਹ ਵਾਰਡ ਵਿਚ ਆਏ। ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ। ਮਰੀਜ਼ਾਂ ਨੇ ਹਨੇਰੇ ਤੋਂ ਚਾਨਣ ਤੱਕ ਦਾ ਕਾਫ਼ੀ ਸਫ਼ਰ ਤੈਅ ਕਰ ਲਿਆ ਸੀ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਜ਼ਿੰਦਗੀ ਜਿਊਣ ਦਾ ਚਾਅ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਮੈਨੂੰ ਆਦੇਸ਼ ਮਿਲਿਆ ਕਿ ਸਾਰੇ ਮਰੀਜ਼ਾਂ ਨੂੰ ਤੁਸੀਂ ਆਪਣੇ ਦਫ਼ਤਰ ਵਿਚ ਬਿਠਾ ਲਵੋ, ਇਨ੍ਹਾਂ ਨਾਲ ਮੀਟਿੰਗ ਕਰਨੀ ਹੈ। ਸਾਰੇ ਮਰੀਜ਼ਾਂ ਨੂੰ ਦਫ਼ਤਰ ਵਿਚ ਕੁਰਸੀਆਂ 'ਤੇ ਬਿਠਾ ਦਿੱਤਾ ਗਿਆ। ਸਾਹਮਣੇ ਕੁਰਸੀ 'ਤੇ ਹੋਮ ਸੈਕਟਰੀ, ਸਾਈਡ 'ਤੇ ਡਿਪਟੀ ਕਮਿਸ਼ਨਰ, ਐੱਸਐੱਸਪੀ ਅਤੇ ਮੈਂ ਬੈਠ ਗਿਆ। ਬਾਕੀ ਅਧਿਕਾਰੀਆਂ ਨੂੰ ਨਾਲ ਲੱਗਦੇ ਕਮਰੇ ਵਿਚ ਬੈਠਣ ਲਈ ਕਿਹਾ ਗਿਆ। ਹੋਮ ਸੈਕਟਰੀ ਨੇ ਇਕੱਲੇ-ਇਕੱਲੇ ਨਸ਼ੇੜੀ ਨੂੰ ਆਪਣੇ ਬਾਰੇ ਦੱਸਣ ਲਈ ਕਿਹਾ। ਉਪਰੰਤ ਉਹ ਬਿਨਾਂ ਕਿਸੇ ਭੂਮਿਕਾ ਤੋਂ ਸਿੱਧੇ ਹੀ ਅਸਲ ਮੁੱਦੇ 'ਤੇ ਆ ਗਏ। ਉਨ੍ਹਾਂ ਨੂੰ ਸੰਬੋਧਨ ਕਰਦਿਆਂ ਹੋਮ ਸੈਕਟਰੀ ਨੇ ਕਿਹਾ, "ਪੰਜਾਬ ਨਸ਼ੇ ਕਾਰਨ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ। ਤੁਸੀਂ ਮੈਨੂੰ ਦੱਸੋ ਕਿ ਇਸ ਦੀ ਰੋਕਥਾਮ ਕਿੰਜ ਕੀਤੀ ਜਾ ਸਕਦੀ ਹੈ?" ਉਨ੍ਹਾਂ 'ਚੋਂ ਕਈ ਪੜ੍ਹੇ-ਲਿਖੇ ਸਨ ਤੇ ਨਸ਼ਿਆਂ ਦੀ ਜ਼ਮੀਨੀ ਪੱਧਰ 'ਤੇ ਸਪਲਾਈ ਤੇ ਸਰਪ੍ਰਸਤੀ ਤੋਂ ਚੰਗੀ ਤਰਾਂ ਜਾਣੂ ਸਨ।

ਉਨ੍ਹਾਂ ਵਿੱਚੋਂ ਇਕ ਨੌਜਵਾਨ ਖੜ੍ਹਾ ਹੋਇਆ ਤੇ ਬੇਖ਼ੌਫ਼ ਹੋ ਕੇ ਕਹਿਣ ਲੱਗਿਆ, "ਜੀ, ਜੇ ਤੁਸੀਂ ਨਸ਼ਾ ਖ਼ਤਮ ਕਰਨਾ ਹੈ ਤਾਂ ਪਹਿਲਾਂ ਪੁਲਿਸ ਨੂੰ ਕੰਟਰੋਲ ਕਰੋ। ਇਹ ਗੋਰਖਧੰਦਾ ਇਨ੍ਹਾਂ ਰਾਹੀਂ ਹੀ ਚੱਲਦਾ ਹੈ।" ਇਹ ਸੁਣਦਿਆਂ ਹੀ ਹੋਮ ਸੈਕਟਰੀ ਨੇ ਪੁੱਛਿਆ, ''ਇਸ ਕੰਮ ਵਿਚ ਪੁਲਿਸ ਕੀ ਕਰਦੀ ਹੈ?'' ਇਸ ਗੱਲ ਦਾ ਜਵਾਬ ਦੇਣ ਲਈ ਇਕ ਹੋਰ ਨੌਜਵਾਨ ਖੜ੍ਹਾ ਹੋਇਆ, ''ਵੇਖੋ ਜੀ, ਮੈਂ ਇਕ ਪਿੰਡ ਦਾ ਰਹਿਣ ਵਾਲਾ ਹਾਂ। ਪਿੰਡਾਂ 'ਚ ਨਸ਼ਾ ਰਿਓੜੀਆਂ ਦੀ ਤਰ੍ਹਾਂ ਵਿਕ ਰਿਹਾ ਹੈ। ਪਿੰਡ ਦੇ ਲੋਕ ਅੱਕੇ ਪਏ ਨੇ। ਉਹ ਇਕੱਠੇ ਹੋ ਕੇ ਥਾਣੇ ਵਿਚ ਜਾ ਕੇ ਨਸ਼ਾ ਵੇਚਣ ਵਾਲਿਆਂ ਦੀ ਸ਼ਿਕਾਇਤ ਕਰਦੇ ਨੇ। ਥਾਣੇਦਾਰ ਉਨ੍ਹਾਂ ਨੂੰ ਮਿੱਠੀਆਂ ਗੋਲ਼ੀਆਂ ਦੇ ਕੇ ਭੇਜ ਦਿੰਦੈ। ਨਾਲ ਹੀ ਉਨ੍ਹਾਂ ਦੇ ਨਾਂ ਤੇ ਮੋਬਾਈਲ ਨੰਬਰ ਵੀ ਇਕ ਕਾਗਜ਼ 'ਤੇ ਲਿਖ ਲੈਂਦੈ। ਲੋਕ ਹਾਲਾਂ ਪਿੰਡ ਨਹੀਂ ਪਹੁੰਚੇ ਹੁੰਦੇ ਪਰ ਪੁਲਿਸ ਵਾਲਿਆਂ ਰਾਹੀਂ ਸਾਰੀ ਸੂਚਨਾ ਪਿੰਡ ਦੇ ਤਸਕਰਾਂ ਤੱਕ ਪਹੁੰਚ ਜਾਂਦੀ ਹੈ। ਹੁਣ ਤਾਂ ਜੀ ਲੋਕਾਂ ਦਾ ਪੁਲਿਸ ਤੋਂ ਵਿਸ਼ਵਾਸ ਜਿਹਾ ਉੱਠ ਗਿਆ।"

ਹੋਮ ਸੈਕਟਰੀ ਨੇ ਚੰਡੀਗੜ੍ਹ ਜਾ ਕੇ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ। ਉਸ ਤੋਂ ਅਗਲੇ ਦਿਨ ਮੁੱਖ ਮੰਤਰੀ ਨੇ ਪੰਜਾਬ ਦੇ ਡੀਸੀਜ਼ ਅਤੇ ਪੁਲਿਸ ਮੁਖੀਆਂ ਦੀ ਹੰਗਾਮੀ ਮੀਟਿੰਗ ਸੱਦੀ। ਨਸ਼ੇ ਦਾ ਲੱਕ ਤੋੜਨ ਲਈ ਜ਼ਰੂਰੀ ਹਦਾਇਤਾਂ ਦਿੱਤੀਆਂ ਅਤੇ ਨਾਲ ਹੀ ਇਹ ਵੀ ਕਿਹਾ ਕਿ ਜਿੱਥੇ ਵੀ ਨਸ਼ੇ ਦੀ ਸਪਲਾਈ ਲਾਈਨ ਦਾ ਪਤਾ ਲੱਗੇਗਾ, ਉਸ ਇਲਾਕੇ ਦਾ ਥਾਣੇਦਾਰ ਜ਼ਿੰਮੇਵਾਰ ਹੋਵੇਗਾ। ਮੁੱਖ ਮੰਤਰੀ ਦੀ ਸਖ਼ਤੀ ਦਾ ਅਸਰ ਦੋ-ਤਿੰਨ ਮਹੀਨੇ ਰਿਹਾ। ਥਾਂ-ਥਾਂ ਨਾਕੇ ਵੀ ਲੱਗੇ। ਤਸਕਰਾਂ ਦੇ ਘਰਾਂ ਦੀ ਤਲਾਸ਼ੀ ਵੀ ਲਈ ਗਈ। ਜਾਇਜ਼- ਨਾਜਾਇਜ਼ ਕੇਸਾਂ ਨਾਲ ਰੋਜ਼ਨਾਮਚਾ ਵੀ ਭਰਿਆ ਗਿਆ। ਫੜੇ ਗਏ ਮੁਜਰਮਾਂ ਵਿਚ ਨਸ਼ਾ ਕਰਨ ਵਾਲੇ ਜ਼ਿਆਦਾ ਅਤੇ ਪ੍ਰਚੂਨ ਵਿਚ ਨਸ਼ਾ ਵੇਚਣ ਵਾਲੇ ਥੋੜ੍ਹੇ ਸਨ। ਪਰ ਨਸ਼ੇ ਦੇ ਵੱਡੇ ਸੌਦਾਗਰ ਪੁਲਿਸ ਦੀ ਪਕੜ ਤੋਂ ਦੂਰ ਰਹੇ। ਦਰਅਸਲ, ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ, ਚੌਕੀਦਾਰ ਦੀ ਅੱਖ ਚੋਰਾਂ ਨਾਲ ਮਿਲ ਜਾਵੇ, ਮਾਲੀ ਮਹਿਕਾਂ ਦੀ ਪੱਤ ਰੋਲਣ ਵਾਲਿਆਂ ਨਾਲ ਖੜ੍ਹ ਜਾਵੇ, ਫਿਰ ਭਲਾ ਦੇਸ਼-ਪ੍ਰਾਂਤ ਅਤੇ ਕੌਮ ਦੀ ਖ਼ੁਸ਼ਹਾਲੀ ਦੇ ਸੁਪਨਿਆਂ ਨੂੰ ਖੰਡਰਾਤ ਵਿਚ ਬਦਲਣ ਤੋਂ ਕੌਣ ਰੋਕ ਸਕਦਾ ਹੈ? ਨਸ਼ਿਆਂ ਕਾਰਨ ਮੰਦਹਾਲੀ ਦਾ ਜੀਵਨ ਬਤੀਤ ਕਰ ਰਹੇ ਬੇਵੱਸ ਮਾਪੇ ਕਦੇ ਖ਼ੁਦ ਨਾਲ, ਕਦੇ ਖ਼ੁਦਾ ਨਾਲ ਲੜਾਈ ਕਰਦੇ ਹੋਏ ਆਪਣੇ-ਆਪ ਨੂੰ ਨਾ ਜਿਉਂਦਿਆਂ ਵਿਚ ਸਮਝਦੇ ਹਨ ਅਤੇ ਨਾ ਹੀ ਮਰਿਆਂ ਵਿਚ। ਸਰਕਾਰ ਬਦਲ ਗਈ ਹੈ ਪਰ ਨਸ਼ੇ ਦੇ ਤਸਕਰਾਂ, ਪੁਲਿਸ ਦੀਆਂ ਕੁਝ ਕਾਲੀਆਂ ਭੇਡਾਂ ਅਤੇ ਕੁਝ ਸਿਆਸਤਦਾਨਾਂ ਦੇ ਆਪਸੀ ਗੱਠਜੋੜ ਨੂੰ ਅਲੱਗ ਕਰਨ ਵਿਚ ਸਫਲ ਨਹੀਂ ਹੋ ਸਕੀ। ਸੰਨ 2022 ਵਿਚ ਮਾਨ ਸਰਕਾਰ ਹੋਂਦ ਵਿਚ ਆ ਗਈ। ਤਿੰਨ ਮਹੀਨਿਆਂ ਅੰਦਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਸਿਸਕ ਰਿਹਾ ਹੈ। ਦੁਖਾਂਤਕ ਪਹਿਲੂ ਇਹ ਵੀ ਹੈ ਕਿ ਨਸ਼ਿਆਂ ਦੀ ਮਹਾਮਾਰੀ ਦਾ ਸੇਕ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਤੱਕ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੇ ਲੋਕਾਂ ਦੇ ਘਰਾਂ ਤੱਕ ਪੁੱਜ ਗਿਆ ਹੈ। ਅੰਦਾਜ਼ਨ 40 ਲੱਖ ਪਰਿਵਾਰਾਂ ਵਿੱਚੋਂ ਕੋਈ ਵਿਰਲਾ ਪਰਿਵਾਰ ਹੀ ਹੋਵੇਗਾ ਜੋ ਇਸ ਮਾਰੂ ਕਹਿਰ ਦੇ ਸੰਤਾਪ ਤੋਂ ਬਚਿਆ ਹੋਵੇ। ਅੰਦਾਜ਼ਨ 13 ਕਰੋੜ ਦੀ ਰੋਜ਼ਾਨਾ ਸ਼ਰਾਬ, 13.70 ਕਰੋੜ ਦਾ ਚਿੱਟਾ ਅਤੇ 62.50 ਕਰੋੜ ਪਰਵਾਸ ਦੇ ਲੇਖੇ ਲੱਗ ਰਿਹਾ ਹੈ। ਇਹੋ ਜਿਹੇ ਸੋਗੀ ਮਾਹੌਲ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦਾ ਆਪਣੀ ਜਨਮ ਭੂਮੀ, ਮਾਪਿਆਂ ਅਤੇ ਪ੍ਰਾਂਤ ਨੂੰ ਸਟੱਡੀ ਵੀਜ਼ੇ ਦੇ ਓਹਲੇ ਅਲਵਿਦਾ ਕਹਿਣ ਨਾਲ ਪ੍ਰਾਂਤ ਦੀ ਬੌਧਿਕਤਾ, ਹੁਨਰ, ਮਨੁੱਖੀ ਸ਼ਕਤੀ ਅਤੇ ਆਰਥਿਕਤਾ ਬਹੁਪਰਤੀ ਸੰਕਟ ਵਿੱਚੋਂ ਗੁਜ਼ਰ ਰਹੀ ਹੈ।

ਇਸ ਵੇਲੇ ਪੰਜਾਬ ਬਹੁਪੱਖੀ ਅਤੇ ਬਹੁਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਜਿੱਥੇ ਚਿੱਟੇ ਦੇ ਅੱਤਵਾਦ ਨੇ ਸਿਵਿਆਂ ਦੀ ਭੀੜ ਵਿਚ ਢੇਰ ਵਾਧਾ ਕੀਤਾ ਹੈ, ਉੱਥੇ ਹੀ ਰੋਜ਼ਾਨਾ ਔਸਤਨ 2 ਕਤਲ (ਖ਼ੁਦਕਸ਼ੀਆਂ ਵੱਖਰੀਆਂ) ਦੋ ਕਾਤਲਾਨਾ ਹਮਲੇ, 11 ਚੋਰੀ ਦੀਆਂ ਵਾਰਦਾਤਾਂ, ਸਟਰੀਟ ਕਰਾਈਮ, ਫਿਰੌਤੀਆਂ ਅਤੇ ਕਤਲ ਦਾ ਰੁਝਾਨ, 2 ਦਿਨਾਂ 'ਚ 5 ਬਲਾਤਕਾਰ, ਦੋ ਦਿਨਾਂ 'ਚ 7 ਝਪਟਮਾਰੀਆਂ ਹੋਣਾ, ਅੰਦਾਜ਼ਨ 19 ਮਾਪਿਆਂ ਵੱਲੋਂ ਆਪਣੇ ਪੁੱਤਰਾਂ ਨੂੰ ਬੇਦਖ਼ਲ ਕਰਨਾ, 16 ਦੁਰਘਟਨਾਵਾਂ ਤੇ ਹਰ ਰੋਜ਼ 15 -16 ਤਲਾਕਾਂ ਦੇ ਕੇਸ ਦਰਜ ਹੋਣ ਦੇ ਨਾਲ-ਨਾਲ ਨਸ਼ਿਆਂ ਦੀ ਮਹਾਮਾਰੀ ਕਾਰਨ 16 ਔਰਤਾਂ ਵਿਧਵਾ ਹੋ ਕੇ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਅਜਿਹੀ ਸਥਿਤੀ 'ਚ ਸਮਾਜ ਬਿਮਾਰ ਹੈ ਤੇ ਬਿਮਾਰ ਸਮਾਜ ਦੇ ਚਿਹਰੇ 'ਤੇ ਉਦਾਸੀ ਦੀ ਧੂੜ ਜੰਮੀ ਪਈ ਹੈ। ਭਲਾ ਜੇ ਪੰਜਾਬ ਦੇ ਵਿਹੜੇ ਸੁੱਖ ਹੁੰਦੀ ਫਿਰ ਹਵਾਈ ਅੱਡਿਆਂ 'ਤੇ ਇੰਨ੍ਹੀ ਭੀੜ ਨਹੀਂ ਸੀ ਹੋਣੀ। ਪੰਜਾਬ ਦੇ ਮੁੱਖ ਮੰਤਰੀ ਨੇ ਪਿਛਲੇ ਦਿਨੀਂ ਜ਼ਿਲ੍ਹਾ ਪੁਲਿਸ ਮੁਖੀਆਂ, ਪੁਲਿਸ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਕਰ ਕੇ ਸਖ਼ਤ ਸੁਨੇਹਾ ਦਿੱਤਾ ਹੈ ਕਿ ਨਸ਼ਾਖੋਰੀ ਤੇ ਰਿਸ਼ਵਤਖੋਰੀ ਦੇ ਸਬੰਧ 'ਚ ਜੇ ਕਿਸੇ ਵੀ ਕਰਮਚਾਰੀ/ਅਧਿਕਾਰੀ ਦੀ ਮਿਲੀਭੁਗਤ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ।

# ਸੁੰਦਰਤਾ-ਤੰਦਰੁਸਤੀ ਖੇਤਰ ਰੁਜ਼ਗਾਰਯੋਗਤਾ ਨੂੰ ਵਧਾ ਰਿਹਾ ਹੈ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਰਣਨੀਤਕ ਤੌਰ 'ਤੇ ਇਸ ਸੈਕਟਰ ਦਾ ਪਾਲਣ ਪੋਸ਼ਣ ਕਰਕੇ, ਭਾਰਤ ਘਰੇਲੂ ਅਤੇ ਵਿਸ਼ਵ ਪੱਧਰ 'ਤੇ ਉੱਤਮਤਾ ਲਈ ਤਿਆਰ ਇੱਕ ਮਜ਼ਬੂਤ ਕਾਰਜਬਲ ਬਣਾਉਣ ਲਈ ਆਪਣੇ ਜਨਸੰਖਿਆ ਲਾਭ ਦਾ ਲਾਭ ਉਠਾ ਸਕਦਾ ਹੈ। ਆਓ ਅਸੀਂ ਆਪਣੇ ਹਰ ਕੰਮ ਨਾਲ ਬਹੁਤ ਜ਼ਿਆਦਾ ਦੂਰ ਨਾ ਹੋਈਏ। ਸਾਡੀਆਂ ਰਣਨੀਤੀਆਂ 'ਤੇ ਨਿਯਮਿਤ ਤੌਰ 'ਤੇ ਵਿਚਾਰ ਕਰਨਾ ਅਤੇ ਨਤੀਜਿਆਂ ਦਾ ਚੰਗੀ ਤਰ੍ਹਾਂ ਮੁਲਾਂਕਣ ਕਰਨਾ ਮਹੱਤਵਪੂਰਨ ਹੈ। ਇੱਕ ਨਿਰਪੱਖ ਮੁਲਾਂਕਣ ਸਾਡੇ ਲਈ ਚੀਜ਼ਾਂ ਨੂੰ ਬਹੁਤ ਸੌਖਾ ਬਣਾਉਂਦਾ ਹੈ। ਹੁਨਰ ਵਿਕਾਸ ਦੇ ਖੇਤਰ ਵਿੱਚ, ਕਾਰਵਾਈ ਕਰਨਾ, ਇਕਸਾਰਤਾ ਬਣਾਈ ਰੱਖਣਾ, ਅਤੇ ਰੁਟੀਨ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ। ਜਨਸੰਖਿਆ ਦੇ ਲਾਭ ਦਾ ਲਾਭ ਉਠਾਉਣ ਲਈ ਸਿਰਫ਼ ਇੱਕ ਖੇਡ ਹੋਣ ਦੀ ਬਜਾਏ ਗੰਭੀਰ ਯੋਜਨਾਬੰਦੀ ਦੀ ਲੋੜ ਹੁੰਦੀ ਹੈ। ਇਸ ਵਿੱਚ ਸਾਡੀ ਨੌਜਵਾਨ ਆਬਾਦੀ ਨੂੰ ਹੁਨਰ ਪ੍ਰਦਾਨ ਕਰਨ ਲਈ ਸਮਰੱਥਾ ਬਣਾਉਣਾ, ਬੁਨਿਆਦੀ ਢਾਂਚਾ ਤਿਆਰ ਕਰਨਾ ਅਤੇ ਮਨੁੱਖੀ ਸ਼ਕਤੀ ਨੂੰ ਤਿਆਰ ਕਰਨਾ ਸ਼ਾਮਲ ਹੈ, ਜਿਸ ਨਾਲ ਉਨ੍ਹਾਂ ਨੂੰ ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੁਜ਼ਗਾਰ ਲੱਭਣ ਦੇ ਯੋਗ ਬਣਾਇਆ ਜਾ ਸਕਦਾ ਹੈ। ਇੰਡੀਆ ਸਕਿੱਲ ਰਿਪੋਰਟ ਔਰਤਾਂ ਲਈ ਰੁਜ਼ਗਾਰ ਯੋਗਤਾ ਵਿੱਚ 52।8% ਅਤੇ ਮਰਦਾਂ ਲਈ 47।2% ਵਾਧਾ ਦਰਸਾਉਂਦੀ ਹੈ। ਔਰਤਾਂ ਨੇ ਰੁਜ਼ਗਾਰ ਦੇ ਮਾਮਲੇ ਵਿੱਚ ਮਰਦਾਂ ਨੂੰ ਪਛਾੜ ਦਿੱਤਾ ਹੈ, ਖਾਸ ਤੌਰ 'ਤੇ ਨਰਸਿੰਗ, ਸੁੰਦਰਤਾ ਅਤੇ ਤੰਦਰੁਸਤੀ, ਅਤੇ ਹੋਰ ਨਰਮ ਹੁਨਰਾਂ ਵਿੱਚ, ਜਿਨ੍ਹਾਂ ਨੇ ਕੋਵਿਡ ਤੋਂ ਬਾਅਦ ਦੇ ਯੁੱਗ ਵਿੱਚ ਔਰਤਾਂ ਵਿੱਚ ਸਭ ਤੋਂ ਵੱਧ ਰੁਜ਼ਗਾਰ ਦਰਾਂ ਦਿਖਾਈਆਂ ਹਨ। ਸੁੰਦਰਤਾ ਅਤੇ ਤੰਦਰੁਸਤੀ ਖੇਤਰ ਨਾ ਸਿਰਫ਼ ਔਰਤਾਂ ਲਈ ਸਗੋਂ ਮਰਦਾਂ ਲਈ ਵੀ ਘਰੇਲੂ ਅਤੇ ਗਲੋਬਲ ਬਾਜ਼ਾਰਾਂ ਵਿੱਚ ਵਿਸ਼ਾਲ ਸੰਭਾਵਨਾਵਾਂ ਰੱਖਦਾ ਹੈ। ਖੇਤਰ ਦੇ ਬੇਮਿਸਾਲ ਵਿਕਾਸ ਦੇ ਨਤੀਜੇ ਵਜੋਂ ਦੇਸ਼ ਵਿੱਚ ਅਰਧ-ਹੁਨਰਮੰਦ ਅਤੇ ਹੁਨਰਮੰਦ ਪੇਸ਼ੇਵਰਾਂ ਦੀ ਮਹੱਤਵਪੂਰਨ ਮੰਗ ਹੋਈ ਹੈ। ਵਰਤਮਾਨ ਵਿੱਚ, ਸੁੰਦਰਤਾ ਅਤੇ ਤੰਦਰੁਸਤੀ ਖੇਤਰ ਲਗਭਗ 12।3 ਮਿਲੀਅਨ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ, ਜਿਨ੍ਹਾਂ ਵਿੱਚੋਂ 66% ਔਰਤਾਂ ਹਨ ਅਤੇ ਇੱਕ ਮਹੱਤਵਪੂਰਨ ਹਿੱਸਾ ਨਾ ਸਿਰਫ਼ ਹੇਠਲੇ ਸਮਾਜਿਕ-ਆਰਥਿਕ ਪਿਛੋਕੜਾਂ ਤੋਂ ਹੈ, ਸਗੋਂ ਬਹੁਤ ਸਾਰੇ ਚਾਹਵਾਨ ਚੰਗੇ ਪੜ੍ਹੇ-ਲਿਖੇ ਪਰਿਵਾਰਾਂ ਤੋਂ ਹਨ। ਇਹ ਅਨੁਮਾਨ ਲਗਾਇਆ ਗਿਆ ਹੈ ਕਿ 2027 ਤੱਕ, ਭਾਰਤੀ ਸੁੰਦਰਤਾ ਅਤੇ ਤੰਦਰੁਸਤੀ ਖੇਤਰ ਲਗਭਗ 20।3 ਮਿਲੀਅਨ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ। ਦਿਲਚਸਪ ਗੱਲ ਇਹ ਹੈ ਕਿ ਸੁੰਦਰਤਾ ਅਤੇ ਤੰਦਰੁਸਤੀ ਦੇ ਖੇਤਰ ਵਿੱਚ ਲਗਭਗ 44% ਕਰਮਚਾਰੀਆਂ ਕੋਲ ਤਕਨੀਕੀ ਸਿਖਲਾਈ ਤੱਕ ਸੀਮਤ ਪਹੁੰਚ ਦੇ ਨਾਲ ਸੈਕੰਡਰੀ ਸਿੱਖਿਆ ਦੇ ਬਰਾਬਰ ਜਾਂ ਇਸ ਤੋਂ ਘੱਟ ਵਿਦਿਅਕ ਯੋਗਤਾਵਾਂ ਹਨ। ਵਿਸ਼ੇਸ਼ ਤੌਰ 'ਤੇ ਸੈਲੂਨ ਸੇਵਾਵਾਂ, ਸੁੰਦਰਤਾ, ਤੰਦਰੁਸਤੀ, ਪੋਸ਼ਣ, ਅਤੇ ਯੋਗਾ ਵਰਗੇ ਖੇਤਰਾਂ ਵਿੱਚ ਵੋਕੇਸ਼ਨਲ ਸਿੱਖਿਆ ਨੂੰ ਵਧੇਰੇ ਅਪਣਾਉਣ ਦੇ ਮੌਕੇ ਹਨ, ਜੋ ਕਿ ਵੋਕੇਸ਼ਨਲ ਸਿੱਖਿਆ ਦੀ ਵੱਧਦੀ ਸਵੀਕ੍ਰਿਤੀ ਨੂੰ ਦਰਸਾ ਰਹੇ ਹਨ। ਇਸ ਤੋਂ ਇਲਾਵਾ, ਪੋਸ਼ਣ ਸੰਬੰਧੀ ਸਲਾਹ, ਫਿਟਨੈਸ ਕੋਚਿੰਗ, ਅਤੇ ਨਿਊਟਰਾਸਿਊਟਿਕਲ ਵਰਗੀਆਂ ਸੇਵਾਵਾਂ ਦੀ ਵਧਦੀ ਮੰਗ ਦੇ ਨਤੀਜੇ ਵਜੋਂ ਨਵੇਂ ਅਤੇ ਵਿਭਿੰਨ ਕਰੀਅਰ ਦੇ ਮੌਕੇ ਪੈਦਾ ਹੋਏ ਹਨ ਜੋ ਨੌਜਵਾਨ ਵਿਅਕਤੀਆਂ ਦੁਆਰਾ ਅਪਣਾਏ ਜਾ ਸਕਦੇ ਹਨ, ਜਿਨ੍ਹਾਂ ਨੂੰ ਸੁੰਦਰਤਾ ਅਤੇ ਤੰਦਰੁਸਤੀ ਵਿੱਚ ਹੁਨਰ ਵਧਾਉਣ ਅਤੇ ਕਿੱਤਾਮੁਖੀ ਸਿੱਖਿਆ ਦੀ ਲੋੜ ਹੁੰਦੀ ਹੈ। ਦੇਸ਼ ਵਿੱਚ ਸੁੰਦਰਤਾ ਅਤੇ ਤੰਦਰੁਸਤੀ ਉਦਯੋਗ ਸੰਯੁਕਤ ਰਾਜ ਅਤੇ ਯੂਰਪ ਦੇ ਬਾਜ਼ਾਰਾਂ ਨਾਲੋਂ ਦੁੱਗਣੀ ਰਫਤਾਰ ਨਾਲ, ਤੇਜ਼ੀ ਨਾਲ ਵਿਕਾਸ ਦਾ ਅਨੁਭਵ ਕਰ ਰਿਹਾ ਹੈ। ਉਦਯੋਗ ਦੇ ਸੰਬੰਧ ਵਿੱਚ ਵਧੀ ਹੋਈ ਖਪਤਕਾਰਾਂ ਦੀ ਜਾਗਰੂਕਤਾ ਅਤੇ ਇੱਛਾਵਾਂ ਨੇ ਸੁੰਦਰਤਾ ਅਤੇ ਤੰਦਰੁਸਤੀ ਉਤਪਾਦਾਂ ਅਤੇ ਸੇਵਾਵਾਂ 'ਤੇ ਖਰਚ ਵਧਾਇਆ ਹੈ। ਇੰਡੀਅਨ ਬਿਊਟੀ ਐਂਡ ਹਾਈਜੀਨ ਐਸੋਸੀਏਸ਼ਨ ਦੇ ਅਨੁਸਾਰ, ਸੁੰਦਰਤਾ ਅਤੇ ਨਿੱਜੀ ਦੇਖਭਾਲ 'ਤੇ ਪ੍ਰਤੀ ਵਿਅਕਤੀ ਖਰਚ 2017 ਵਿੱਚ ਲਗਭਗ 450 ਰੁਪਏ ਪ੍ਰਤੀ ਸਾਲ ਤੋਂ ਵਧ ਕੇ 2022 ਵਿੱਚ 684 ਰੁਪਏ ਅਤੇ 2025 ਵਿੱਚ 772 ਰੁਪਏ ਹੋ ਗਿਆ ਹੈ। ਜਦੋਂ ਕਿ ਗਲੋਬਲ ਸੁੰਦਰਤਾ ਅਤੇ ਤੰਦਰੁਸਤੀ ਖੇਤਰ ਨੇ 2018 ਅਤੇ 2023 ਦੇ ਵਿਚਕਾਰ 17।60% ਦੀ ਮਿਸ਼ਰਿਤ ਸਾਲਾਨਾ ਵਿਕਾਸ ਦਰ ਨਾਲ ਵਾਧਾ ਕੀਤਾ, ਭਾਰਤੀ ਸੈਕਟਰ ਨੇ ਇਸੇ ਮਿਆਦ ਦੇ ਦੌਰਾਨ 18।40% ਦੀ ਇੱਕ ਹੋਰ ਉੱਚ ਵਿਕਾਸ ਦਰ ਦਾ ਅਨੁਭਵ ਕੀਤਾ, ਜੋ ਕਿ ਇੱਕ ਵਧ ਰਹੇ ਅਮੀਰ ਅਤੇ ਮੱਧ- ਵਰਗ ਦੀ ਆਬਾਦੀ ਅਤੇ ਦੇਸ਼ ਵਿੱਚ ਵਧੀ ਹੋਈ ਸੰਗਠਿਤ ਪ੍ਰਚੂਨ ਮੌਜੂਦਗੀ। ਇਸ ਸੈਕਟਰ ਦੇ ਲਗਭਗ 2,77,000 ਕਰੋੜ ਰੁਪਏ ਤੱਕ ਪਹੁੰਚਣ ਦੀ ਉਮੀਦ ਹੈ2025, 2018 ਵਿੱਚ 92,000 ਕਰੋੜ ਰੁਪਏ ਤੋਂ 23% ਵਾਧਾ ਦਰਸਾਉਂਦਾ ਹੈ। ਔਰਤ ਉੱਦਮਤਾ ਨੂੰ ਉਤਸ਼ਾਹਿਤ ਕਰੋ: ਭਾਰਤ ਵਿੱਚ ਔਰਤ ਉੱਦਮਤਾ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ, ਕਿਉਂਕਿ ਮੌਜੂਦਾ ਪੱਧਰ ਬਹੁਤ ਨੀਵਾਂ ਹੈ, ਹਰ ਪੰਜ ਉੱਦਮੀਆਂ ਵਿੱਚੋਂ ਸ਼ਾਇਦ ਹੀ ਇੱਕ ਔਰਤ ਹੋਵੇ। ਸੁੰਦਰਤਾ ਅਤੇ ਤੰਦਰੁਸਤੀ ਖੇਤਰ ਔਰਤਾਂ ਲਈ ਰੁਜ਼ਗਾਰ ਅਤੇ ਉੱਦਮਤਾ ਦੇ ਬੇਮਿਸਾਲ ਮੌਕੇ ਪੇਸ਼ ਕਰਦਾ ਹੈ। ਇਸ ਲਈ, ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਉੱਦਮੀ ਸਿੱਖਿਆ, ਸਿਖਲਾਈ ਪਹਿਲਕਦਮੀਆਂ, ਅਤੇ ਵਿੱਤੀ ਸਹਾਇਤਾ ਦੁਆਰਾ ਇਸ ਖੇਤਰ ਵਿੱਚ ਔਰਤਾਂ ਲਈ ਸਰਗਰਮੀ ਨਾਲ ਉੱਦਮਤਾ ਅਤੇ ਸਵੈ-ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਦੀ ਤੁਰੰਤ ਲੋੜ ਹੈ, ਜਿਸ ਨਾਲ ਉਹਨਾਂ ਨੂੰ ਆਪਣੇ ਕਾਰੋਬਾਰਾਂ ਨੂੰ ਉੱਚਾ ਚੁੱਕਣ ਦੇ ਯੋਗ ਬਣਾਇਆ ਜਾ ਸਕੇ। ਮਹਿਲਾ ਉੱਦਮੀਆਂ ਦਾ ਸਮਰਥਨ ਕਰਨ ਲਈ, ਸੈਕਟਰ ਵਿੱਚ ਨਵੀਨਤਾਕਾਰੀ ਸਟਾਰਟ-ਅੱਪ ਗਤੀਵਿਧੀਆਂ ਨੂੰ ਵਿਕਸਤ ਕਰਨ ਲਈ ਐਨ ਐਸ ਡੀ ਸੀ, ਉਦਯੋਗਾਂ ਅਤੇ ਦੂਤ ਨਿਵੇਸ਼ਕਾਂ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਫੰਡ

(ਬਾਕੀ ਸਫਾ 9 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇਜੋਲੇਲੋ ਕਰੇਮੋਨਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੋਤੀ ਜੋਤਿ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

## ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਜਦਾ ਕਰਨ ਦੇ ਨਾਲ-ਨਾਲ ਬਾਣੀ ਤੇ ਅਮਲ ਕਰਨ ਦੀ ਵੀ ਜਰੂਰੀ- ਭੁੱਟੋ ਕੁਮਾਰ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਕਪੈਲਾ ਪਿਚਨਾਰਦੀ ਇਜੋਲੇਲੋ ਕਰੇਮੋਨਾ ਵਲੋ ਸਮੂੰਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੋਤੀ ਜੋਤਿ ਦਿਵਸ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਵਿਸ਼ਾਲ ਸਮਾਗਮ ਵਿਚ "ਸ੍ਰੀ ਸੁਖਮਣੀ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਵਿਚ ਸ੍ਰੀ ਭੁੱਟੋ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ ਨੇ ਉਚੇਚੇ ਤੌਰ ਤੇ ਸਿਰਕਤ ਕੀਤੀ।ਇਸ ਸਮਾਗਮ ਨੂੰ ਪ੍ਰਧਾਨ ਸ੍ਰੀ ਰਜਿੰਦਰਪਾਲ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪੂਰਾ ਜੀਵਨ ਮਨੁਖਤਾ ਦੀ ਭਲਾਈ ਹਿੱਤ ਸਮਰਪਿਤ ਸੀ। ਸ੍ਰੀ ਭੁੱਟੋ ਕੁਮਾਰ ਨੇ ਕਿਹਾ ਕਿ ਜਿਥੇ ਗੁਰੂ ਗਰੰਥ ਸਾਹਿਬ ਜੀ ਨੂੰ ਅਸੀ ਸਤਿਕਾਰ ਵਜੋ ਸੀਸ ਝੁਕਾਉਦੇ ਹਾਂ, ਉਨਾਂ ਨੂੰ ਸਿਜਦਾ ਕਰਨ ਦੇ ਨਾਲ ਨਾਲ ਉਸ ਵਿਚ ਦਰਜ ਅਨਮੋਲ ਪਵਿੱਤਰ ਬਾਣੀ ਤੇ ਅਮਲ ਕਰਨਾ ਵੀ ਜਰੂਰੀ ਹੈ।





ਗੁਰੂ ਰਵਿਦਾਸ ਮਹਾਰਾਜ ਜੀ ਇਕ ਮਹਾਨ ਕ੍ਰਾਤੀਕਾਰੀ ਰਹਿਬਰ ਸਨ, ਜਿਨਾਂ ਦੀ ਬਾਣੀ ਦਾ ਇਕ ਇਕ ਸ਼ਬਦ ਸਮੁੱਚੀ ਮਨੁੱਖਤਾਂ ਦੇ ਭਲੇ ਹਿੱਤ ਹੈ।ਅੱਜ ਸਾਨੂੰ ਉਨ੍ਹਾਂ ਵਲੋ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ । ਗਿਆਨੀ ਹਰਮਿੰਦਰ ਸਿੰਘ ਹਾਰਟਾ ਦੇ ਕੀਰਤਨੀ ਜਥੇ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਰਸਭਿਨੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਆਈਆਂ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ।

# ਜਲੰਧਰ ਪੱਛਮੀ ਵਿਧਾਨ ਸਭਾ ਉਪ ਚੋਣ ਲਈ ਬਸਪਾ ਵੱਲੋਂ 32 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ - ਜਸਵੀਰ ਸਿੰਘ ਗੜ੍ਹੀ

**ਫਗਵਾੜਾ (ਬੀ.ਕੇ.ਰੱਤੂ)-** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਪ੍ਰੈਸ ਨੋਟ ਰਾਹੀਂ ਜਲੰਧਰ ਵਿਧਾਨ ਸਭਾ ਪੱਛਮੀ ਤੇ ਉਪ ਚੋਣ ਲਈ ਚੋਣ-ਕਮਿਸ਼ਨ ਨੂੰ ਭੇਜੇ ਗਏ 32 ਸਟਾਰ ਪ੍ਰਚਾਰਕਾਂ ਦੀ ਸੂਚੀ ਪ੍ਰੈਸ ਨਾਲ ਸਾਂਝੀ ਕੀਤੀ ਹੈ ਜਿਸ ਵਿੱਚ ਮੁੱਖ ਤੌਰ ਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਭੈਣ ਕੁਮਾਰੀ ਮਾਇਆਵਤੀ ਜੀ, ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਕੋਆਰਡੀਨੇਟਰ ਸ਼੍ਰੀ ਆਕਾਸ਼ ਆਨੰਦ ਜੀ, ਕੇਂਦਰੀ ਕੋਆਰਡੀਨੇਟਰ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਤੇ ਸ਼੍ਰੀ ਵਿਪੁਲ ਕੁਮਾਰ, ਸੂਬਾ ਪ੍ਰਧਾਨ ਜਸਵੀਰ ਸਿੰਘ ਗੜੀ, ਵਿਧਾਇਕ ਡਾ. ਨਛੱਤਰ ਪਾਲ, ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਗੁਰਲਾਲ ਸੈਲਾ, ਗੁਰਨਾਮ ਚੌਧਰੀ, ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਚਮਕੌਰ ਸਿੰਘ ਵੀਰ, ਇ. ਜਸਵੰਤ ਰਾਏ, ਠੇਕੇਦਾਰ ਰਜਿੰਦਰ ਸਿੰਘ, ਤੀਰਥ ਰਾਜਪੁਰਾ, ਦਿਲਬਾਗ ਚੰਦ ਮਹਿੰਦੀਪੁਰ, ਮਾ. ਓਮ ਪ੍ਰਕਾਸ਼ ਸਰੋਏ, ਲਾਲ ਸਿੰਘ ਸਲਹਾਣੀ, ਐਡਵੋਕੇਟ ਰਣਜੀਤ ਕੁਮਾਰ, ਤਰਸੇਮ ਥਾਪਰ, ਅਮਰਜੀਤ ਝਲੂਰ, ਡਾ ਮੱਖਣ ਸਿੰਘ, ਜੋਗਿੰਦਰ ਪਾਲ ਭਗਤ, ਰਾਕੇਸ਼ ਕੁਮਾਰ ਦਾਤਾਰਪੁਰੀ, ਹਰਿੰਦਰ ਸ਼ੀਤਲ, ਜਗਦੀਸ਼ ਦੀਸ਼ਾ, ਲੇਖਰਾਜ ਜਮਾਲਪੁਰੀ, ਜਗਦੀਸ਼ ਸ਼ੇਰਪੁਰੀ, ਪਰਮਜੀਤ ਮੱਲ, ਦਲਜੀਤ ਰਾਏ ਅਤੇ ਪ੍ਰਵੀਨ ਬੰਗਾ ਸ਼ਾਮਿਲ ਹਨ।



ਸ. ਗੜੀ ਨੇ ਕਿਹਾ ਕਿ ਕਾਂਗਰਸ ਤੇ ਆਪ ਪਾਰਟੀ ਦੇ ਇੰਡੀਆ ਗੱਠਜੋੜ ਰਾਹੀਂ ਦੇਸ਼ ਦੇ ਦਲਿਤ ਪਛੜੇ ਵਰਗਾਂ ਤੇ ਘੱਟ ਗਿਣਤੀ ਵਰਗਾਂ ਨੂੰ ਸੰਵਿਧਾਨ ਬਚਾਉਣ ਦੇ ਮੁੱਦੇ ਤੇ ਗੁਮਰਾਹ ਕਰਕੇ ਕਮਜੋਰ ਵਰਗਾਂ ਦੀਆਂ ਵੋਟਾਂ ਤਾਂ ਬਟੋਰੀਆਂ ਹਨ ਪ੍ਰੰਤੂ ਕਮਜੋਰ ਵਰਗਾਂ ਦੇ ਸੰਵਿਧਾਨਿਕ ਹੱਕਾਂ ਅਧਿਕਾਰਾਂ ਨੂੰ ਹਮੇਸ਼ਾ ਅਣਗੌਲਿਆ ਕੀਤਾ ਹੈ। ਜਿਸਦੀ ਤਾਜ਼ਾ ਉਦਾਹਰਨ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਦਲਿਤ ਮਲਿਕਾਅਰਜਨ ਖੜ੍ਹਗੇ ਨੂੰ ਅਣਗੌਲਿਆ ਕਰਕੇ ਬੀਬੀ ਸੋਨੀਆ ਗਾਂਧੀ ਨੂੰ ਅੱਗੇ ਕੀਤਾ ਹੈ।







ਸ਼੍ਰੀ ਖੜਗੇ ਅਤੇ ਹੋਰ ਦਲਿਤ ਪਿਛੜੇ ਆਗੂਆਂ ਦੇ ਨਾਮ ਤੇ ਕਮਜੋਰ ਵਰਗਾਂ ਦੀਆਂ ਵੋਟਾਂ ਨੂੰ ਝੂਠੇ ਲਾਰੇ ਵਾਅਦੇ ਲਾਕੇ ਕਾਂਗਰਸ ਪਾਰਟੀ ਹਮੇਸ਼ਾ ਲੁੱਟਦੀ ਰਹੀ ਹੈ। ਇਹੀ ਕੰਮ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਕਰ ਰਹੀ। ਬਹੁਜਨ ਸਮਾਜ ਪਾਰਟੀ ਕਾਂਗਰਸ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਉਪ ਚੋਣ ਵਿੱਚ ਸਬਕ ਸਿਖਾਉਣ ਦਾ ਕੰਮ ਕਰੇਗੀ।

# ਡੀ.ਆਈ.ਜੀ ਹਰਚਰਨ ਸਿੰਘ ਭੁੱਲਰ ਵੱਲੋਂ ਜ਼ਿਲ੍ਹਾ ਸੰਗਰੂਰ ਵਿੱਚ ਨਸ਼ਿਆਂ ਨੂੰ ਮੁਕੰਮਲ ਠੱਲ੍ਹ ਪਾਉਣ ਲਈ 'ਮਿਸ਼ਨ ਸਹਿਯੋਗ' ਨੂੰ ਸਫ਼ਲ ਬਣਾਉਣ ਦਾ ਸੱਦਾ

**ਸੰਗਰੂਰ, (ਦਲਜੀਤ ਕੌਰ)** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਿਆਂ ਤੋਂ ਮੁਕੰਮਲ ਤੌਰ ਉੱਤੇ ਮੁਕਤ ਕਰਨ ਲਈ ਪੰਜਾਬ ਪੁਲਿਸ ਤੇ ਪ੍ਰਸ਼ਾਸਨ ਵਲੋਂ ਆਰੰਭ ਕੀਤੇ ਮਿਸ਼ਨ ਸਹਿਯੋਗ ਨੂੰ ਜ਼ਿਲ੍ਹਾ ਸੰਗਰੂਰ ਵਿੱਚ ਸਫਲ ਬਣਾਉਣ ਦਾ ਸੱਦਾ ਦਿੰਦਿਆਂ ਡੀ.ਆਈ.ਜੀ. ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਨਸ਼ਿਆਂ ਖਿਲਾਫ ਲੜਾਈ ਵਿੱਚ ਸਮੂਹ ਨਾਗਰਿਕਾਂ ਦੇ ਸਰਗਰਮ ਸਹਿਯੋਗ ਦੀ ਲੋੜ ਹੈ।

ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਜ਼ਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਦੀ ਮੌਜੂਦਗੀ ਵਿਚ ਮਿਸ਼ਨ ਸਹਿਯੋਗ ਤਹਿਤ ਪੁਲਿਸ ਪਬਲਿਕ ਕੋ- ਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡੀ।ਆਈ।ਜੀ ਨੇ ਕਿਹਾ ਕਿ ਇਹ ਮਹਿਜ਼ ਇੱਕ ਪ੍ਰੋਗਰਾਮ ਨਹੀਂ ਬਲਕਿ ਸਮਾਜ ਵਿੱਚੋ ਨਸ਼ਿਆਂ ਦੇ ਖਾਤਮੇ ਲਈ ਇਕ ਅੰਦੋਲਨ ਹੈ ਜਿਸ ਵਿੱਚ ਹਰ ਵਰਗ ਨੂੰ ਸ਼ਾਮਿਲ ਕਰਨ ਦਾ ਮੁੱਖ ਮਕਸਦ ਇਸ ਸਮਾਜਿਕ ਬੁਰਾਈ ਦਾ ਰਲਮਿਲ ਕੇ ਖਾਤਮਾ ਕਰਨਾ ਮਿਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਆਪਣੇ ਨਿੱਜੀ ਸਵਾਰਥਾਂ ਲਈ ਭੋਲੇ ਭਾਲੇ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਲਾਖਾਂ ਪਿੱਛੇ ਪਹੁੰਚਾ ਕੇ ਕਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੇ ਹੋਏ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ।



ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਹਰ ਪਿੰਡ ਅਤੇ ਸ਼ਹਿਰ ਵਿੱਚ ਪੁਲਿਸ ਜਨਤਕ ਸਹਿਯੋਗ ਦੇ ਨਾਲ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ ਜਿਸ ਨਾਲ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦਿੰਦੇ ਹਨ ਉਨ੍ਹਾਂ ਦਾ ਨਾਮ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਪੁਲਿਸ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਕਿਸੇ ਵੀ ਨਸ਼ਾ ਤਸਕਰ ਦੀ ਮਦਦ ਕਰਦਾ ਪਾਇਆ ਜਾਵੇਗਾ ਤਾਂ ਉਸ ਵਿਰੁੱਧ ਕੇਸ ਦਰਜ ਕਰਨ ਦੇ ਨਾਲ ਨਾਲ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਗਠਿਤ ਕੀਤੀਆਂ ਜਾਣ ਵਾਲੀਆਂ ਕਮੇਟੀਆਂ ਵਲੋਂ ਜਦੋ ਵੀ ਕਿਸੇ ਪਿੰਡ ਜਾਂ ਮੁਹੱਲੇ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ ਤਾਂ ਇਸ ਦੀ ਪੜਤਾਲ ਕਰਨ ਮਗਰੋਂ ਰਿਪੋਰਟ ਸਰਕਾਰ ਨੂੰ ਭੇਜੀ ਜਾਵੇਗੀ ਅਤੇ ਫਿਰ ਉਸ ਪਿੰਡ ਨੂੰ ਵਿਕਾਸ ਕਾਰਜਾਂ ਲਈ ਵਿਸ਼ੇਸ ਗ੍ਰਾਂਟ ਜਾਰੀ ਕੀਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਸ਼ਾਨਦਾਰ ਉਪਰਾਲੇ ਕਰਨ ਵਾਲਿਆਂ ਨੂੰ ਕੌਮੀ ਦਿਹਾੜਿਆਂ ਮੌਕੇ ਸਨਮਾਨਿਤ ਕੀਤਾ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਹੜੇ ਵੀ ਨਾਗਰਿਕ ਗੁੰਮਰਾਹ ਹੋ ਕੇ ਨਸ਼ਿਆਂ ਦੇ ਰੋਗ ਦਾ ਸ਼ਿਕਾਰ ਹੋ ਗਏ ਹਨ ਉਨ੍ਹਾਂ ਦਾ ਇਲਾਜ ਸੰਭਵ ਹੈ ਅਤੇ ਅਜਿਹੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ ਵਿਚ ਦਾਖਲ ਕਰਵਾਇਆ ਜਾਵੇ। ਓਹਨਾ ਕਿਹਾ ਕਿ ਪ੍ਰਸ਼ਾਸ਼ਨ ਵਲੋਂ ਸਬ ਡਵੀਜ਼ਨ ਪੱਧਰ ਉਤੇ ਹਰ ਹਫਤੇ 2 ਕੈਂਪ ਲਗਾਏ ਜਾਣਗੇ ਜਿਸ ਵਿਚ ਨਸ਼ਿਆਂ ਦੀ ਰੋਕਥਾਮ ਲਈ ਜਾਗਰੂਕਤਾ ਪੈਦਾ ਕੀਤੀ ਜਾਵੇਗੀ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਉਣਗੇ।

ਇਸ ਮੌਕੇ ਜਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਨੇ ਕਿਹਾ ਕਿ ਆਪਣੇ ਘਰਾਂ, ਪਰਿਵਾਰਾਂ, ਦੋਸਤਾਂ, ਆਲੇ ਦੁਆਲੇ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਮਿਥ ਕੇ ਪੂਰੀ ਤਨਦੇਹੀ ਨਾਲ ਉਪਰਾਲੇ ਕਰਨ ਦੀ ਲੋੜ ਹੈ ਤਾਂ ਜੋ ਇਸ ਕੋਹੜ ਦਾ ਸਫਾਇਆ ਕੀਤਾ ਜਾ ਸਕੇ। ਮੀਟਿੰਗ ਦੌਰਾਨ ਹਾਜ਼ਰ ਵੱਖ ਵੱਖ ਸਮਾਜ ਸੇਵੀ, ਧਾਰਮਿਕ ਤੇ ਸਿਆਸੀ ਜਥੇਬੰਦੀਆਂ, ਵਪਾਰ ਮੰਡਲਾਂ, ਐਸੋਸੀਏਸ਼ਨਾਂ ਦੇ ਪ੍ਰਤੀਨਿਧਾਂ ਨੇ ਅਧਿਕਾਰੀਆਂ ਨੂੰ ਮਿਸ਼ਨ ਸਹਿਯੋਗ ਦੀ ਸਫਲਤਾ ਲਈ ਸਰਗਰਮ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ।

# ਪ੍ਰਸਿੱਧ ਲੇਖਕਾਂ ਦੀਆ ਤਿੰਨ ਪੁਸਤਕਾਂ ਵੀ ਕੀਤੀਆਂ ਗਈਆਂ ਲੋਕ ਅਰਪਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਚ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਪ੍ਰੀਤ ਸਿੰਘ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ, ਕੁਲਤਾਰ ਸਿੰਘ ਕੁਲਤਾਰ ਅਤੇ ਜਸਬੀਰ ਸਿੰਘ ਧੀਮਾਨ ਨੇ ਕੀਤੀ।

ਭਾਸ਼ਾ ਵਿਭਾਗ ਦੇ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਆਏ ਮਹਿਮਾਨਾਂ, ਵਿਦਵਾਨਾਂ ਅਤੇ ਕਵੀਆਂ ਦਾ ਸਵਾਗਤ ਕਰਦੇ ਹੋਏ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ। ਕਵੀ ਦਰਬਾਰ ਤੋਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਦੇ ਉੱਘੇ ਸਾਹਿਤਕਾਰ ਸੁਰਜੀਤ ਪਾਤਰ, ਮੋਹਨਜੀਤ ਅਤੇ ਸੁਖਜੀਤ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।ਉਸ ਤੋਂ ਬਾਅਦ ਹਾਜ਼ਰ ਕਵੀਆਂ ਡਾ। ਸ਼ਮਸ਼ੇਰ ਮੋਹੀ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਧੀਮਾਨ, ਪੰਮੀ ਦਿਵੇਦੀ, ਅੰਜੂ ਵ। ਰੱਤੀ, ਕੁੰਦਨ ਲਾਲ ਭੱਟੀ, ਤੀਰਥ ਚੰਦ ਸਰੋਆ, ਰੈਪੀ ਰਾਜੀਵ, ਰਮਣੀਕ ਸਿੰਘ, ਅਜੇ ਕੁਮਾਰ, ਪਰਮਜੀਤ ਸਿੰਘ, ਰਵੀ ਸਿੰਘ ਬਠਿੰਡਾ, ਦਵਿੰਦਰ ਸਿੰਘ ਨੇ ਆਪਣੀ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਨੂੰ ਤਰੱਨੁਮ 'ਚ ਪੇਸ਼ ਕਰਕੇ ਸਮਾਂ ਬੰਨ੍ਹ ਦਿੱਤਾ।



ਡਾ. ਹਰਪ੍ਰੀਤ ਸਿੰਘ ਨੇ ਪੇਸ਼ ਰਚਨਾਵਾਂ 'ਤੇ ਆਪਣੀ ਟਿੱਪਣੀਆਂ ਦਿੰਦਿਆਂ ਸਮਕਾਲੀ ਕਵਿਤਾ ਦੇ ਬਾਰੇ ਭਾਵਪੂਰਨ ਬਿਰਤਾਂਤ ਵਿਸਤਾਰ ਵਿੱਚ ਸਾਂਝੇ ਕੀਤੇ।ਨਵੀਆਂ ਕਲਮਾਂ ਲਈ ਸਿਖਣ ਵਾਲਾ ਮਾਹੌਲ ਬਣਾਉਂਦਿਆਂ ਉਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਕਿਵੇਂ ਕਲਾਸਿਕ ਤਰੀਕੇ ਰਾਹੀਂ ਰਚਨਾਵਾਂ ਦਾ ਹਿੱਸਾ ਬਣਾਉਣਾ ਹੈ ਬਾਰੇ ਕਈ ਨੁਕਤੇ ਸਾਂਝੇ ਕੀਤੇ। ਇਸ ਮੌਕੇ ਕਹਾਣੀਕਾਰ ਹਰਭਜਨ ਸਿੰਘ ਕਠਾਰਵੀਂ ਦੇ ਕਹਾਣੀ ਸੰਗ੍ਰਹਿ 'ਡੁਬਦੇ ਸੂਰਜ ਦਾ ਅਕਸ', ਅੰਜੂ ਵ। ਰੱਤੀ ਦਾ ਬਾਲ ਕਾਵਿ ਸੰਗ੍ਰਹਿ 'ਸੇਧ ਨਿਸ਼ਾਨੇ'ਅਤੇ ਰੈਪੀ ਰਾਜੀਵ ਦਾ ਕਾਵਿ ਸੰਗ੍ਰਹਿ 'ਯਾਦਾਂ ਜੇ ਨਾ ਹੁੰਦੀਆਂ ਲੋਕ ਅਰਪਣ ਕੀਤੀਆਂ ਗਈਆਂ।ਮੁਖ ਮਹਿਮਾਨਾਂ, ਵਿਦਵਾਨਾਂ ਅਤੇ ਕਵੀਆਂ ਦਾ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼, ਕਿਤਾਬਾਂ ਦੇ ਸੈਟ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇੰਸਪੈਕਟਰ ਗੁਰਪ੍ਰੀਤ ਸਿੰਘ, ਲਵਪ੍ਰੀਤ, ਲਾਲ ਸਿੰਘ, ਪੁਸ਼ਪਾ ਰਾਣੀ, ਪ੍ਰਭਦੀਪ ਸਿੰਘ, ਗੁਰਪ੍ਰੀਤ ਸਿੰਘ ਮਾਨਸਾ, ਵਰਿੰਦਰ ਕੁਮਾਰ ਰੱਤੀ, ਰੌਬਿਨ, ਅਮਨਦੀਪ ਸਿੰਘ ਹਾਜ਼ਰ ਸਨ।ਇਸ ਦੌਰਾਨ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਸਟੇਜ ਦੀ ਭੂਮਿਕਾ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

*In loving memory of*



# *Kartari Lakha*

**APRIL 13,1934 -JUNE 17,2024**

THE LAKHA FAMILY INVITES YOU
TO JOIN THEM CELEBRATING THE LIFE OF KARTARI

Funeral Service will be held on

**SUNDAY, June 30, 2024 AT 8:30-10:30 am**
**Cremation Ceremony 11:00 AM**

**Chapel of the Chimes**
**32992 MIssion Blvd, Hayward, CA 94544**

Followed by a Prayer and GURU DA LANGER AT
Gurdwara Sahib of Fremont
300 Gurdwara Rd, Fremont, CA 94536

Contact: Randhir S. Suman (510) 220-1445

# ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ ਦੇ ਜੇਤੂਆਂ ਦੀਆਂ ਰਚਨਾਵਾਂ ਪੁਸਤਕ ਵਿਚ ਪ੍ਰਕਾਸ਼ਿਤ ਹੋਈਆਂ

**ਮਾਹਿਲਪੁਰ (ਹਰਵੀਰ ਮਾਨ)** ਨਿੱਕੀਆਂ ਕਰੂੰਬਲਾ ਪ੍ਰਕਾਸ਼ਨ ਵਲੋਂ ਵਿਦਿਆਰਥੀ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨ ਦੇ ਇਰਾਦੇ ਨਾਲ ਹਰ ਸਾਲ ਸਾਹਿਤ ਸਿਰਜਣਾ ਮੁਕਾਬਲੇ ਕਰਵਾਏ ਜਾਂਦੇ ਹਨ। ਇਹਨਾਂ ਮੁਕਾਬਲਿਆਂ ਦੇ ਜੇਤੂਆਂ ਦੀਆਂ ਰਚਨਾਵਾਂ ਨੂੰ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਵਿੱਚ ਉਚੇਚੀ ਥਾਂ ਦਿੱਤੀ ਜਾਂਦੀ ਹੈ। ਅਗਲੇ ਯਤਨ ਵਜੋਂ ਇਨਾਮ ਜੇਤੂ ਰਚਨਾਵਾਂ 'ਨਵੀਆਂ ਕਲਮਾਂ ਨਵੀਆਂ ਉਡਾਨ' ਪੁਸਤਕ ਵਿੱਚ ਵੀ ਪ੍ਰਕਾਸ਼ਿਤ ਹੋਈਆਂ ਹਨ। ਇਹ ਜਾਣਕਾਰੀ ਦਿੰਦਿਆਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਦੱਸਿਆ ਕਿ ਸ੍ਰੀ ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕਨੇਡਾ ਵੱਲੋਂ ਹਰ ਜ਼ਿਲ੍ਹੇ ਦੇ ਬਾਲ ਸਾਹਿਤਕਾਰਾਂ ਦੀਆਂ ਪੁਸਤਕਾਂ ਦਾ ਪ੍ਰਕਾਸ਼ਨ ਆਰੰਭਿਆ ਹੋਇਆ ਹੈ। ਸੰਪਾਦਕ ਪ੍ਰਦੀਪ ਸਿੰਘ ਮੌਜੀ ਅਤੇ ਸਹਾਇਕ ਸੰਪਾਦਕਾ ਕੇਵਲ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਦੀ ਪੁਸਤਕ ਭਾਗ 16 ਵਿੱਚ ਨਿੱਕੀਆਂ ਕਰੂੰਬਲਾਂ ਦੇ ਜੇਤੂ ਵਿਦਿਆਰਥੀ ਜੋਬਨਪ੍ਰੀਤ ਸਿੰਘ ਸੰਤ ਬਾਬਾ ਹਰੀ ਸਿੰਘ ਖਾਲਸਾ ਮਾਡਲ ਸਕੂਲ ਮਾਹਿਲਪੁਰ , ਕੰਚਨ ਸੰਧੂ ਸਰਕਾਰੀ ਸੈਕੰਡਰੀ ਸਕੂਲ ਰਾਮਪੁਰ ਝੰਜੋਵਾਲ ਅਤੇ ਸ਼ੀਨਮ ਸਰਕਾਰੀ ਸੈਕੰਡਰੀ ਸਕੂਲ (ਲੜਕੀਆਂ) ਮਾਹਿਲਪੁਰ ਦੀਆਂ ਰਚਨਾਵਾਂ



ਸ਼ਾਮਿਲ ਕੀਤੀਆਂ ਗਈਆਂ ਹਨ। ਬਾਕੀ ਵਿਦਿਆਰਥੀਆਂ ਦੀਆਂ ਰਚਨਾਵਾਂ ਅਗਲੇ ਭਾਗ ਵਿੱਚ ਪ੍ਰਕਾਸ਼ਿਤ ਹੋਣਗੀਆਂ ਲ ਇਸ ਪਰਉਪਕਾਰੀ ਕਾਰਜ ਵਾਸਤੇ ਉਹਨਾਂ ਨਵੀਆਂ ਕਲਮਾਂ ਨਵੀਂ ਉਡਾਣ ਦੇ ਮੁੱਖ ਸੰਚਾਲਕ ਸ੍ਰੀ ਸੁੱਖੀ ਬਾਠ, ਪ੍ਰੋਜੈਕਟ ਡਾਇਰੈਕਟਰ ਉਂਕਾਰ ਸਿੰਘ ਤੇਜੇ, ਨਿਤਿਨ ਸੁਮਨ, ਸਤ ਪ੍ਰਕਾਸ਼, ਗੀਤਾਂਜਲੀ, ਰੋਹਿਤ ਕੁਮਾਰ, ਪ੍ਰੀਤ ਹੀਰ ਸਮੇਤ ਸਮੁੱਚੀ ਟੀਮ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਸੁਰ ਸੰਗਮ ਵਿੱਦਿਅਕ ਟਰਸਟ ਵੱਲੋਂ ਇਹਨਾਂ ਪੁੰਗਰਦੇ ਸਾਹਿਤਕਾਰਾਂ ਨੂੰ ਵਿਸ਼ੇਸ਼ ਤੌਰ ਤੇ ਸ਼ਾਬਾਸ਼ ਦਿੱਤੀ ਗਈ ਤਾਂ ਕਿ ਉਹ ਭਵਿੱਖ ਵਿੱਚ ਇਸ ਖੇਤਰ ਵਿੱਚ ਸਰਗਰਮ ਭੂਮਿਕਾ ਅਦਾ ਕਰ ਸਕਣ ਲ ਇਸ ਮੌਕੇ ਕਲਚਰਲ ਕਲੱਬ ਦੇ ਸੰਚਾਲਕ ਬਲਬੀਰ ਸਿੰਘ ਨੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੇ ਯਤਨਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਥੋੜ੍ਹੀ ਹੈ। ਅਸਲ ਵਿੱਚ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਪੁੰਗਰਦੇ ਸਾਹਿਤਕਾਰਾਂ ਦੀ ਇੱਕ ਪਨੀਰੀ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਲਖਵਿੰਦਰ ਸਿੰਘ ਨੇ ਕਿਹਾ ਕਿ ਸੁਰ ਸੰਗਮ ਵਿੱਦਿਅਕ ਟਰਸਟ ਵੱਲੋਂ ਨਵੇਂ ਸਾਹਿਤਕਾਰਾਂ ਦੀ ਸਕੂਲਿੰਗ ਅਤੇ ਉਤਸ਼ਾਹਿਤ ਕਰਨ ਵਾਸਤੇ ਕੀਤੇ ਜਾ ਰਹੇ ਯਤਨ ਬਹੁਤ ਨਰੋਏ ਅਤੇ ਚਿਰਸਥਾਈ ਹਨ। ਵਿਦਿਆਰਥੀ ਸਾਹਿਤਕਾਰਾਂ ਨੂੰ ਸਨਮਾਨਿਤ ਕਰਨ ਮੌਕੇ ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਪ੍ਰਿੰ. ਮਨਜੀਤ ਕੌਰ,ਨਿਧੀ ਅਮਨ ਸਹੋਤਾ, ਹਰਮਨਪ੍ਰੀਤ ਕੌਰ, ਹਰਵੀਰ ਮਾਨ, ਮਨਜਿੰਦਰ ਹੀਰ, ਪਵਨ ਸਕਰੁਲੀ ਸਮੇਤ ਸਾਹਿਤ ਪ੍ਰੇਮੀ ਅਤੇ ਵਿਦਿਆਰਥੀ ਹਾਜ਼ਰ ਹੋਏ ਲ ਧੰਨਵਾਦੀ ਸ਼ਬਦ ਕੁਲਦੀਪ ਕੌਰ ਬੈਂਸ ਵੱਲੋਂ ਆਖੇ ਗਏ।

# ਸੁੰਦਰਤਾ-ਤੰਦਰੁਸਤੀ ਖੇਤਰ ਰੁਜ਼ਗਾਰਯੋਗਤਾ ਨੂੰ ਵਧਾ ਰਿਹਾ ਹੈ

(ਸਫਾ 6 ਦੀ ਬਾਕੀ)

ਬਣਾਉਣਾ ਲਾਜ਼ਮੀ ਹੈ। ਇਸ ਤੋਂ ਇਲਾਵਾ, ਖੇਤਰੀ ਇਨਕਿਊਬੇਸ਼ਨ ਕੇਂਦਰਾਂ ਦੀ ਸਥਾਪਨਾ ਖੇਤਰ ਵਿੱਚ ਹੋਨਹਾਰ ਔਰਤਾਂ ਦੀ ਉੱਦਮੀ ਭਾਵਨਾ ਨੂੰ ਜਗਾਉਣ ਲਈ ਮਹੱਤਵਪੂਰਨ ਹੈ। ਇਸ ਪਹਿਲਕਦਮੀ ਦੇ ਤਹਿਤ, ਸੁੰਦਰਤਾ ਅਤੇ ਤੰਦਰੁਸਤੀ ਉਦਯੋਗ ਵਿੱਚ ਨੌਜਵਾਨ ਮਹਿਲਾ ਉੱਦਮੀਆਂ ਨੂੰ ਆਪਣੇ ਉੱਦਮਾਂ ਨੂੰ ਸਫਲਤਾਪੂਰਵਕ ਚਲਾਉਣ ਲਈ ਨਵੇਂ ਅਤੇ ਬਿਹਤਰ ਕਾਰੋਬਾਰ ਪ੍ਰਬੰਧਨ ਹੁਨਰਾਂ ਨਾਲ ਲੈਸ ਹੋਣਾ ਚਾਹੀਦਾ ਹੈ। ਇਸ ਕੇਂਦ੍ਰਿਤ ਯਤਨ ਨੂੰ ਮਹਿਲਾ ਉੱਦਮੀਆਂ ਨੂੰ ਠੋਸ ਵਪਾਰਕ ਵਿਚਾਰ ਵਿਕਸਿਤ ਕਰਨ, ਬੈਂਕ ਕਰਨ ਯੋਗ ਅਤੇ ਨਿਵੇਸ਼ਯੋਗ ਕਾਰੋਬਾਰੀ ਯੋਜਨਾ ਬਣਾਉਣ, ਅਤੇ ਇੱਕ ਮਜ਼ਬੂਤ ਵਪਾਰਕ ਵਿਕਾਸ ਰਣਨੀਤੀ ਤਿਆਰ ਕਰਨ ਦੇ ਯੋਗ ਬਣਾਉਣਾ ਚਾਹੀਦਾ ਹੈ। ਨਵੀਂ ਯੁੱਗ ਦੀਆਂ ਤਕਨਾਲੋਜੀਆਂ ਨਾਲ ਲੈਸ ਹੋਣ ਲਈ ਰਵਾਇਤੀ ਹੁਨਰ: ਸੁੰਦਰਤਾ ਅਤੇ ਤੰਦਰੁਸਤੀ ਖੇਤਰ ਡਿਜੀਟਲ ਰੁਕਾਵਟ ਦਾ ਸਾਹਮਣਾ ਕਰ ਰਿਹਾ ਹੈ ਕਿਉਂਕਿ ਪੇਂਡੂ ਖੇਤਰਾਂ ਵਿੱਚ ਤਕਨਾਲੋਜੀ ਦੀ ਅਗਵਾਈ ਵਾਲੇ ਸਟਾਰਟਅੱਪ ਅਤੇ 5ਜੀ ਨੈੱਟਵਰਕ ਪਹੁੰਚ ਵਧੇਰੇ ਪ੍ਰਚਲਿਤ ਹੋ ਗਈ ਹੈ। ਨਤੀਜੇ ਵਜੋਂ, ਇਸ ਸੈਕਟਰ ਵਿੱਚ ਪਰੰਪਰਾਗਤ ਹੁਨਰਾਂ ਨੂੰ ਨਵੀਂ-ਯੁੱਗ ਦੀਆਂ ਤਕਨੀਕਾਂ ਜਿਵੇਂ ਕਿ ਐਪ ਸੈੱਟਅੱਪ, ਵਰਚੁਅਲ ਟਰਾਈ-ਆਨ ਸੇਵਾਵਾਂ, ਅਤੇ ਡਾਟਾ ਵਿਸ਼ਲੇਸ਼ਣ ਵਿੱਚ ਮੁਹਾਰਤ ਨਾਲ ਅੱਪਡੇਟ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਬਿਹਤਰ ਗਾਹਕ ਸ਼ਮੂਲੀਅਤ ਦੀਆਂ ਪੇਸ਼ਕਸ਼ਾਂ ਪ੍ਰਦਾਨ ਕਰਨਾ ਜ਼ਰੂਰੀ ਹੋਵੇਗਾ। ਇਸ ਤੋਂ ਇਲਾਵਾ, ਆਰਟੀਫਿਸ਼ੀਅਲ ਇੰਟੈਲੀਜੈਂਸ ਸੁੰਦਰਤਾ ਅਤੇ ਤੰਦਰੁਸਤੀ ਉਦਯੋਗ ਵਿੱਚ ਵੀ ਮਹੱਤਵਪੂਰਨ ਤਰੱਕੀ ਕਰ ਰਹੀ ਹੈ। ਏਆਈ ਐਪਲੀਕੇਸ਼ਨਾਂ ਸੰਸ਼ੋਧਿਤ ਹਕੀਕਤ ਵਰਗੀਆਂ ਨਵੀਨਤਾਵਾਂ ਨਾਲ ਸੈਕਟਰ ਨੂੰ ਤੇਜ਼ੀ ਨਾਲ ਬਦਲ ਰਹੀਆਂ ਹਨ। ਉਦਾਹਰਨ ਲਈ, ਚਮੜੀ ਦੀ ਉਮਰ ਵਧਣ ਦਾ ਵਿਸ਼ਲੇਸ਼ਣ ਕਰਨ, ਬੁਢਾਪੇ ਦੇ ਮੁੱਖ ਲੱਛਣਾਂ ਦਾ ਪਤਾ ਲਗਾਉਣ, ਅਤੇ ਵਿਅਕਤੀਗਤ ਚਮੜੀ ਦੀ ਦੇਖਭਾਲ ਦੀਆਂ ਸਿਫ਼ਾਰਸ਼ਾਂ ਪ੍ਰਦਾਨ ਕਰਨ ਲਈ ਚਮੜੀ ਸਲਾਹ ਓੀ ਨੂੰ ਵਿਕਸਤ ਕੀਤਾ ਗਿਆ ਹੈ। ਇਹ ਟੈਕਨਾਲੋਜੀ 15-20 ਸਾਲਾਂ ਦੀ ਚਮੜੀ ਸੰਬੰਧੀ ਮਹਾਰਤ ਦੇ ਨਾਲ ਹਜ਼ਾਰਾਂ ਚਿੱਤਰਾਂ ਨੂੰ ਜੋੜਦੀ ਹੈ। ਵਿਅਕਤੀਗਤ ਸੇਵਾਵਾਂ: ਗਾਹਕਾਂ ਦੀਆਂ ਤਰਜੀਹਾਂ, ਜੀਵਨਸ਼ੈਲੀ, ਸਰੀਰ ਦੀਆਂ ਕਿਸਮਾਂ, ਅਤੇ ਇੱਥੋਂ ਤੱਕ ਕਿ ਜੈਨੇਟਿਕਸ ਵਿੱਚ ਤਬਦੀਲੀਆਂ ਕਾਰਨ ਵਿਅਕਤੀਗਤ ਸੇਵਾਵਾਂ ਬਹੁਤ ਮਹੱਤਵਪੂਰਨ ਬਣ ਗਈਆਂ ਹਨ। ਇੱਕ-ਆਕਾਰ-ਫਿੱਟ-ਸਾਰੀ ਪਹੁੰਚ ਪੁਰਾਣੀ ਹੈ, ਗਾਹਕ ਹੁਣ ਵਿਲੱਖਣ ਅਤੇ ਅਨੁਕੂਲਿਤ ਅਨੁਭਵਾਂ ਦੀ ਮੰਗ ਕਰ ਰਹੇ ਹਨ। ਆਨ-ਡਿਮਾਂਡ-ਐਟ-ਹੋਮ ਸੇਵਾਵਾਂ ਦੀ ਮੰਗ ਵਧੀ ਹੈ, ਖਾਸ ਤੌਰ 'ਤੇ ਵਿਅਸਤ ਪੇਸ਼ੇਵਰਾਂ ਵਿੱਚ। ਇਸ ਨੇ ਸੈਕਟਰ ਵਿੱਚ ਕਾਮਿਆਂ ਵਿੱਚ ਤਬਾਦਲੇ ਯੋਗ ਹੁਨਰ ਦੀ ਲੋੜ ਨੂੰ ਰੇਖਾਂਕਿਤ ਕੀਤਾ ਹੈ। ਇਸ ਤੋਂ ਇਲਾਵਾ, ਨਵੇਂ ਵਿਚਾਰ ਅਤੇ ਪ੍ਰਕਿਰਿਆਵਾਂ ਨੌਜਵਾਨ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਤਕਨੀਕੀ ਕਰੀਅਰ ਬਣਾਉਣ ਲਈ ਪ੍ਰੇਰਿਤ ਕਰ ਰਹੀਆਂ ਹਨ, ਜਿਸ ਦਾ ਉਦੇਸ਼ ਇੱਕ ਬਿਹਤਰ ਭਵਿੱਖ ਨੂੰ ਬਣਾਉਣਾ ਹੈ।

# ਪੂਜਾ ਜਿਊਲਰਜ਼ ਪਾਪਾਟੋਏਟੋਏ ਵਿਖੇ ਹੋਈ ਲੁੱਟ ਦੀ ਘਟਨਾ-ਲੂਥਰ ਪਰਿਵਾਰ ਦਾ ਸ਼ੋਅਰੂਮ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਸਰਕਾਰ ਬਦਲਣ ਦੇ ਬਾਵਜੂਦ ਵੀ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਕੋਈ ਫਰਕ ਨਹੀਂ ਪਿਆ ਲਗਦਾ ਕਿਉਂਕਿ ਦਿਨ ਅਤੇ ਰਾਤ ਵੇਲੇ ਲੁੱਟ ਦੀਆਂ ਵਾਰਦਾਤਾਂ, ਡਾਕੇ ਅਤੇ ਵੱਖ-ਵੱਖ ਅਪਰਾਧਿਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਅੱਜ ਸ਼ਾਮ ਸ। ਗੁਰਦੀਪ




ਸਿੰਘ ਲੂਥਰ (ਪੂਜਾ ਜਿਊਲਰਜ਼) ਕੋਲਮਾਰ ਰੋਡ, ਪਾਪਾਟੋਏਟੋਏ ਵਿਖੇ ਲੁੱਟ ਦੀ ਘਟਨਾ ਵਾਪਰ ਗਈ। 4-5 ਲੁਟੇਰੇ ਜਿਨ੍ਹਾਂ ਵਿਚ ਛੋਟੀ ਉਮਰ ਦੇ ਇਕ-ਦੋ ਬੱਚੇ ਵੀ ਲੱਗ ਰਹੇ ਸਨ, ਨੇ ਦੁਕਾਨ ਦਾ ਪਹਿਲਾਂ ਬਾਹਰਲਾ ਦਰਵਾਜ਼ਾ ਭੰਨਿਆ, ਫਿਰ ਅਗਲੇ ਲੋਹੇ ਦੇ ਜੰਗਲੇ ਵਾਲਾ ਦਰਵਾਜ਼ਾ ਧੱਕ ਕੇ ਖੋਲ੍ਹ ਲਿਆ ਅਤੇ ਦੁਕਾਨ ਦੇ ਕਾਊਂਟਰ ਉਤੇ ਰੱਖੀਆਂ ਸੋਨੇ ਦੇ ਗਹਿਣਿਆ ਵਾਲੀਆਂ ਟ੍ਰੇਆਂ ਲੁੱਟਣੀਆਂ ਸ਼ੁਰੂ ਕੀਤੀਆਂ। ਸ਼ਾਮ 5 ਵਜੇ ਤੋਂ ਬਾਅਦ ਦਾ ਸਮਾਂ ਸੀ ਅਤੇ ਦੁਕਾਨ ਬੰਦ ਕਰਨ ਦੀ ਤਿਆਰੀ ਹੋ ਰਹੀ ਸੀ, ਇਸ ਦਰਮਿਆਨ ਇਹ ਲੋਕ ਦੁਕਾਨ ਅੰਦਰ ਦਾਖਲ ਹੁੰਦੇ ਹਨ। ਜਿਸ ਸਮੇਂ ਘਟਨਾ ਘਟੀ ਉਸ ਸਮੇਂ ਦੁਕਾਨ ਅੰਦਰ ਇਕ ਔਰਤ ਗਾਹਕ ਅਤੇ ਤਿੰਨ ਬੱਚੇ ਵੀ ਉਥੇ ਹਾਜ਼ਿਰ ਸਨ। ਦੁਕਾਨ ਮਾਲਕ ਸ। ਗੁਰਦੀਪ ਸਿੰਘ ਨੇ ਉਨ੍ਹਾਂ ਲੁਟੇਰਿਆਂ ਨੂੰ ਦਰਵਾਜ਼ੇ ਦੇ ਬਾਹਰ ਧੱਕ ਕੇ ਲੋਹੇ ਵਾਲਾ ਗੇਟ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਲੁਟੇਰੇ ਚਾਕੂ ਅਤੇ ਹਥੌੜੇ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰ ਗਏ।

ਉਨ੍ਹਾਂ ਦੇ ਸਪੁੱਤਰ ਨੇ ਉਸ ਵੇਲੇ ਉਨ੍ਹਾਂ ਲੁੱਟੇਰਿਆਂ ਨੂੰ ਇਕ ਤਲਵਾਰ ਨਾਲ ਭਜਾਉਣ ਦੀ ਕੋਸ਼ਿਸ਼ ਕੀਤੀ, ਉਹ ਕੁਝ ਡਰੇ ਅਤੇ ਕਾਫੀ ਬਚਾਅ ਹੋ ਗਿਆ। ਦੁਕਾਨ ਉਤੇ ਪੂਰਾ ਪਰਿਵਾਰ ਸੀ। ਜ਼ਖਮੀ ਸ. ਗੁਰਦੀਪ ਸਿੰਘ ਹੋਰਾਂ ਨੂੰ ਐਂਬੂਲੈਂਸ ਦੇ ਵਿਚ ਹਸਪਤਾਲ ਲਿਜਾਇਆ ਗਿਆ, ਫਿਰ ਟਾਂਕੇ ਲੱਗਣ ਬਾਅਦ ਸਕੈਨਿੰਗ ਆਦਿ ਲਈ ਸਿਟੀ ਹਸਪਤਾਲ ਭੇਜਿਆ ਗਿਆ। ਦੇਰ ਰਾਤ ਰਿਪੋਰਟ ਵਿਚ ਪਤਾ ਲੱਗਾ ਹੈ ਕਿ ਜ਼ਖਮੀ ਸ। ਗੁਰਦੀਪ ਸਿੰਘ ਖਤਰੇ ਤੋਂ ਬਾਹਰ ਹਨ ਅਤੇ ਇਲਾਜ ਅਧੀਨ ਹਨ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਇਕ ਗੋਰੀ ਔਰਤ ਵੱਲੋਂ 3 ਸਾਲਾ ਬੱਚੀ ਨੂੰ ਡਬੋਅ ਕੇ ਮਾਰਨ ਦਾ ਯਤਨ, ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ


## ਮਾਮਲੇ ਦੀ ਨਫਰਤੀ ਅਪਰਾਧ ਦੇ ਨਜ਼ਰੀਏ ਤੋਂ ਜਾਂਚ ਦੀ ਮੰਗ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਗੋਰੀ ਔਰਤ ਵੱਲੋਂ ਤਲਾਬ ਵਿਚ ਇਕ 3 ਸਾਲਾ ਬੱਚੀ ਨੂੰ ਡਬੋਅ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਜਦ ਕਿ ਬੱਚੀ ਦੀ ਮਾਂ ਉਸ ਨੂੰ ਪਾਣੀ ਵਿਚੋਂ ਕੱਢਣ ਤੇ ਬਚਾਉਣ ਵਿਚ ਸਫਲ ਰਹੀ। ਇਸ ਦੌਰਾਨ ਗੋਰੀ ਨੇ ਨਸਲੀ ਟਿੱਪਣੀਆਂ ਵੀ ਕੀਤੀਆਂ। ਔਰਤ ਦੀ ਪਛਾਣ ਅਲੈਜ਼ਿਬੈਥ ਵੋਲਫ (42) ਵਜੋਂ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਵੋਲਫ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਦੂਸਰੇ ਪਾਸੇ 'ਟੈਕਸਾਸ ਚੈਪਟਰ ਆਫ ਦ ਕੌਂਸਲ ਆਨ ਅਮੈਰੀਕਨ ਇਸਲਾਮਿਕ ਰਿਲੇਸ਼ਨਜ' ਨੇ ਪੀੜਤ ਪਰਿਵਾਰ ਦੀ ਪਛਾਣ ਫਲਸਤੀਨੀ ਮੁਸਲਮਾਨ ਵਜੋਂ ਕੀਤੀ ਹੈ ਤੇ ਰਾਜ ਅਤੇ ਸੰਘੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਨਫਰਤੀ ਅਪਰਾਧ ਵਜੋਂ ਜਾਂਚ ਕੀਤੀ ਜਾਵੇ ਤੇ ਸਬੰਧਤ ਮੁਸਲਮਾਨ ਪਰਿਵਾਰ ਤੇ ਮੁਸਲਮਾਨ ਭਾਈਚਾਰੇ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣ। ਪੁਲਿਸ ਨੇ ਕਿਹਾ ਹੈ ਕਿ ਘਟਨਾ ਵੇਲੇ ਵੋਲਫ ਨੇ ਬੱਚੀ ਦੀ ਮਾਂ ਦੇ ਅਮਰੀਕੀ ਨਾ ਹੋਣ ਦੀ ਗੱਲ ਕੀਤੀ ਤੇ ਉਸ ਵਿਰੁੱਧ ਹੋਰ ਨਸਲੀ ਟਿੱਪਣੀਆਂ ਵੀ ਕੀਤੀਆਂ। ਪੁਲਿਸ ਦਾ ਮੰਨਣਾ ਹੈ ਕਿ ਘਟਨਾ ਵੇਲੇ ਵੋਲਫ ਨਸ਼ੇ ਵਿਚ ਸੀ। ਬੱਚੀ ਦੀ ਮਾਂ ਨੇ ਕਿਹਾ ਹੈ ਕਿ 'ਅਸੀਂ ਫਲਸਤੀਨੀ ਮੂਲ ਦੇ ਅਮਰੀਕੀ ਸ਼ਹਿਰੀ ਹਾਂ। ਮੈਨੂੰ ਨਹੀਂ ਪਤਾ ਮੇਰੇ ਤੇ ਮੇਰੇ ਬੱਚਿਆਂ ਲਈ ਸੁਰੱਖਿਅਤ ਜਗਾ ਕਿਥੇ ਹੈ। ਮੇਰੇ ਮੂਲ ਦੇਸ਼ ਨੂੰ ਜੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਥੇ ਸਾਨੂੰ ਨਫਰਤ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਟੈਕਸਾਸ ਪ੍ਰਤੀਨਿੱਧ ਸਲਮਾਨ ਭੋਜਾਨੀ ਨੇ ਕਿਹਾ ਹੈ ਕਿ ਇਹ ਘਟਨਾ ਬਹੁਤ ਗੰਭੀਰ ਹੈ। ਮੇਰੇ ਈਉਲੈਸ ਡਿਸਟ੍ਰਿਕਟ 92 ਸਮੇਤ ਸਮੁੱਚੇ ਇਸ ਮਹਾਨ ਰਾਜ ਵਿਚ ਨਫਰਤ ਲਈ ਕੋਈ ਥਾਂ ਨਹੀਂ ਹੈ। ਉਨਾਂ ਕਿਹਾ ਕਿ ਪ੍ਰਭਾਵਿਤ ਪਰਿਵਾਰ ਦੀ ਉਹ ਹਰ ਤਰਾਂ ਮਦਦ ਕਰਨ ਲਈ ਤਿਆਰ ਹਨ।

# ਅਮਰੀਕਾ ਦੀ ਇਕ ਨਾਇਟ ਕਲੱਬ ਦੇ ਬਾਹਰਵਾਰ ਹੋਈ ਗੋਲੀਬਾਰੀ ਵਿੱਚ 1 ਮੌਤ ਤੇ 7 ਹੋਰ ਜ਼ਖਮੀ

## ਸ਼ੱਕੀ ਬਾਰੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ-ਪੁਲਿਸ ਅਧਿਕਾਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਕੈਂਟੂਕੀ ਰਾਜ ਵਿਚ ਲੋਇਸਵਿਲੇ ਵਿਖੇ ਇਕ ਨਾਇਟ ਕਲੱਬ ਦੇ ਬਾਹਰਵਾਰ ਹੋਈ ਗੋਲੀਬਾਰੀ ਵਿਚ 1 ਵਿਅਕਤੀ ਮਾਰਿਆ ਗਿਆ ਤੇ 7 ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਇਹ ਘਟਨਾ ਬੀਤੀ ਅੱਧੀ ਰਾਤ ਬਾਅਦ ਵਾਪਰੀ ਹੈ।



ਲੋਇਸਵਿਲੇ ਪੁਲਿਸ ਮੈਟਰੋ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਦੋਂ 5 ਪੁਲਿਸ ਅਫਸਰ ਐਚ 20 ਲਾਂਜ ਦੇ ਬਾਹਰਵਾਰ ਅੱਧੀ ਰਾਤ ਬਾਅਦ 12.45 ਵਜੇ ਪੁੱਜੇ ਤਾਂ ਉਨਾਂ ਨੂੰ 2 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਇਨਾਂ ਵਿਚੋਂ ਇਕ ਵਿਅਕਤੀ ਦਮ ਤੋੜ ਗਿਆ ਜਦ ਕਿ ਦੂਸਰੇ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਸ ਦੀ ਹਾਲਤ ਗੰਭੀਰ ਹੈ। ਬਾਅਦ ਵਿਚ ਮੈਡੀਕਲ ਸਟਾਫ ਨੇ ਇਕ ਰਿਪੋਰਟ ਵਿਚ ਦਸਿਆ ਕਿ ਇਸ ਗੋਲੀਬਾਰੀ ਵਿਚ ਜ਼ਖਮੀ ਹੋਏ 6 ਹੋਰ ਵਿਅਕਤੀ ਖੇਤਰ ਵਿਚਲੇ ਵੱਖ ਵੱਖ ਹਸਪਤਾਲਾਂ ਵਿਚ ਦਾਖਲ ਹਨ। ਜਨਤਿਕ ਸੂਚਨਾ ਅਫਸਰ ਆਰੋਨ ਏਲਿਸ ਅਨੁਸਾਰ ਇਨਾਂ ਸਾਰੇ 6 ਵਿਅਕਤੀਆਂ ਦੇ ਗੋਲੀਆਂ ਵੱਜੀਆਂ ਹਨ ਪਰੰਤੂ ਸਮਝਿਆ ਜਾਂਦਾ ਹੈ ਕਿ ਇਨਾਂ ਦੀ ਹਾਲਤ ਸਥਿੱਰ ਹੈ। ਪੁਲਿਸ ਨੇ ਕਿਹਾ ਹੈ ਕਿ ਉਸ ਨੂੰ ਸ਼ੱਕੀ ਹਮਲਾਵਰ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਇਹ ਸਪੱਸ਼ਟ ਹੈ ਕਿ ਗੋਲੀਬਾਰੀ ਵਿਚ ਕਿੰਨੇ ਵਿਅਕਤੀ ਸ਼ਾਮਿਲ ਸਨ। ਪੁਲਿਸ ਅਨੁਸਾਰ ਅਜੇ ਮਾਮਲਾ ਜਾਂਚ ਅਧੀਨ ਹੈ ਤੇ ਜਾਂਚ ਉਪਰੰਤ ਹੀ ਅਸਲ ਸਥਿੱਤੀ ਬਾਰੇ ਕੁਝ ਕਿਹਾ ਜਾਵੇਗਾ। ਪੁਲਿਸ ਮਾਮਲਾ ਸੁਲਝਾਉਣ ਲਈ ਆਸ ਪਾਸ ਦੇ ਲੋਕਾਂ ਤੋਂ ਪੁੱਛਗਿੱਛ ਕਰ ਰਹੀ ਹੈ।

# 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀ ਡਾਇਰਿਆ ਨਾਲ ਹੋਣ ਵਾਲੀ ਮੌਤ ਰੋਕਣ ਲਈ ਸਿਹਤ ਵਿਭਾਗ ਵੱਲੋਂ ਚਲਾਈ ਜਾਵੇਗੀ ਦਸਤ ਰੋਕੋ ਮੁਹਿੰਮ: ਸਿਵਲ ਸਰਜਨ ਡਾ. ਕਿਰਪਾਲ ਸਿੰਘ

**ਸੰਗਰੂਰ, (ਦਲਜੀਤ ਕੌਰ)** ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀਆਂ ਦਸਤਾਂ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਦੇ ਮਕਸਦ ਨਾਲ ਸਿਹਤ ਵਿਭਾਗ ਵੱਲੋਂ ਪੂਰੇ ਜ਼ਿਲ੍ਹੇ ਵਿਚ ਦਸਤ ਰੋਕੋ ਮੁਹਿੰਮ ਚਲਾਈ ਜਾਵੇਗੀ। ਇਸ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਡਾ। ਕਿਰਪਾਲ ਸਿੰਘ ਨੇ ਦੱਸਿਆ ਕਿ 'ਡਾਇਰੀਏ ਦੀ ਰੋਕਥਾਮ, ਸਫਾਈ ਅਤੇ ਓ ਆਰ ਐਸ ਨਾਲ ਰੱਖੋ ਆਪਣਾ ਧਿਆਨ' ਨਾਅਰੇ ਤਹਿਤ 1 ਜੁਲਾਈ ਤੋਂ 31 ਅਗਸਤ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੀ ਸਫਲਤਾ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।



ਸਿਵਲ ਸਰਜਨ ਨੇ ਦੱਸਿਆ ਕਿ 5 ਸਾਲ ਤੱਕ ਦੇ ਬੱਚਿਆਂ ਨੂੰ ਲੱਗਣ ਵਾਲੇ ਦਸਤ ਦੇ ਕਾਰਨ, ਦਸਤਾਂ ਦੀ ਰੋਕਥਾਮ, ਓ।ਆਰ.ਐਸ. ਦਾ ਘੋਲ ਤਿਆਰ ਕਰਨ, ਦਸਤ ਲੱਗਣ ਤੇ ਓ।ਆਰ.ਐਸ. ਦਾ ਘੋਲ ਦੇਣ ਅਤੇ ਬੱਚੇ ਨੂੰ ਦਸਤਾਂ ਦੀ ਹਾਲਤ ਵਿਚ ਜ਼ਿੰਕ ਦੀਆਂ ਗੋਲੀਆਂ ਦੇਣ ਅਤੇ ਸਾਫ ਸਫਾਈ ਸਬੰਧੀ ਪਰਿਵਾਰਾ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗਰਮੀ ਅਤੇ ਬਰਸਾਤ ਦਾ ਮੌਸਮ ਹੋਣ ਕਾਰਨ ਦਸਤ ਲੱਗਣ ਨਾਲ ਬੱਚਿਆਂ ਵਿੱਚ ਪਾਣੀ ਦੀ ਘਾਟ ਹੋਣ ਕਾਰਨ ਕਈ ਵਾਰੀ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ, ਇਸ ਲਈ ਜੇਕਰ ਦਸਤ ਲਿਗਣ 'ਤੇ ਤੁਰੰਤ ਬੱਚੇ ਨੂੰ ਓ।ਆਰ।ਐਸ ਦਾ ਘੋਲ ਦੇ ਦਿੱਤਾ ਜਾਵੇ ਤਾਂ ਜੋ ਬੱਚੇ ਦੀ ਹਾਲਤ ਨੂੰ ਗੰਭੀਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਇਸ ਦੌਰਾਨ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅੰਜੂ ਸਿੰਗਲਾ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਆਸ਼ਾ ਵੱਲੋਂ ਘਰ-ਘਰ ਜਾ ਕੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਓ।ਆਰ.ਐਸ ਦੇ ਪੈਕਟ ਦਿਤੇ ਜਾਣਗੇ ਤਾਂ ਜੋ ਬੱਚੇ ਨੂੰ ਦਸਤ ਲੱਗਣ 'ਤੇ ਤੁਰੰਤ ਓ।ਆਰ।ਐਸ ਦਾ ਘੋਲ ਦਿੱਤਾ ਜਾ ਸਕੇ। ਇਸ ਦੇ ਨਾਲ ਆਸ਼ਾ/ਏ.ਐਨ.ਐਮ ਵੱਲੋਂ ਪਰਿਵਾਰਾਂ ਨੂੰ ਓ।ਆਰ.ਐਸ ਦਾ ਘੋਲ ਤਿਆਰ ਕਰਨ ਤੇ ਬੱਚੇ ਨੂੰ ਦਸਤ ਲਗਣ ਤੇ ਘੋਲ ਪਿਲਾਉਣ ਦੀ ਵਿਧੀ ਅਤੇ ਮਾਵਾਂ ਨੂੰ ਨਵਜਾਤ ਬੱਚਿਆਂ ਨੂੰ ਪਹਿਲੇ ਛੇ ਮਹੀਨੇ ਤੱਕ ਆਪਣਾ ਦੁੱਧ ਪਿਲਾਉਣ ਅਤੇ ਛੇ ਮਹੀਨੇ ਤੋਂ ਬਾਅਦ ਓਪਰੀ ਖੁਰਾਕ ਦੇਣ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

ਜਿਹੜੇ ਬੱਚੇ ਦਸਤਾਂ ਤੋਂ ਪੀੜਤ ਹੋਣਗੇ ਉਹਨਾਂ ਨੂੰ ਜ਼ਿੰਕ ਦੀਆਂ ਗੋਲੀਆਂ 14 ਦਿਨਾਂ ਤੱਕ ਖਾਣ ਲਈ ਦਿੱਤੀਆਂ ਜਾਣਗੀਆਂ, ਕਿਉਂਕਿ ਜ਼ਿੰਕ ਦੀ ਗੋਲੀ ਖਾਣ ਨਾਲ ਜਿਥੇ ਬੱਚਿਆਂ ਦੇ ਦਸਤ ਜਲਦੀ ਠੀਕ ਹੁੰਦੇ ਹਨ ਉਥੇ ਬੱਚਿਆਂ ਨੂੰ ਦੁਬਾਰਾ ਦਸਤ ਲਗਣ ਦੇ ਮੌਕੇ ਵੀ ਘਟ ਜਾਂਦੇ ਹਨ।

ਇਸ ਮੁਹਿੰਮ ਦੌਰਾਨ ਸਮੂਹ ਸਰਕਾਰੀ ਸਿਹਤ ਸੰਸਥਾਂਵਾ ਵਿਚ ਜ਼ਿੰਕ ਅਤੇ ਓ।ਆਰ.ਐਸ. ਕਾਰਨਰ ਵੀ ਬਣਾਏ ਜਾਣਗੇ ਤਾਂ ਜੋ ਲੋੜ ਪੈਣ 'ਤੇ ਬੱਚੇ ਦਾ ਤੁਰੰਤ ਇਲਾਜ ਸ਼ੁਰੂ ਹੋ ਸਕੇ। ਲੋਕਾਂ ਨੂੰ ਸਾਫ ਸਫਾਈ, ਹੱਥ ਧੋਣ ਦੀ ਤਕਨੀਕ ਤੇ ਮੱਹਤਤਾ, ਸ਼ੁੱਧ ਪਾਣੀ ਦੀ ਵਰਤੋਂ ਅਤੇ ਪਾਣੀ ਵਾਲੀਆਂ ਟੈਂਕੀਆਂ ਦੀ ਸਫਾਈ, ਸਿਹਤ ਸੰਸਥਾਵਾਂ, ਸਕੂਲਾਂ, ਆਂਗਨਵਾੜੀ ਕੇਦਰਾਂ ਵਿੱਚ ਵੀ ਇਸ ਬਾਰੇ ਵੀ ਜਾਗਰੂਕ ਕੀਤਾ ਜਾਵੇਗਾ।







# ਦਿਹਾਤੀ ਮਜਦੂਰ ਸਭਾ ਤਹਿਸੀਲ ਫਿਲੌਰ ਵਲੋਂ ਦਿਹਾਤੀ ਮਜਦੂਰਾਂ ਤੇ ਮਨਰੇਗਾ ਕਾਮਿਆਂ ਦੀਆਂ ਮੰਗਾਂ ਸਬੰਧੀ 12 ਜੁਲਾਈ ਨੂੰ ਹਲਕਾ ਵਿਧਾਇਕ ਤੇ 15 ਜੁਲਾਈ ਨੂੰ ਮੈਬਰ ਪਾਰਲੀਮੈਂਟ ਨੂੰ ਮੰਗ ਪੱਤਰ ਦੇਣ ਦਾ ਫੈਸਲਾ

**ਫਿਲੌਰ (ਜੱਸੀ)–** ਦਿਹਾਤੀ ਮਜਦੂਰ ਸਭਾ ਤਹਿਸੀਲ ਫਿਲੌਰ ਦੀ ਮੀਟਿੰਗ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਦਿੱਲੀ ਅੰਦੋਲਨ ਦੇ ਸ਼ਹੀਦ ਯਾਦਗਾਰੀ ਦਫਤਰ ਫਿਲੌਰ ਵਿਖੇ ਹੋਈ। ਇਸ ਮੀਟਿੰਗ ਨੂੰ ਦਿਹਾਤੀ ਮਜਦੂਰ ਸਭਾ ਦੇ ਜਿਲਾ ਸਕੱਤਰ ਪਰਮਜੀਤ ਰੰਧਾਵਾ ਤੇ ਤਹਿਸੀਲ ਫਿਲੌਰ ਦੇ ਸਕੱਤਰ ਅਮ੍ਰਿਤ ਪਾਲ ਨੰਗਲ ਨੇ ਖਾਸ ਤੌਰ ਤੇ ਸੰਬੋਧਨ ਕੀਤਾ। ਇਸ ਸਮੇਂ ਦਿਹਾਤੀ ਮਜਦੂਰ ਸਭਾ ਦੇ ਸੂਬਾਈ ਫੈਸਲੇ ਮੁਤਾਬਿਕ ਮਜਦੂਰ ਜਮਾਤ ਦੀਆਂ ਭਖਦੀਆਂ ਮੰਗਾਂ ਲਾਗੂ ਕਰਾਉਣ ਲਈ ਵਿਧਾਇਕਾਂ ਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਮੰਗ ਪੱਤਰ ਦੇਣ ਦੇ ਫੈਸਲੇ ਦੀ ਰੋਸ਼ਨੀ ਵਿੱਚ 12 ਜੁਲਾਈ ਨੂੰ ਹਲਕਾ ਫਿਲੌਰ ਦੇ ਵਿਧਾਇਕ ਤੇ 15 ਜੁਲਾਈ ਨੂੰ ਜਲੰਧਰ ਦੇ ਮੈਂਬਰ ਪਾਰਲੀਮੈਂਟ ਚਰਨਜੀਤ ਚੰਨੀ ਨੂੰ ਮੰਗ ਪੱਤਰ ਦੇਣ ਦਾ ਫ਼ੈਸਲਾ ਕੀਤਾ।



ਇਸ ਸਮੇਂ ਆਗੂਆਂ ਨੇ ਮੰਗ ਕੀਤੀ ਕਿ ਹਰ ਤਰ੍ਹਾਂ ਦੀ ਪੈਨਸ਼ਨ 5000 ਰੁਪਏ ਦਿੱਤੀ ਜਾਵੇ, ਮਨਰੇਗਾ ਮਜਦੂਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਤੇ ਸਾਰਾ ਸਾਲ ਕੰਮ ਦਿੱਤਾ ਜਾਵੇ, ਮਨਰੇਗਾ ਦੇ ਦਾਇਰੇ ਵਿੱਚ ਸ਼ਹਿਰੀ ਮਜਦੂਰਾਂ ਨੂੰ ਵੀ ਸ਼ਾਮਲ ਕੀਤਾ, ਔਰਤਾਂ ਨੂੰ ਗਿਆਰਾਂ ਸੌ ਰੁਪਏ ਸਮੇਤ ਬਕਾਏ ਦਿੱਤਾ ਜਾਵੇ, ਬੇਘਰੇ ਲੋਕਾਂ ਨੂੰ ਦਸ ਦਸ ਮਰਲੇ ਦੇ ਪਲਾਟ ਦਿੱਤੇ ਜਾਣ, ਮਕਾਨ ਬਨਾਉਣ ਲਈ ਪੰਜ ਲੱਖ ਗਰਾਂਟ ਦਿੱਤੀ ਜਾਵੇ, ਗਰੀਬਾਂ ਦੀਆਂ ਸਿਹਤ ਸਹੂਲਤਾਂ ਵੱਲ ਖਾਸ ਧਿਆਨ ਦਿੱਤਾ ਜਾਵੇ, ਮਜਦੂਰਾਂ ਦੇ ਬੱਚਿਆਂ ਨੂੰ ਉੱਚ ਦਰਜੇ ਲਈ ਮੁਫਤ ਸਿੱਖਿਆ ਸਹੂਲਤਾਂ ਮੁਹੱਈਆ ਕਰਾਈਆਂ ਜਾਣ, ਸਸਤੇ ਰਾਸ਼ਨ ਦੇ ਪਿੰਡ ਪਿੰਡ ਡੀਪੂ ਖੋਲੇ ਜਾਣ, ਗਰੀਬ ਲੋਕਾਂ ਦੇ ਕਰਜੇ ਵਿਆਜ ਸਮੇਤ ਮੁਆਫ਼ ਕੀਤੇ ਜਾਣ ਆਦਿ। ਇਸ ਸਮੇਂ ਦਿਹਾਤੀ ਮਜਦੂਰ ਸਭਾ ਦੇ ਤਹਿਸੀਲ ਪਰਧਾਨ ਜਰਨੈਲ ਫਿਲੌਰ ਨੇ ਕਿਹਾ ਕਿ ਜਥੇਬੰਦੀ ਦੇ ਵਿਸਥਾਰ ਲਈ ਪਿੰਡ ਪਿੰਡ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਬਨਾਰਸੀ ਦਾਸ ਘੁੜਕਾ, ਡਾਕਟਰ ਬਲਵਿੰਦਰ ਬੰਡਾਲਾ, ਮਨਜੀਤ ਸੂਰਜਾ, ਸਰਪੰਚ ਰਾਮ ਲੁਭਾਇਆ ਭੈਣੀ, ਰਾਮ ਨਾਥ ਦੁਸ਼ਾਂਝ ਕਲਾਂ, ਜੀਤਾ ਸੰਗੋਵਾਲ, ਸਾਬੀ ਜਗਤਪੁਰ, ਕੁਲਦੀਪ ਕੁਮਾਰ ਬਿਲਗਾ, ਬੇਅੰਤ ਔਜਲਾ, ਕੁਲ–ਵੰਤ ਔਜਲਾ, ਅਵਤਾਰ ਸਿੰਘ ਨਵਾਂ ਖਹਿਰਾਬੇਟ, ਮਦਨ ਲਾਲ ਸੰਗੋਵਾਲ, ਗੁਰਚਰਨ ਨਵਾ ਖਹਿਰਾ ਬੇਟ, ਆਦਿ ਹਾਜ਼ਰ ਸਨ।

# ਦੁਆਬਾ ਸਾਹਿਤ ਸਭਾ (ਰਜਿਸਟਰਡ) ਗੜ੍ਹਸ਼ੰਕਰ ਦੀ ਮਾਸਿਕ ਇਕੱਤਰਤਾ ਹੋਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਦੁਆਬਾ ਸਾਹਿਤ ਸਭਾ (ਰਜਿ:) ਗੜ੍ਹਸ਼ੰਕਰ (ਹੁਸ਼ਿ:)ਦੀ ਮਹੀਨਾਵਾਰ ਇਕੱਤਰਤਾ ਡਾਕਟਰ ਬਿੱਕਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਸਥਾਨਕ ਗਾਂਧੀ ਪਾਰਕ ਸਥਿਤ ਦਫਤਰ ਸਾਹਿਤ ਸਭਾ ਅਤੇ ਸਵਰਗੀ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬ੍ਰੇਰੀ ਗੜ੍ਹਸ਼ੰਕਰ ਵਿਖੇ ਹੋਈ। ਇਸ ਮਾਸਿਕ ਇਕੱਤਰਤਾ ਵਿੱਚ ਪ੍ਰੋ ਸੰਧੂ ਵਰਿਆਣਵੀ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਸੇਖੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਇਕੱਤਰਤਾ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਅਮਰੀਕ ਹਮਰਾਜ ਨੇ ਦੱਸਿਆ ਕਿ ਇਸ ਇਕੱਤਰਤਾ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਮਸਲਿਆਂ ਉਤੇ ਗੰਭੀਰ ਚਰਚਾ ਕੀਤੀ ਗਈ। ਪ੍ਰਮੁੱਖ ਤੌਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਗੈਰ ਪੰਜਾਬੀ ਅਤੇ ਗੈਰ ਸਿੱਖਿਆ ਸਾਸ਼ਤਰੀ ਸ਼੍ਰੀਮਤੀ ਸਤਬੀਰ ਕੌਰ ਬੇਦੀ ਦੀ ਨਿਯੁਕਤੀ ਉਤੇ ਵਿਰੋਧ ਜਤਾਇਆ ਗਿਆ। ਪੰਜਾਬ ਦੇ ਸਰਕਾਰੀ ਕਾਲਜਾਂ 'ਚ ਕਿੱਤਾਮੁਖੀ ਕੋਰਸਾਂ ਦੀਆਂ ਫੀਸਾਂ ਪ੍ਰਾਈਵੇਟ ਕਾਲਜਾਂ ਦੇ ਬਰਾਬਰ ਕਰਨ ਦਾ ਵੀ ਵਿਰੋਧ ਕੀਤਾ ਗਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੀਆਂ ਸਮੱਸਿਆਵਾਂ ਪ੍ਰਤੀ ਮੌਜੂਦਾ ਸਰਕਾਰ ਵਲੋਂ ਅਪਣਾਈ ਗਈ ਬੇਰੁਖੀ ਵਾਲੀ ਨੀਤੀ ਦੀ ਵੀ ਨਿੰਦਿਆ ਕੀਤੀ ਗਈ। ਵਾਤਾਵਰਣ ਦੀ ਸੰਭਾਲ, ਪਾਣੀ ਆਦਿ ਬੁਨਿਆਦੀ ਲੋੜਾਂ ਤੇ ਵੀ ਸਾਹਿਤਕਾਰਾਂ ਨੂੰ ਆਪਣੀਆਂ ਕਵਿਤਾਵਾਂ, ਕਹਾਣੀਆਂ ਲਿਖ ਕੇ ਸਮਾਜ ਨੂੰ ਪ੍ਰੇਰਿਤ ਕਰਨ ਦੀ ਗੱਲ ਕੀਤੀ ਗਈ। ਪੰਜਾਬ ਨਾਲ ਸੰਬੰਧਿਤ ਭਖਵੇਂ ਮਸਲਿਆਂ ਲਈ ਪੰਜਾਬੀਆਂ ਨੂੰ ਜਾਗਰੂਕ ਕਰਨ ਲਈ ਇਕ ਸੈਮੀਨਾਰ ਕਰਵਾਉਣ ਦਾ ਫੈਂਸਲਾ ਵੀ ਲਿਆ ਗਿਆ। ਇਸ ਵਿਚਾਰ ਚਰਚਾ ਅਤੇ ਕਵੀ ਦਰਬਾਰ ਵਿਚ ਸ਼ਰਵ ਸ਼੍ਰੀ ਪ੍ਰੋ ਸੰਧੂ ਵਰਿਆਣਵੀ, ਪ੍ਰਿੰਸੀਪਲ ਗੁਰਜੰਟ ਸਿੰਘ, ਡਾਕਟਰ ਬਿੱਕਰ ਸਿੰਘ, ਅਮਰੀਕ ਹਮਰਾਜ, ਹੇਮਰਾਜ ਧੰਜਲ, ਰਣਬੀਰ ਬੱਬਰ, ਮਾਸਟਰ ਹੰਸ ਰਾਜ, ਕੁਮਾਰ ਗੁਜਰਾਤ, ਭੁਪਿੰਦਰ ਕੁਮਾਰ ਸੜੋਆ, ਕੈਪਟਨ ਸੁਰਿੰਦਰ ਕੁਮਾਰ, ਅਮਰਜੀਤ ਬੰਗੜ, ਪ੍ਰਿੰਸੀਪਲ ਦਲਬਾਰਾ ਰਾਮ ਆਦਿ ਨੇ ਭਾਗ ਲਿਆ। ਅਖੀਰ ਵਿੱਚ ਪ੍ਰਿੰਸੀਪਲ ਬਿੱਕਰ ਸਿੰਘ ਨੇ ਆਏ ਹੋਏ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।



# ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਐੱਮ ਪੀ ਮੀਤ ਹੇਅਰ ਨੇ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ



**ਨਵੀਂ ਦਿੱਲੀ (ਦਲਜੀਤ ਕੌਰ)** ਸੰਗਰੂਰ ਸੰਸਦੀ ਹਲਕੇ ਤੋਂ ਚੁਣੇ ਗਏ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਆਗੂ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਸੰਸਦ ਵਿੱਚ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਇਸ ਮੌਕੇ ਸੰਸਦ ਭਵਨ 'ਚ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਅਤੇ ਮੀਤ ਹੇਅਰ ਦੇ ਮਾਤਾ–ਪਿਤਾ ਅਤੇ ਪਤਨੀ ਵੀ ਹਾਜ਼ਰ ਸਨ।

ਮੀਤ ਹੇਅਰ ਨੇ ਪੰਜਾਬੀ ਮਾਂ ਬੋਲੀ ਵਿੱਚ ਸਹੁੰ ਚੁੱਕੀ। ਸਹੁੰ ਚੁੱਕਣ ਤੋਂ ਬਾਅਦ ਮੀਤ ਹੇਅਰ ਨੇ ਦੇਸ਼ ਦੇ ਆਜ਼ਾਦੀ ਘੁਲਾਟੀਆ, ਕਿਸਾਨਾਂ ਅਤੇ ਜਵਾਨਾਂ ਨੂੰ ਸਿਜਦਾ ਕਰਦਿਆਂ 'ਇਨਕਲਾਬ ਜ਼ਿੰਦਾਬਾਦ', ਤੇ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਵੀ ਬੁਲੰਦ ਕੀਤਾ। 35 ਵਰ੍ਹਿਆਂ ਦੇ ਮੀਤ ਹੇਅਰ ਨੇ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਟਿਕਟ ਉਤੇ ਸੰਗਰੂਰ ਲੋਕ ਸਭਾ ਹਲਕਾ ਤੋਂ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤੇ ਸਨ। ਇਹ ਉਨ੍ਹਾਂ ਦੀ ਪਹਿਲੀ ਲੋਕ ਸਭਾ ਚੋਣ ਸੀ। ਇਸ ਤੋਂ ਪਹਿਲਾਂ ਉਹ 2017 ਤੇ 2022 ਵਿੱਚ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਲਗਾਤਾਰ ਦੋ ਵਾਰ ਵਿਧਾਇਕ ਚੁਣੇ ਗਏ ਸਨ। ਸਾਲ 2022 ਤੋਂ ਉਹ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਿੱਚ ਬਤੌਰ ਕੈਬਨਿਟ ਮੰਤਰੀ ਵਜੋਂ ਸੇਵਾਵਾਂ ਨਿਭਾ ਰਹੇ ਸਨ।

ਮੀਤ ਹੇਅਰ ਦਾ ਜੱਦੀ ਪਿੰਡ ਬਰਨਾਲਾ ਜ਼ਿਲੇ ਦੇ ਮਹਿਲ ਕਲਾਂ ਹਲਕੇ ਦਾ ਕੁਰੜ (ਛਾਪਾ) ਹੈ ਅਤੇ ਉਹ ਬਰਨਾਲਾ ਸ਼ਹਿਰੀ ਦਾ ਪੱਕਾ ਵਸਨੀਕ ਹੈ। ਬਰਨਾਲਾ ਤੋਂ ਸਕੂਲੀ ਪੜ੍ਹਾਈ ਕਰਨ ਉਪਰੰਤ ਸਵਾਮੀ ਵਿਵੇਕਾਨੰਦ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਬਨੂੜ ਤੋਂ ਮੈਕਨੀਕਲ ਇੰਜਨੀਅਰਿੰਗ ਦੀ ਡਿਗਰੀ ਪਾਸ ਮੀਤ ਹੇਅਰ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰ ਸਨ ਜਦੋਂ ਉਹ ਅੰਨਾ ਹਜ਼ਾਰੇ ਤੇ ਅਰਵਿੰਦ ਕੇਜਰੀਵਾਲ ਵੱਲੋਂ ਚਲਾਏ ਜਾ ਰਹੇ ਅੰਦੋਲਨ ਨਾਲ ਜੁੜ ਗਏ ਅਤੇ ਫੇਰ ਆਮ ਆਦਮੀ ਪਾਰਟੀ ਦੇ ਮੁੱਢਲੇ ਮੈਂਬਰ ਬਣ ਗਏ। ਮੀਤ ਹੇਅਰ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਵੀ ਪ੍ਰਧਾਨ ਰਹੇ। ਕੈਬਨਿਟ ਮੰਤਰੀ ਵਜੋਂ ਖੇਡਾਂ ਤੇ ਯੁਵਕ ਸੇਵਾਵਾਂ, ਜਲ ਸਰੋਤ, ਖਣਨ, ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਸਕੂਲ ਸਿੱਖਿਆ, ਪ੍ਰਸ਼ਾਸਕੀ ਸੁਧਾਰ, ਵਾਤਾਵਰਣ, ਸਾਇੰਸ ਤੇ ਤਕਨਾਲੋਜੀ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗਾਂ ਦੀਆਂ ਸੇਵਾਵਾਂ ਨਿਭਾਉਣ ਵਾਲੇ ਮੀਤ ਹੇਅਰ ਕ੍ਰਿਕਟ ਤੇ ਬੈਡਮਿੰਟਨ ਦੇ ਚੰਗੇ ਖਿਡਾਰੀ ਵੀ ਹਨ। ਉਨ੍ਹਾਂ ਦੀ ਵਾਤਾਵਰਣ ਸੰਭਾਲ ਦੇ ਸਮਾਜਿਕ ਕੰਮਾਂ, ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪਸਾਰ ਅਤੇ ਪਾਲਤੂ ਜਾਨਵਰ ਰੱਖਣ ਵਿੱਚ ਬਹੁਤ ਰੁੱਚੀ ਹੈ।




# ਸਤਲੁਜ ਦਰਿਆ 'ਚ ਡੁੱਬੇ ਮਾਮਾ - ਭਾਣਜਾ





**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਆਂਸਰੋਂ ਨੇੜੇ ਬੰਦਲੀ ਸ਼ੇਰ ਕੀ ਦਰਗਾਹ ਨੇੜੇ ਸਤਲੁਜ ਦਰਿਆ ਦੇ ਕੰਢੇ ਖੜ੍ਹੇ ਇੱਕ 14 ਸਾਲਾ ਨੌਜਵਾਨ ਦਾ ਪੈਰ ਤਿਲਕ ਗਿਆ ਅਤੇ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਿਆ। ਸੈਕਟਰ 38 ਦੇ ਵਸਨੀਕ 34 ਸਾਲਾ ਰਮਨ ਕੁਮਾਰ ਨੇ ਵੀ ਨਦੀ ਵਿੱਚ ਛਾਲ ਮਾਰ ਦਿੱਤੀ ਪਰ ਉਹ ਵੀ ਬਾਹਰ ਨਾ ਆ ਸਕਿਆ ਅਤੇ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਿਆ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਆਂਸਰੋ ਨੇੜੇ ਧਾਰਮਿਕ ਸਥਾਨ ਤੇ ਅੱਜ ਪੀਰ ਬਾਬਾ ਬੰਦਲੀ ਸ਼ੇਰ ਵਿਖੇ ਸੰਤ ਬਾਬਾ ਕੇਹਰ ਸਿੰਘ ਜੀ ਦੀ ਬਰਸੀ ਮਨਾਈ ਜਾ ਰਹੀ ਹੈ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ। ਇੱਕ ਪਰਿਵਾਰ ਖਰੜ ਤੋਂ ਵੀ ਆਇਆ ਹੋਇਆ ਸੀ ਅਤੇ ਇਸ ਪਰਿਵਾਰ ਦਾ 14 ਸਾਲਾ ਲੜਕਾ ਅੰਸ਼ ਵਾਲੀਆ ਨਜ਼ਦੀਕੀ ਸਤਲੁਜ ਦਰਿਆ ਦੇ ਕੰਢੇ ਪਹੁੰਚ ਕੇ ਪਾਣੀ ਨੂੰ ਦੇਖ ਰਿਹਾ ਸੀ, ਕਿ ਅਚਾਨਕ ਤਿਲਕ ਕੇ ਪਾਣੀ ਵਿੱਚ ਡਿੱਗ ਗਿਆ। ਅੰਸ਼ ਨੂੰ ਸਤਲੁਜ ਦਰਿਆ ਵਿੱਚ ਡਿੱਗਣ ਤੋਂ ਬਚਾਉਣ ਲਈ ਉਸਦੇ ਮਾਮੇ ਨੇ ਤੁਰੰਤ ਪਾਣੀ ਵਿੱਚ ਛਾਲ ਮਾਰ ਦਿੱਤੀ ਪਰ ਉਹ ਵੀ ਤੇਜ਼ ਵਹਿ ਰਹੇ ਪਾਣੀ ਦੀ ਲਪੇਟ ਵਿੱਚ ਆ ਗਿਆ। ਇਸ ਘਟਨਾ ਦੀ ਸੂਚਨਾ ਸਥਾਨਕ ਲੋਕਾਂ ਨੇ ਤੁਰੰਤ ਪੁਲਿਸ ਨੂੰ ਦਿੱਤੀ। ਜਿੱਥੋਂ ਏ।ਐਸ।ਆਈ ਲਕਸ਼ਮਣ ਦਾਸ ਪੁਲਿਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ ਅਤੇ ਤੁਰੰਤ ਰੋਪੜ ਤੋਂ ਗੋਤਾਖੋਰਾਂ ਨੂੰ ਬੁਲਾ ਕੇ ਮਾਮੇ - ਭਾਣਜੇ ਦੀ ਭਾਲ ਸ਼ੁਰੂ ਕਰ ਦਿੱਤੀ। ਖ਼ਬਰ ਲਿਖੇ ਜਾਣ ਤੱਕ ਗੋਤਾਖੋਰ ਦੋਵਾਂ ਦੀ ਭਾਲ ਕਰ ਰਹੇ ਸਨ।

# ਸਿਹਤ ਵਿਭਾਗ ਨੇ ਮਨਾਇਆ 'ਕੌਮਾਂਤਰੀ ਯੋਗਾ ਦਿਵਸ'



**ਕੌਹਰੀਆਂ/ਸੰਗਰੂਰ, (ਦਲਜੀਤ ਕੌਰ)** ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਅੱਜ ਸਿਵਲ ਸਰਜਨ ਡਾ। ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਕਰਮਜੀਤ ਸਿੰਘ ਐਕਸ ਪੀ ਸੀ ਐੱਸ ਦੀ ਯੋਗ ਅਗਵਾਈ ਹੇਠ ਪੀ। ਐਚ। ਸੀ। ਕੌਹਰੀਆਂ ਅਤੇ ਅਧੀਨ ਸਿਹਤ ਸੰਸਥਾਵਾਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।

ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਅੱਜਕਲ੍ਹ ਦੀ ਭਜ ਦੌੜ ਵਾਲੀ ਜ਼ਿੰਦਗੀ ਕਾਰਨ ਸਿਹਤ ਦੇ ਖੇਤਰ ਵਿਚ ਕਈ ਨਵੀਆਂ ਚੁਣੌਤੀਆਂ ਸਾਡੇ ਸਾਹਮਣੇ ਹਨ। ਗੈਰ ਸੰਚਾਰੀ ਰੋਗ ਜਿਵੇਂ ਹਾਈ ਬਲਡ ਪ੍ਰੈਸ਼ਰ, ਸ਼ੂਗਰ, ਦਿਲ ਦਾ ਦੌਰਾ, ਲਕਵਾ, ਕੈਂਸਰ, ਦਮਾ, ਸਾਹ ਦੀਆਂ ਬਿਮਾਰੀਆਂ, ਪੇਟ ਦੀਆਂ ਬਿਮਾਰੀਆਂ ਤੇ ਮਾਨਸਿਕ ਰੋਗਾਂ ਨਾਲ ਵੱਡੀ ਗਿਣਤੀ ਵਿਚ ਲੋਕ ਪ੍ਰਭਾਵਿਤ ਹੋ ਰਹੇ ਹਨ। ਡਾ. ਰਵੀ ਗੋਇਲ ਮੈਡੀਕਲ ਅਫਸਰ ਨੇ ਕਿਹਾ ਕਿ ਆਧੁਨਿਕ ਸਮਾਜ ਵਿਚ ਸਰੀਰਿਕ ਘੱਟ ਤੇ ਦਿਮਾਗੀ ਗਤੀਵਿਧੀਆਂ ਜ਼ਿਆਦਾ ਵਧ ਗਈਆਂ ਹਨ, ਜੋ ਕਿ ਤਣਾਅ ਦਾ ਇਕ ਵੱਡਾ ਕਾਰਨ ਹਨ। ਇਸ ਤੋਂ ਮੁਕਤੀ ਲਈ ਸਭ ਤੋਂ ਵੱਧ ਜ਼ਰੂਰੀ ਹੈ, ਸਰੀਰਿਕ ਗਤੀਵਿਧੀਆਂ ਵਿੱਚ ਵਾਧਾ ਕਰਨਾ। ਇਨ੍ਹਾਂ 'ਚ ਯੋਗਾ ਕਰਨਾ ਸਭ ਤੋਂ ਵੱਧ ਲਾਹੇਵੰਦ ਹੈ।

ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ ਕਮ ਨੋਡਲ ਅਫਸਰ ਆਈ ਈ ਸੀ ਨੇ ਦੱਸਿਆ ਕਿ ਯੋਗ ਕਸਰਤ ਕਰਨ ਦਾ ਪ੍ਰਾਚੀਨ ਅਤੇ ਲੋਕਪ੍ਰਿਅ ਤਰੀਕਾ ਹੈ ਜੋ ਕਿ ਆਸਣਾਂ, ਸਾਹ ਲੈਣ ਦੀ ਪ੍ਰਕਿਰਿਆ ਅਤੇ ਆਤਮਿਕ ਧਿਆਨ ਲਾਉਣ ਵਰਗੀਆਂ ਪ੍ਰਕਿਰਿਆਵਾਂ ਉਪਰ ਆਧਾਰਤ ਹੈ ਜੋ ਕਿ ਸ਼ੂਗਰ, ਹਾਈ ਬੀਪੀ, ਦਿਲ ਦੇ ਰੋਗ ਆਦਿ ਬਿਮਾਰੀਆਂ ਨੂੰ ਕਾਬੂ ਵਿਚ ਰੱਖਣ ਲਈ ਸਹਾਈ ਹੁੰਦਾ ਹੈ। ਇਹ ਨਿਰਾਸ਼ਾ, ਥਕਾਵਟ, ਮਾਨਸਿਕ ਪਰੇਸ਼ਾਨੀ ਅਤੇ ਤਣਾਅ ਵਰਗੀਆਂ ਹਾਲਤਾਂ ਵਿੱਚ ਵੀ ਸਹਾਈ ਹੁੰਦਾ ਹੈ।

# 25 ਜੂਨ ਤੋਂ ਐਸ. ਐਸ. ਪੀ ਦਫਤਰ ਹੁਸ਼ਿਆਰਪੁਰ ਅੱਗੇ ਅਣਮਿੱਥੇ ਸਮੇਂ ਲਈ ਦਿੱਤੇ ਜਾ ਰਹੇ ਧਰਨੇ ਵਿਚ ਭਰਵੀਂ ਸ਼ਮੂਲੀਅਤ ਕਰਨਗੇ ਪੇਂਡੂ ਮਜਦੂਰ - ਸਨਾਵਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਆਮ ਆਦਮੀ ਪਾਰਟੀ ਅਤੇ ਹੁਸ਼ਿਆਰ-ਪੁਰ ਪ੍ਰਸ਼ਾਸਨ ਦੇ ਦਲਿਤ ਵਿਰੋਧੀ ਰਵੱਈਏ ਖਿਲਾਫ਼ ਅਤੇ ਪਿੰਡ ਟਾਹਲੀ ਥਾਣਾ ਟਾਂਡਾ ਵਿਖੇ ਸਵਾਲ ਕਰਨ ਵਾਲੇ ਦਲਿਤ ਮਜ਼-ਦੂਰਾਂ ਨਾਲ ਆਮ ਆਦਮੀ ਪਾਰਟੀ ਦੇ ਟਾਂਡਾ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਉਸਦੇ ਹਮਾਇਤੀਆਂ ਵਲੋਂ ਵਧੀਕੀ ਕਰਨ, ਫ਼ੋਨ ਖੋਹ ਕੇ ਦੌੜਨ ਸੰਬੰਧੀ ਵਿਧਾਇਕ ਤੇ ਉਸਦੇ ਸਾਥੀਆਂ ਵਿਰੁੱਧ ਐਸ ਸੀ ਐਸ ਟੀ ਐਕਟ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਨ ਤੇ ਜੇਲ੍ਹ ਡੱਕੇ ਦਲਿਤ ਮਜ਼ਦੂਰ ਆਗੂਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਵਾਉਣ ਲਈ 25 ਜੂਨ ਤੋਂ ਐਸ ਐਸ ਪੀ ਦਫ਼ਤਰ ਹੁਸ਼ਿਆਰਪੁਰ ਅੱਗੇ ਕੀਤੇ ਜਾ ਰਹੇ ਧਰਨਾ ਪ੍ਰਦਰਸ਼ਨ ਵਿਚ ਜਿਲਾ ਨਵਾਂਸ਼ਹਿਰ ਦੇ ਪੇਂਡੂ ਮਜਦੂਰ ਭਰਵੀਂ ਸ਼ਮੂਲੀਅਤ ਕਰਨਗੇ। ਇਸ ਸਬੰਧੀ ਜਿਲਾ ਕਮੇਟੀ ਪੇਂਡੂ ਮਜਦੂਰ ਯੂਨੀਅਨ ਦੀ ਮੀਟਿੰਗ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ ਦੀ ਪ੍ਰਧਾਨਗੀ ਹੇਠ ਨਵਾਂਸ਼ਹਿਰ ਵਿਖੇ ਹੋਈ।ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕਮਲਜੀਤ ਸਨਾਵਾ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਹਰਾਓ-ਭਾਜਪਾ ਭਜਾਓ, ਹੋਰਨਾਂ ਪਾਰਟੀਆਂ ਨੂੰ ਸਵਾਲ ਕਰੋ ' ਦੀ ਮੁਹਿੰਮ ਤਹਿਤ ਆਮ ਆਦਮੀ ਪਾਰਟੀ ਦਾ ਦਲਿਤ ਵਿਰੋਧੀ ਚਿਹਰਾ ਉਸ ਵਕਤ ਨੰਗਾਂ ਹੋਇਆ ਜਦੋਂ ਹਲਕਾ ਟਾਂਡਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ 20 ਮਈ ਨੂੰ ਪਿੰਡ ਟਾਹਲੀ ਵਿਖੇ ਚੋਣ ਪ੍ਰਚਾਰ ਦੌਰਾਨ ਦਲਿਤ ਮਜ਼ਦੂਰਾਂ ਨੇ ਉਸਨੂੰ ਜਦੋਂ ਸਵਾਲ ਕੀਤੇ ਕਿ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਦੇ ਹੱਕ ਕਿਉਂ ਨਹੀਂ ਦਿੱਤੇ?ਪਰੋਵੈਨਸ਼ਲ ਗੌਰਮਿੰਟ ਦੀਆਂ ਅਲਾਟ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਹਟਾ ਕੇ ਦਲਿਤਾਂ ਨੂੰ ਮਾਲਕੀ ਹੱਕ ਕਿਉਂ ਨਹੀਂ ਦਿੱਤੇ? ਤਾਂ ਸਵਾਲਾਂ ਦੇ ਦਲੀਲ ਨਾਲ ਜਵਾਬ ਦੇਣ ਦੀ ਥਾਂ ਜਸਵੀਰ ਸਿੰਘ ਰਾਜਾ ਬੁਖਲਾਹਟ ਵਿੱਚ ਆ ਗਿਆ । ਉਸਨੇ ਆਪਣੇ ਘੁਮੰਡ ਅਤੇ ਦਲਿਤਾਂ ਨੂੰ ਜਾਤੀ ਨੀਵਾਂ ਦਿਖਾਉਣ ਖਾਤਰ ਉਲ਼ਟ ਉਹਨਾਂ ਨਾਲ ਵਧੀਕੀ ਕੀਤੀ ਅਤੇ ਸਾਰੇ ਘਟਨਾਕ੍ਰਮ ਦੀ ਵੀਡੀਓ ਬਣਾ ਰਹੇ ਦਲਿਤ ਮਜ਼ਦੂਰ ਤੋਂ ਉਸਦਾ ਮੋਬਾਇਲ ਫ਼ੋਨ ਖੋਹ ਕੇ ਹਮਾਇਤੀਆਂ ਸਮੇਤ ਰਾਜਾ ਮੌਕੇ ਤੋਂ ਦੋੜ ਗਿਆ। ਉਪਰੰਤ ਆਪਣੇ ਸੱਤਾ ਦੇ ਨਸ਼ੇ ਦੀ ਦੁਰਵਰਤੋਂ ਕਰਕੇ ਐਸ ਐਸ ਪੀ ਹੁਸ਼ਿਆਰਪੁਰ ਨਾਲ ਮਿਲ ਕੇ ਪੀੜਤ ਦਲਿਤ ਮਜ਼ਦੂਰਾਂ ਨੂੰ ਆਗੂ ਰਹਿਤ ਕਰਨ ਲਈ ਮਨਘੜ੍ਹਤ ਕਹਾਣੀ ਬਣਾ ਕੇ ਝੂਠਾ ਕੇਸ ਪਾ ਕੇ ਤਿੰਨ ਮਜ਼ਦੂਰ ਆਗੂ ਨਾਵਲ ਗਿੱਲ ਟਾਹਲੀ,ਬੁੱਧ ਰਾਜ ਅਤੇ ਧਰਮਿੰਦਰ ਨੂੰ ਜੇਲ੍ਹ ਬੰਦ ਕਰ ਦਿੱਤਾ ਗਿਆ ।ਕਮਲਜੀਤ ਸਨਾਵਾ ਨੇ ਕਿਹਾ ਕਿ ਪੇਂਡੂ ਮਜਦੂਰ ਯੂਨੀਅਨ ਵਲੋਂ ਇਸਤੋਂ ਪਹਿਲਾਂ 13 ਜੂਨ ਨੂੰ ਐਸ। ਐਸ।ਪੀ ਦਫਤਰ ਹੁਸ਼ਿਆਰਪੁਰ ਅੱਗੇ ਧਰਨਾ ਦਿੱਤਾ ਗਿਆ ਸੀ ਜਿਸ ਧਰਨੇ ਵਿਚ ਆਕੇ ਐਸ। ਪੀ (ਡੀ)ਨੇ ਮਜਦੂਰ ਆਗੂਆਂ ਦੇ ਕੇਸ ਖਤਮ ਕਰਕੇ ਜਿਹਲ ਵਿਚ ਬੰਦ ਆਗੂਆਂ ਨੂੰ ਰਿਹਾ ਕਰਨ ਦਾ ਵਾਅਦਾ ਕੀਤਾ ਸੀ ਪਰ ਪੁਲਸ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਹਨਾਂ ਮੰਗ ਕੀਤੀ ਕਿ ਜੇਲ੍ਹ ਡੱਕੇ ਮਜ਼ਦੂਰ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਹਲਕਾ ਵਿਧਾਇਕ ਤੇ ਉਸਦੇ ਸਮਰੱਥਕਾਂ ਖਿਲਾਫ਼ ਐਸ ਸੀ ਐਸ ਟੀ ਐਕਟ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ। ਇਸ ਮੌਕੇ ਹਰੀ ਰਾਮ ਰਸੂਲਪੁਰੀ, ਕਿਰਨਜੀਤ ਕੌਰ, ਲਾਡੀ ਕੋਟ ਰਾਂਝਾ, ਰਾਜਕੁਮਾਰ ਯੂਨੀਅਨ ਆਗੂ ਵੀ ਮੌਜੂਦ ਸਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਬਸਪਾ ਨਸ਼ੇ, ਬੇਰੁਜ਼ਗਾਰੀ ਤੇ ਗੁੰਡਾਗਰਦੀ ਦੇ ਖਾਤਮੇ ਦੇ ਮੁੱਦੇ 'ਤੇ ਲੜ ਰਹੀ ਚੋਣ - ਬਿੰਦਰ ਲਾਖਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)**- ਹਲਕਾ ਜਲੰਧਰ ਪੱਛਮੀ ਤੋਂ ਬਹੁਜਨ ਸਮਾਜ ਪਾਰਟੀ ਵੱਲੋਂ ਨਾਮਜ਼ਦਗੀ ਕਰਨ ਤੋਂ ਬਾਅਦ ਪਾਰਟੀ ਉਮੀਦਵਾਰ ਬਿੰਦਰ ਕੁਮਾਰ ਲਾਖਾ ਨੇ ਹਲਕੇ 'ਚ ਲੋਕਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ। ਆਪਣੀ ਪ੍ਰਚਾਰ ਮੁਹਿੰਮ ਦੌਰਾਨ ਉਨ੍ਹਾਂ ਮੀਡੀਆ ਨਾਲ ਗੱਲਬਾਤ 'ਚ ਕਿਹਾ ਕਿ ਬਸਪਾ ਇਹ ਚੋਣ ਨਸ਼ੇ, ਬੇਰੁਜ਼ਗਾਰੀ, ਕਾਨੂੰਨ ਵਿਵਸਥਾ ਦੀ ਮਾੜੀ ਸਥਿਤੀ, ਗੁੰਡਾਗਰਦੀ ਨੂੰ ਖਤਮ ਕਰਨ ਆਦਿ ਮੁੱਦਿਆਂ 'ਤੇ ਚੋਣ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕੇ 'ਚ ਲੋਕਾਂ ਨੇ ਵਾਰੋ ਵਾਰੀ ਭਾਜਪਾ ਤੇ ਕਾਂਗਰਸ ਦੇ ਉਮੀਦਵਾਰਾਂ ਨੂੰ ਮੌਕਾ ਦਿੱਤਾ ਹੈ, ਪਰ ਸੱਤਾ 'ਚ ਆਉਣ ਦੇ ਬਾਵਜੂਦ ਇਹ ਹਲਕੇ 'ਚੋਂ ਨਾ ਤਾਂ ਨਸ਼ਾ ਖਤਮ ਕਰ ਸਕੇ ਤੇ ਨਾ ਹੀ ਗੁੰਡਾਗਰਦੀ। ਸਗੋਂ ਇਨ੍ਹਾਂ ਦੇ ਰਾਜ 'ਚ ਨਸ਼ੇ ਤੇ ਗੁੰਡਾਗਰਦੀ 'ਚ ਲਗਾਤਾਰ ਵਾਧਾ ਹੋਇਆ ਹੈ। ਇਸ ਕਾਰਨ ਲੋਕਾਂ ਦੀ ਸਥਿਤੀ ਲਗਾਤਾਰ ਖਰਾਬ ਹੋਈ ਹੈ। ਲੋਕਾਂ 'ਚ ਸਹਿਮ ਬਣਿਆ ਰਹਿੰਦਾ ਹੈ ਤੇ ਲੋਕ ਖੁੱਲ



ਕੇ ਜ਼ਿੰਦਗੀ ਵੀ ਜੀਅ ਨਹੀਂ ਪਾ ਰਹੇ ਹਨ।ਹਲਕੇ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਵੀ ਲਗਾਤਾਰ ਵਿਗੜੀ ਹੈ ਤੇ ਲੋਕਾਂ ਦੀ ਜਾਨ ਮਾਲ ਵੀ ਸੁਰੱਖਿਅਤ ਨਹੀਂ ਹੈ। ਲੋਕਾਂ ਨਾਲ ਲੁੱਟ ਖੋਹ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ। ਬਸਪਾ ਉਮੀਦਵਾਰ ਨੇ ਕਿਹਾ ਕਿ ਇਨ੍ਹਾਂ ਹਾਲਾਤ 'ਚ ਸੁਧਾਰ ਲਈ ਹੀ ਉਹ ਤੁਰੇ ਹਨ ਤੇ ਲੋਕਾਂ ਦਾ ਸਮਰਥਨ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਵੀ ਬਹੁਤ ਵੱਡਾ ਮੁੱਦਾ ਹੈ। ਇਸ ਤੋਂ ਇਲਾਵਾ ਲੋਕ ਸਿਹਤ ਸੁਵਿਧਾਵਾਂ ਤੋਂ ਵੀ ਸੱਖਣੇ ਹਨ। ਪ੍ਰਸ਼ਾਸਨ 'ਚ ਵੀ ਲੋਕਾਂ ਦੀ ਸੁਣਵਾਈ ਨਹੀਂ ਹੁੰਦੀ। ਬਦਲਾਅ ਦੇ ਨਾਂ 'ਤੇ ਆਈ ਆਪ ਸਰਕਾਰ ਵੀ ਲੋਕਾਂ ਦੀ ਸਥਿਤੀ 'ਚ ਕੋਈ ਸੁਧਾਰ ਨਹੀਂ ਲਿਆ ਸਕੀ ਤੇ ਇਸਨੇ ਵੀ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ। ਬਿੰਦਰ ਲਾਖਾ ਨੇ ਕਿਹਾ ਕਿ ਇਨ੍ਹਾਂ ਹਾਲਾਤ 'ਚ ਬਸਪਾ ਇੱਕ ਚੰਗਾ ਬਦਲ ਹੈ ਤੇ ਲੋਕਾਂ ਦੀ ਸਥਿਤੀ ਸੁਧਾਰਨ ਦੀ ਸਮਰੱਥਾ ਰੱਖਦੀ ਹੈ। ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਉਹ ਚੋਣ ਲੜ ਰਹੇ ਹਨ ਤੇ ਲੋਕਾਂ ਤੋਂ ਸਮਰਥਨ ਚਾਹੁੰਦੇ ਹਨ ਤਾਂ ਕਿ ਰਲ-ਮਿਲ ਕੇ ਹਲਕੇ ਦੀ ਸਥਿਤੀ ਨੂੰ ਸੁਧਾਰਿਆ ਜਾਵੇ ਤੇ ਲੋਕਾਂ ਨੂੰ ਚੰਗੀ ਜ਼ਿੰਦਗੀ ਦਿੱਤੀ ਜਾ ਸਕੇ। ਇਸ ਮੌਕੇ ਬਸਪਾ ਆਗੂ ਐਡਵੋਕੇਟ ਬਲਵਿੰਦਰ ਕੁਮਾਰ, ਦਵਿੰਦਰ ਗੋਗਾ, ਐਡਵੋਕੇਟ ਦੀਪਕ, ਗਿਰਧਾਰੀ ਲਾਲ, ਸੰਦੀਪ ਜੱਲੋਵਾਲ ਆਦਿ ਵੀ ਮੌਜੂਦ ਸਨ।

# ਨਵੇਂ ਐਕਟ ਦੇ ਤਹਿਤ ਹੁਣ ਸਰਕਾਰ ਐਮਰਜੈਂਸੀ ਦੇ ਸਮੇਂ ਸਾਰੇ ਟੈਲੀਕਾਮ ਨੈੱਟਵਰਕਾਂ ਨੂੰ ਕੰਟਰੋਲ ਕਰ ਸਕੇਗੀ

**ਨਵੀਂ ਦਿੱਲੀ (ਦਲਜੀਤ ਕੌਰ)**- 26 ਜੂਨ ਤੋਂ, ਕੇਂਦਰ ਸਰਕਾਰ ਨੂੰ ਦੂਰਸੰਚਾਰ ਐਕਟ 2023 ਦੇ ਲਾਗੂ ਹੋਣ ਤੋਂ ਬਾਅਦ, ਐਮਰਜੈਂਸੀ ਦੌਰਾਨ ਕਿਸੇ ਵੀ ਦੂਰਸੰਚਾਰ ਸੇਵਾਵਾਂ ਜਾਂ ਨੈਟਵਰਕ ਨੂੰ ਕੰਟਰੋਲ ਕਰਨ ਦਾ ਅਧਿਕਾਰ ਹੋਵੇਗਾ। ਕੇਂਦਰ ਨੇ ਇਸ ਮਿਤੀ ਤੋਂ ਵਿਸ਼ੇਸ਼ ਵਿਵਸਥਾਵਾਂ ਨੂੰ ਪ੍ਰਭਾਵੀ ਬਣਾਉਂਦੇ ਹੋਏ, ਐਕਟ ਨੂੰ ਅੰਸ਼ਕ ਤੌਰ 'ਤੇ ਸੂਚਿਤ ਕੀਤਾ ਹੈ।

ਗਜ਼ਟ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ, "ਕੇਂਦਰ ਸਰਕਾਰ ਇਸ ਦੁਆਰਾ 26 ਜੂਨ 2024 ਤੋਂ ਨਿਰਧਾਰਤ ਕਰਦੀ ਹੈ, ਜਿਸ ਦਿਨ ਧਾਰਾ 1, 2, 10 ਤੋਂ 30, 42 ਤੋਂ 44, 46, 47, 50 ਤੋਂ 58, 61, ਅਤੇ ਉਕਤ ਐਕਟ ਦੀ ਧਾਰਾ 62 ਲਾਗੂ ਹੋਵੇਗੀ।" ਇਸਦਾ ਮਤਲਬ ਹੈ ਕਿ ਸਰਕਾਰ ਸੁਰੱਖਿਆ, ਜਨਤਕ ਵਿਵਸਥਾ, ਜਾਂ ਅਪਰਾਧਾਂ ਦੀ ਰੋਕਥਾਮ ਨਾਲ ਸਬੰਧਤ ਕਾਰਨਾਂ ਕਰਕੇ ਦੂਰਸੰਚਾਰ ਸੇਵਾਵਾਂ ਦਾ ਨਿਯੰਤਰਣ ਲੈ ਸਕਦੀ ਹੈ।

ਇਸ ਐਕਟ ਦੀ ਧਾਰਾ 20, 26 ਜੂਨ ਤੋਂ ਲਾਗੂ ਹੋ ਰਹੀ ਹੈ, ਦੱਸਦੀ ਹੈ, "ਕਿਸੇ ਵੀ ਜਨਤਕ ਸੰਕਟ ਦੀ ਸਥਿਤੀ ਵਿੱਚ, ਆਫ਼ਤ ਪ੍ਰਬੰਧਨ ਸਮੇਤ, ਜਾਂ ਜਨਤਕ ਸੁਰੱਖਿਆ ਦੇ ਹਿੱਤ ਵਿੱਚ, ਕੇਂਦਰ ਸਰਕਾਰ ਜਾਂ ਰਾਜ ਸਰਕਾਰ, ਜਾਂ ਕੇਂਦਰ ਦੁਆਰਾ ਵਿਸ਼ੇਸ਼ ਤੌਰ 'ਤੇ ਅਧਿਕਾਰਤ ਕੋਈ ਅਧਿਕਾਰੀ ਜਾਂ ਰਾਜ।



ਸਰਕਾਰ, ਕਿਸੇ ਅਧਿਕਾਰਤ ਸੰਸਥਾ ਤੋਂ ਕਿਸੇ ਵੀ ਦੂਰਸੰਚਾਰ ਸੇਵਾ ਜਾਂ ਨੈੱਟਵਰਕ ਦਾ ਅਸਥਾਈ ਤੌਰ 'ਤੇ ਕਬਜ਼ਾ ਲੈ ਸਕਦੀ ਹੈ। ਇਸ ਤੋਂ ਇਲਾਵਾ, ਉਹ ਇਹ ਸੁਨਿਸ਼ਚਿਤ ਕਰ ਸਕਦੇ ਹਨ ਕਿ ਜਨਤਕ ਐਮਰਜੈਂਸੀ ਦੌਰਾਨ ਜਵਾਬ ਅਤੇ ਰਿਕਵਰੀ ਲਈ ਅਧਿਕਾਰਤ ਉਪਭੋਗਤਾਵਾਂ ਜਾਂ ਸਮੂਹਾਂ ਦੇ ਸੰਦੇਸ਼ਾਂ ਨੂੰ ਪਹਿਲ ਦਿੱਤੀ ਜਾਂਦੀ ਹੈ।"

ਐਕਟ ਸਾਰੇ ਦੂਰਸੰਚਾਰ ਆਪਰੇਟਰਾਂ ਨੂੰ ਦੂਰਸੰਰ ਨੈੱਟਵਰਕ ਸਥਾਪਤ ਕਰਨ ਜਾਂ ਚਲਾਉਣ, ਸੇਵਾਵਾਂ ਪ੍ਰਦਾਨ ਕਰਨ, ਜਾਂ ਰੇਡੀਓ ਉਪਕਰਨ ਰੱਖਣ ਲਈ ਸਰਕਾਰੀ ਅਧਿਕਾਰ ਪ੍ਰਾਪਤ ਕਰਨ ਦੀ ਮੰਗ ਕਰਦਾ ਹੈ।

ਇਸ ਐਕਟ ਦੇ ਲਾਗੂ ਹੋਣ ਦੇ ਨਾਲ, ਯੂਨੀਵਰਸਲ ਸਰਵਿਸ ਓਬਲੀਗੇਸ਼ਨ ਫੰਡ ਨੂੰ ਡਿਜੀਟਲ ਭਾਰਤ ਨਿਧੀ ਦੇ ਰੂਪ ਵਿੱਚ ਪੁਨਰ-ਬ੍ਰਾਂਡ ਕੀਤਾ ਜਾਵੇਗਾ, ਜੋ ਕਿ ਪੇਂਡੂ ਖੇਤਰਾਂ ਵਿੱਚ ਦੂਰਸੰਚਾਰ ਸੇਵਾਵਾਂ ਦਾ ਸਮਰਥਨ ਕਰਨ ਦੀ ਬਜਾਏ ਖੋਜ ਅਤੇ ਵਿਕਾਸ ਅਤੇ ਪਾਇਲਟ ਪ੍ਰੋਜੈਕਟਾਂ ਨੂੰ ਫੰਡ ਦੇਣ ਲਈ ਇਸਦੀ ਵਰਤੋਂ ਦਾ ਵਿਸਤਾਰ ਕਰੇਗਾ।

ਹਾਲਾਂਕਿ, ਐਕਟ ਦੀਆਂ ਕੁਝ ਧਾਰਾਵਾਂ, ਜਿਵੇਂ ਕਿ ਸਪੈਕਟ੍ਰਮ ਦੀ ਪ੍ਰਬੰਧਕੀ ਵੰਡ, ਸੈਟੇਲਾਈਟ ਸੇਵਾਵਾਂ ਅਤੇ ਨਿਰਣਾਇਕ ਵਿਧੀ ਸਮੇਤ, ਨੂੰ ਬਾਅਦ ਦੀ ਮਿਤੀ 'ਤੇ ਸੂਚਿਤ ਕੀਤਾ ਜਾਵੇਗਾ। ਇੱਕ ਵਾਰ ਲਾਗੂ ਹੋਣ ਤੋਂ ਬਾਅਦ, ਦੂਰਸੰਚਾਰ ਐਕਟ 2023, 1885 ਦੇ ਇੰਡੀਅਨ ਟੈਲੀਗ੍ਰਾਫ ਐਕਟ ਅਤੇ 1933 ਦੇ ਵਾਇਰਲੈੱਸ ਟੈਲੀਗ੍ਰਾਫੀ ਐਕਟ ਦੇ ਅਧੀਨ ਮੌਜੂਦਾ ਨਿਯਮਾਂ ਨੂੰ ਬਦਲ ਦੇਵੇਗਾ।

## ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਨਵੀਂ ਟੀਮ ਦੀ ਹੋਈ ਚੋਣ

**ਫਗਵਾੜਾ (ਬੀ.ਕੇ. ਰੱਤੂ)**- ਚੰਡੀਗੜ੍ਹ ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਅਹਿਮ ਬੈਠਕ ਹੋਈ ਜਿਸ ਵਿੱਚ ਕਈ ਮੁੱਦਿਆਂ ਤੇ ਚਰਚਾ ਕੀਤੀ ਗਈ ਅਤੇ ਸਾਲ 2024-25 ਲਈ ਨਵੀਂ ਕਮੇਟੀ ਦਾ



ਗਠਨ ਕੀਤਾ ਗਿਆ। ਅੰਬੇਡਕਰ ਸਟੂਡੈਂਟ ਐਸੋਸੀਏਸ਼ਨ ਵੱਲੋ ਅਮਿਤ ਬੰਗਾ ਨੂੰ ਪ੍ਰਧਾਨ , ਦਿਨੇਸ਼ ਦਈਆ ਚੇਅਰਮੈਨ, ਅਨਮੋਲ ਵਾਈਸ ਚੇਅਰਮੈਨ, ਵਿਨੇ ਵਾਈਸ ਪ੍ਰਧਾਨ ,ਗਰੀਮਾ ਜਨਰਲ ਸੈਕਟਰੀ ,ਤਨੀਸ਼ਾ ਨੂੰ ਜੁਆਇੰਟ ਸੈਕਟਰੀ ਦੇ ਤੌਰ ਤੇ ਚੁਣਿਆ ਗਿਆ। ਨਵੇਂ ਬਣੇ ਪ੍ਰਧਾਨ ਅਮਿਤ ਬੰਗਾ ਨੇ ਕਿਹਾ ਕਿ ਅੰਬੇਡਕਰ ਸਟੂਡੈਂਟ ਐਸੋਸੀਏਸ਼ਨ ਪਿਛਲੇ ਕਈ ਸਾਲਾਂ ਤੋਂ ਸਟੂਡੈਂਟ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ ਅਤੇ ਅਸੀਂ ਇਸ ਸੰਘਰਸ਼ ਨੂੰ ਜਾਰੀ ਰੱਖਾਂਗੇ ਤੇ ਆਪਣੇ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਕੇ ਜਾਵਾਂਗੇ। ਚੇਅਰਮੈਨ ਦਿਨੇਸ਼ ਦਈਆ ਨੇ ਕਿਹਾ ਅਸੀਂ ਸਟੂਡੈਂਟਸ ਦੇ ਹੱਕਾਂ ਲਈ ਹਮੇਸ਼ਾ ਅੱਗੇ ਖੜੇ ਮਿਲਾਂਗੇ ਤੇ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਅੱਗੇ ਵਧਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਮੌਕੇ ਤੇ ਅੰਬੇਡਕਰ ਸਟੂਡੈਂਟ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਗੌਤਮ ਬੌਰੀਆ, ਸਾਬਕਾ ਚੇਅਰਮੈਨ ਦੀਪਕ ਤੇ ਹੋਰ ਸਟੂਡੈਂਟ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬੇਗਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਉੜੀਸਾ ਦੇ ਪਿੰਡਾਂ ਵਿੱਚ ਸਮਰਸੀਬਲ ਪੰਪਾ ਲਗਾਉਣ ਦੀ ਸੇਵਾ ਨਿਰੰਤਰ ਜਾਰੀ ਹੈ - ਭਾਈ ਰਾਮ ਸਿੰਘ ਮੈਂਗੜਾ

**ਫਗਵਾੜਾ (ਬੀ.ਕੇ. ਰੱਤੂ)**- ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਭਾਰਤ ਦੇ ਸੂਬੇ ਉੜੀਸਾ ਦੇ ਵੱਖ ਵੱਖ ਜੰਗਲਾਂ ਵਿੱਚ ਵਸੇ ਹੋਏ ਛੋਟੇ ਛੋਟੇ ਪਿੰਡਾਂ ਵਿੱਚ ਤਿੰਨ ਜੂਨ ਤੋਂ ਜੋ ਸਮਰਸੀਬਲ ਪੰਪਾ ਦੀ ਸ਼ਬੀਲ ਸ਼ੁਰੂ ਕੀਤੀ ਗਿਆ ਸੀ, ਉਹ ਲਗਾਤਾਰ ਜਾਰੀ ਹੈ। ਸੰਸਥਾ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਗਰੀਬ ਬੇਸਹਾਰਾਂ ਜ਼ਰੂਰਤਮੰਦ ਤੇ ਬਹੁਤ ਹੀ ਲੋੜਮੰਦ ਲਚਾਰ ਲੋਕ ਜਿਹੜੇ ਕੇ ਕਈ ਸਾਲਾਂ ਤੋ ਸਮੇਂ ਸਮੇਂ ਦੀਆਂ ਸਰਕਾਰਾਂ ਨੂੰ ਸਾਫ਼ ਸੁਥਰੇ ਪੀਣ ਵਾਲੇ ਪਾਣੀ ਦੀ ਗੁਹਾਰ ਲਾਕੇ ਮੰਗ ਕਰ ਰਹੇ ਸਨ, ਉਹਨਾਂ ਦੀ ਇਸ ਮੁਸ਼ਕਲ ਨੂੰ ਵੇਖਦੇ ਹੋਏ ਹੁਣ ਬੇਗਮ-ਪੁਰਾ ਏਡ ਇੰਟਰਨੈਸ਼ਨਲ ਵਲੋ ਸਾਫ਼ ਸੁਥਰੇ ਪੀਣ ਵਾਲੇ ਪਾਣੀ ਵਾਸਤੇ ਉੱਥੇ ਦੇ ਪਿੰਡਾਂ ਵਿੱਚ ਲਗਾਤਾਰ ਸਮਰਸੀਬਲ ਪੰਪਾਂ ਨੂੰ ਲਗਾਈਆਂ ਜਾਂ ਰਿਹਾ ਹੈ।ਜਿਕਰਯੋਗ ਹੈ ਸਦੀਆਂ ਬੀਤ ਜਾਣ ਤੋਂ ਬਾਅਦ ਇਹਨਾਂ ਆਦਿ-ਵਾਸੀਆਂ ਨੂੰ ਸਾਫ਼ ਪਾਣੀ ਪੀਣ ਵਾਲਾਂ ਨਸੀਬ ਹੋਇਆਂ ਹੈਂ। ਇਸ ਤੋਂ ਪਹਿਲਾਂ ਇਹ ਲੋਕ ਛੱਪੜਾਂ




ਟੋਬੀਆ ਦਾ ਪਾਣੀ ਪੀ ਕੇ ਗੁਜ਼ਾਰਾ ਕਰਦੇ ਸੀ ਤੇ ਗੰਦਲਾਂ ਪਾਣੀ ਪੀਣ ਕਾਰਣ ਭਿਆਨਕ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ ਤੇ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਪਿ-ਛਲੇ ਸਾਲ ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਵੱਲੋਂ ਇਹਨਾਂ ਜੰਗਲਾਂ ਵਿੱਚ ਵਸੇ ਹੋਏ ਛੋਟੇ ਛੋਟੇ ਪਿੰਡਾਂ ਵਿੱਚ ਸਰਵੇ ਕਰਨ ਤੋ ਉਪਰੰਤ ਹੀ ਸਮਰਸੀਬਲ ਪੰਪ ਲਗਵਾਉਣ ਲਈ ਬੇਗਮਪੁਰ ਏਡ ਇੰਟਰਨੈਸ਼ਨਲ ਸੰਸਥਾ ਦੀ ਟੀਮ ਗਈ ਹੋਈ ਹੈ। ਉੱਥੇ ਦੇ ਲੋਕਾਂ ਦੇ ਦਿਲਾਂ ਵਿੱਚ ਸੰਸਥਾ ਪ੍ਰਤੀ ਬਹੁਤ ਮੁਹੱਬਤ ਪ੍ਰੇਮ ਪਿਆਰ ਦੇਖਣ ਨੂੰ ਮਿਲਿਆ। ਉਹ ਲੋਕ ਇਸ ਤਰਾਂ ਭਾਵਕ ਹੋਏ ਫਿਰਦੇ ਹਨ ਤੇ ਪੁੱਛਦੇ ਹਨ ਤੁਸੀ ਤਾ ਵਿਦੇਸ਼ਾਂ ਦੀ ਧਰਤੀ ਤੇ ਰਹਿੰਦੇ ਹੋ ਤਾ ਸਾਡੀ ਮੱਦਦ ਇਹਨੀਂ ਦੂਰ ਕਿਉਂ ਕਰਨ ਆਏ ਹੋ। ਤਾ ਸਾਡੀ ਸੰਸਥਾ ਦੀ ਟੀਮ ਵਲੋ ਉੱਥੇ ਪਹੁੰਚ ਕੇ ਘਰਾ ਵਿੱਚ ਜਾ ਜਾ ਕੇ ਉਹਨਾਂ ਲੋਕਾਂ ਨੂੰ ਜਦੋਂ (ਬੇਗਮਪੁਰਾ) ਸ਼ਬਦ ਦੇ ਅਰਥ ਕਰਕੇ ਦੱਸੇ ਤੇ ਕਿਹਾ ਅਸੀਂ ਇਨਸਾਨੀਅਤ ਤੇ ਜ਼ਰੂਰਤਮੰਦਾਂ ਦੀ ਸੇਵਾ ਨੂੰ ਰੱਬ ਦੀ ਸੇਵਾ ਸਮਝਕੇ ਕਰਦੇ ਹਾਂ ਤਾ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਅਖੀਰ ਵਿੱਚ ਅਸੀ ਦਾਨੀ ਸੱਜਣਾਂ ਨੂੰ ਅਪੀਲ ਕਰਦੇ ਹਾਂ ਕੇ ਉਹ ਵੀ ਅਪਣੀ ਕ੍ਰਿਤ ਕਮਾਈ ਵਿੱਚੋਂ ਬਣਦਾ ਯੋਗਦਾਨ ਜ਼ਰੂਰ ਪਾਵੋ ਤਾਂ ਜੋ ਸੰਸਥਾ ਵਲੋ ਜ਼ਰੂਰਤ ਮੰਦ ਲੋਕਾਂ ਦੀ ਸਮੇਂ ਸਿਰ ਮੱਦਦ ਹੋ ਸਕੇ।

# ਤੰਬਾਕੂ ਦੀ ਮਾੜੀ ਤੇ ਜਾਨਲੇਵਾ ਆਦਤ ਤੋਂ ਆਪਣੀ ਨਵੀਂ ਪੀੜ੍ਹੀ ਨੂੰ ਬਚਾਉਣਾ ਬਹੁਤ ਜ਼ਰੂਰੀ - ਡੀ.ਸੀ.

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮੰਗਲਵਾਰ ਨੂੰ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਆਯੋਜਿਤ ਗਈ। ਇਸ ਮੀਟਿੰਗ ਵਿੱਚ ਸਿਵਲ ਸਰਜਨ ਡਾ। ਜਸਪ੍ਰੀਤ ਕੌਰ ਸਮੇਤ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਸਮੇਤ ਵੱਖ-ਵੱਖ ਭਾਈਵਾਲ ਵਿਭਾਗਾਂ ਦੇ ਨੁਮਾਇੰਦੇ ਹਾਜ਼ਰ ਹੋਏ।

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਤੰਬਾਕੂ ਦੀ ਮਾੜੀ ਤੇ ਜਾਨਲੇਵਾ ਆਦਤ ਤੋਂ ਆਪਣੀ ਨਵੀਂ ਪੀੜ੍ਹੀ ਨੂੰ ਬਚਾਉਣ ਦੀ ਲੋੜ ਤੇ ਜੋਰ ਦਿੰਦੇ ਹੋਏ ਜ਼ਿਲ੍ਹਾ ਟਾਸਕ ਫੋਰਸ ਦੇ ਮੈਂਬਰਾਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ। ਇਸ ਕਾਰਜ ਵਿੱਚ ਸਾਰੇ ਭਾਈਵਾਲ ਵਿਭਾਗਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ।

ਉਨ੍ਹਾਂ ਹਦਾਇਤ ਕੀਤੀ ਕਿ ਸਿਹਤ ਵਿਭਾਗ ਸਮੇਤ ਭਾਈਵਾਲ ਵਿਭਾਗਾਂ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਵਿਦਿਅਕ ਅਦਾਰਿਆਂ ਸਮੇਤ ਜਨਤਕ ਥਾਵਾਂ 'ਤੇ ਨਿਰੰਤਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕੋਈ ਕੋਟਪਾ ਐਕਟ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਨੂੰ ਤੰਬਾਕੂ ਮੁਕਤ ਜ਼ਿਲ੍ਹਾ ਬਣ-ਾਉਣ ਲਈ ਸਾਂਝਾ ਹਭਲਾ ਮਾਰਿਆ ਜਾਵੇ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਤੀਬਰ ਜਾਗਰੂਕਤਾ ਮੁਹਿੰਮ ਸ਼ੁਰੂ ਕਰਕੇ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਨਾਲ ਹੋਣ ਵਾਲੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਜਾਵੇ। ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਵੱਧ ਤੋਂ ਵੱਧ ਚਾਲਾਨ ਕੀਤੇ ਜਾਣ।



ਡਿਪਟੀ ਕਮਿਸ਼ਨਰ ਨੇ ਨਗਰ ਕੌਂਸਲ ਵਿਭਾਗ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਵੱਧ ਤੋਂ ਵੱਧ ਚਾਲਾਨ ਕੀਤੇ ਜਾਣ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਏਰੀਆ ਅੰਦਰ ਜਿਨ੍ਹਾਂ ਦੁਕਾਨਾਂ/ ਵੈਂਡਰਾਂ ਵੱਲੋਂ ਤੰਬਾਕੂ ਉਤਪਾਦਾਂ ਦੀ ਵਿਕਰੀ ਕੀਤੀ ਜਾਂਦੀ ਹੈ, ਉਨ੍ਹਾਂ ਦੁਕਾਨਾਂ 'ਤੇ ਇਹ ਬੋਰਡ ਲਗਵਾਇਆ ਜਾਣਾ ਯਕੀਨੀ ਬਣਾਇਆ ਜਾਵੇ ਕਿ 18 ਸਾਲ ਦੀ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ ਕਾਨੂੰਨੀ ਅਪਰਾਧ ਹੈ।

ਸਿਵਲ ਸਰਜਨ ਡਾ ਜਸਪ੍ਰੀਤ ਕੌਰ ਨੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਸਾਰੇ ਭਾਈਵਾਲ ਵਿਭਾਗਾਂ ਨੂੰ ਵੀ ਇਸ ਵਿਚ ਆਪਣੀ ਸਰਗਰਮ ਭਾਗੀਦਾਰੀ ਨਿਭਾਉਣ ਦੀ ਅਪੀਲ ਕੀਤੀ। ਇਸ ਮੌਕੇ ਡੀ.ਐਸ.ਪੀ. ਗੁਰਬਿੰਦਰ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਦੇਵਾ, ਸਰਵੀਲੈਂਸ ਮੈਡੀਕਲ ਅਫਸਰ ਡਾ ਗਗਨ ਸ਼ਰਮਾ, ਸੀਨੀਅਰ ਮੈਡੀਕਲ ਅਫਸਰ ਡਾ। ਗੀਤਾਂਜਲੀ ਸਿੰਘ, ਡਾ। ਸੋਨੀਆ, ਡਾ। ਗੁਰਿੰਦਰਜੀਤ ਸਿੰਘ, ਡਾ। ਰਵਿੰਦਰ ਸਿੰਘ, ਡਾ। ਗੁਰਪਾਲ ਕਟਾਰੀਆ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸ਼ਰ ਦਲਜੀਤ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਸਤਿਗੁਰੂ ਕਬੀਰ ਸਾਹਿਬ ਜੀ ਮਹਾਰਾਜ ਅਤੇ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਇਤਿਹਾਸਕ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਤਿਗੁਰੂ ਕਬੀਰ ਸਾਹਿਬ ਜੀ ਮਹਾਰਾਜ ਅਤੇ ਛੇਵੀਂ ਪਾਤਸ਼ਾਹੀ ਧੰਨ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਅਤੇ ਸੰਗਤਾਂ ਨੂੰ ਕੀਰਤਨ ਰਾਹੀਂ ਇਤਿਹਾਸ ਨਾਲ ਜੋੜਿਆ ਗਿਆ। ਸਤਿਗੁਰੂ ਕਬੀਰ ਸਾਹਿਬ ਮਹਾਰਾਜ ਜੀ, ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ ਜੀਵਨ ਵਾਰੇ ਗੁਰਬਾਣੀ ਦੇ ਸ਼ਬਦ ਗਾਇਨ ਕਰਕੇ ਗੁਰੂਘਰ ਪਹੁੰਚੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਕੇਵਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਬੀਰ ਸਾਹਿਬ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮਨੁੱਖਤਾ, ਗਰੀਬਾਂ ਅਤੇ ਮਜ਼ਲੂਮਾਂ ਦੇ ਹੱਕਾਂ ਦੀ ਲੜਾਈ ਲੜੀ, ਗੁਰੂ ਸਾਹਿਬ ਜੀ ਨੇ ਸੰਗਤ ਨੂੰ ਮੀਰੀ ਪੀਰੀ ਦੇ ਧਾਰਨੀ ਬਣਾਇਆ, ਉਨ੍ਹਾਂ ਨੇ ਜਬਰ-ਜ਼ੁਲਮ ਵਿਰੁੱਧ ਗਰੀਬ ਗੀਰਬੇ ਲੋਕਾਂ ਨੂੰ ਜੁਲਮ ਦੇ ਖਿਲਾਫ ਲੜਨ ਲਈ ਮਜ਼ਬੂਤ ਕੀਤਾ, ਜਾਤ-ਪਾਤ ਤੋਂ ਉੱਪਰ ਉੱਠ ਕੇ ਮਨੁੱਖੀ ਜੀਵਨ ਜਿਊਣ ਦਾ ਉਪਦੇਸ਼ ਦਿੱਤਾ ਗਿਆ। ਇਸ ਮੌਕੇ ਕਮੇਟੀ ਮੈਂਬਰ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ, ਮੱਖਣ ਸਿੰਘ ਵਾਹਿਦਪੁਰੀ, ਕੈਸ਼ੀਅਰ ਹਰਭਜਨ ਸਿੰਘ ਸਹੂੰਗੜਾ, ਸਰਪੰਚ ਰੋਸ਼ਨ ਲਾਲ ਨੈਣਵਾਂ, ਹੈਡ ਗ੍ਰੰਥੀ ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਚੌਧਰੀ ਜੀਤ ਸਿੰਘ, ਸਤਪਾਲ ਸਿੰਘ, ਬਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਉੱਘੇ ਅੰਬੇਡਕਰੀ ਲਾਹੌਰੀ ਰਾਮ ਬਾਲੀ ਦੀ ਯਾਦ ਵਿੱਚ ਵਿਸ਼ਾਲ ਸਮਾਗਮ 6 ਜੁਲਾਈ ਨੂੰ ਅੰਬੇਡਕਰ ਭਵਨ ਵਿਖੇ ਹੋਵੇਗਾ

**ਜਲੰਧਰ–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ਼ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਅੰਬੇਡਕਰ ਭਵਨ ਟਰੱਸਟ (ਰਜਿ।) ਦੇ ਚੇਅਰਮੈਨ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਟਰੱਸਟ (ਰਜਿ।), ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ



ਯੂਨਿਟ ਦੀ ਇਕ ਸਾਂਝੀ ਮੀਟਿੰਗ ਹੋਈ ਜਿਸ ਵਿੱਚ ਸਰਬ ਸੰਮਤੀ ਨਾਲ ਉੱਘੇ ਅੰਬੇਡਕਰਵਾਦੀ ਅਤੇ ਨਿਧੜਕ ਬੁਲਾਰੇ ਸ੍ਰੀ ਐਲ ਆਰ ਬਾਲੀ ਜੀ ਦੀ ਯਾਦ ਵਿੱਚ 6 ਜੁਲਾਈ 2024 ਨੂੰ ਇੱਕ ਵਿਸ਼ਾਲ ਸਮਾਗਮ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ ਜਲੰਧਰ ਵਿਖੇ ਆਯੋਜਿਤ ਕਰਨ ਦਾ ਫੈਸਲਾ ਕੀਤਾ ਗਿਆ। ਬਲਦੇਵ ਭਾਰਦਵਾਜ ਨੇ ਕਿਹਾ ਕਿ ਚੇਅਰਮੈਨ ਸ੍ਰੀ ਸੋਹਨ ਲਾਲ ਨੇ ਦੱਸਿਆ ਕਿ ਸ੍ਰੀ ਲਾਹੌਰੀ ਰਾਮ ਬਾਲੀ ਇੱਕ ਅਜਿਹੀ ਸਖਸ਼ੀਅਤ ਸਨ ਜੋ ਬਾਬਾ ਸਾਹਿਬ ਦੇ ਪ੍ਰੀ ਨਿਰਵਾਨ ਵਾਲੇ ਦਿਨ, 6 ਦਸੰਬਰ 1956 ਨੂੰ ਆਪਣੀ ਪੱਕੀ ਸਰਕਾਰੀ ਨੌਕਰੀ ਛੱਡ ਕੇ ਬਾਬਾ ਸਾਹਿਬ ਦੇ ਮਿਸ਼ਨ ਦੇ ਪ੍ਰਚਾਰ - ਪ੍ਰਸਾਰ ਵਿਚ ਜੁੱਟ ਗਏ ਅਤੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਾਸਤੇ ਉਨਾਂ ਨੇ 1958 ਵਿੱਚ ਇੱਕ ਅਖਬਾਰ 'ਭੀਮ ਪੱਤਰਕਾ' ਸ਼ੁਰੂ ਕੀਤਾ ਜੋ ਉਹਨਾਂ ਨੇ ਆਪਣੇ ਅੰਤਿਮ ਸਾਹ ਤੱਕ ਜਾਰੀ ਰੱਖਿਆ ਅਤੇ ਉਹਨਾਂ ਤੋਂ ਬਾਅਦ ਹੁਣ ਉਹਨਾਂ ਦਾ ਬੇਟਾ ਡਾ। ਰਾਹੁਲ ਕੁਮਾਰ ਬਾਲੀ ਉਸ ਪੇਪਰ ਨੂੰ ਆਨਲਾਈਨ ਚਲਾ ਰਿਹਾ ਹੈ। ਉਹਨਾਂ ਨੇ ਦੱਸਿਆ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਜਲੰਧਰ ਵਿਖੇ ਆਏ ਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ। ਜਿਸ ਜਗ੍ਹਾ ਬਾਬਾ ਸਾਹਿਬ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ ਉਹ ਭੂਮੀ ਬਾਲੀ ਸਾਹਿਬ ਨੇ ਆਪਣੇ ਸਾਥੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਖਰੀਦ ਕੇ ਅੰਬੇਡਕਰ ਭਵਨ ਦੇ ਨਾਮ ਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਵਿਰਾਸਤ ਕਾਇਮ ਕੀਤੀ। ਉਹਨਾਂ ਦੱਸਿਆ ਕਿ ਸ੍ਰੀ ਲਾਹੌਰੀ ਰਾਮ ਬਾਲੀ ਜੀ ਨੇ ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੀ ਸਥਾਪਨਾ ਕੀਤੀ ਸੀ ਅਤੇ ਇਨ੍ਹਾਂ ਸੰਸਥਾਵਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ ਹੈ। ਯਾਦ ਰਹੇ ਬਾਲੀ ਸਾਹਿਬ ਸੈਂਕੜੇ ਕਿਤਾਬਾਂ ਦੇ ਲੇਖਕ ਅਤੇ ਰਿਪਬਲਿਕਨ ਪਾਰਟੀ ਆਫ ਇੰਡੀਆ ਦੇ 6 ਸਾਲ ਸਕੱਤਰ ਰਹੇ।

6 ਜੁਲਾਈ, 2023 ਨੂੰ ਬਾਲੀ ਸਾਹਿਬ ਦਾ 93 ਸਾਲ ਦੀ ਉਮਰ ਵਿਚ ਪ੍ਰੀ ਨਿਰਵਾਨ ਹੋ ਗਿਆ ਸੀ। ਉਪਰੋਕਤ ਤਿੰਨਾਂ ਸੰਸਥਾਵਾਂ ਨੇ ਬਾਲੀ ਸਾਹਿਬ ਦੀ ਯਾਦ ਵਿੱਚ 6 ਜੁਲਾਈ ਨੂੰ ਉਹਨਾਂ ਦੀ ਯਾਦ ਵਿੱਚ ਇੱਕ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕਰਨ ਦਾ ਫੈਸਲਾ ਲਿਆ ਹੈ ਜਿਸ ਵਿੱਚ ਬਾਲੀ ਸਾਹਿਬ ਦੇ ਜੀਵਨ ਅਤੇ ਮਿਸ਼ਨ ਤੇ ਪ੍ਰਸਿੱਧ ਬੁਲਾਰਿਆਂ ਵਲੋਂ ਚਾਨਣਾ ਪਾਇਆ ਜਾਵੇਗਾ। ਇਸ ਮੀਟਿੰਗ ਵਿੱਚ ਸਰਬ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ ਕਾਲਜਾਂ, ਚਰਨ ਦਾਸ ਸੰਧੂ ਪ੍ਰਧਾਨ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.), ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜਸਲ, ਡਾਕਟਰ ਮਹਿੰਦਰ , ਬਲਦੇਵ ਰਾਜ ਜਸਲ, ਪਰਮਿੰਦਰ ਸਿੰਘ ਖੁਤਨ, ਹਰਭਜਨ ਨਿਮਤਾ, ਜਸਵਿੰਦਰ ਵਰਿਆਣਾ ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ, ਤਿਲਕ ਰਾਜ, ਕੁਲਦੀਪ ਭੱਟੀ ਅਤੇ ਮੈਡਮ ਸੁਦੇਸ਼ ਕਲਿਆਣ ਹਾਜ਼ਰ ਸਨ।

### ਮਾਮਲਾ ਸੀਨੀਆਰਤਾ ਸੂਚੀ ਵਿੱਚ ਤਰੱਕੀ ਪ੍ਰਾਪਤ ਲੈਕਚਰਾਰਾਂ ਦੀ ਪੂਰੀ ਡਿਟੇਲ ਅਪਡੇਟ ਨਾ ਹੋਣ ਦਾ

# ਅਧਿਆਪਕ ਵਰਗ ਦੀਆਂ ਭੱਖਦੀਆਂ ਮੰਗਾਂ ਨੂੰ ਲੈ ਕੇ ਐਸ.ਸੀ.ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਦਾ ਵਫਦ ਡਾਇਰੈਕਟਰ ਸਿੱਖਿਆ ਵਿਭਾਗ ਨੂੰ ਮਿਲਿਆ

**ਫਗਵਾੜਾ–** ਐਸ.ਸੀ.ਬੀ.ਸੀ. ਸਮਾਜ ਦੇ ਮੁਲਾਜ਼ਮ ਵਰਗ ਅਤੇ ਸਮਾਜ ਦੀਆਂ ਜਾਇਜ਼ ਅਤੇ ਸੰਵਿਧਾਨਕ ਮੰਗਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ।ਸੀ।ਬੀ।ਸੀ। ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਅਤੇ ਅਡੀਸ਼ਨਲ ਸਟੇਟ ਪ੍ਰਧਾਨ ਸਤਵੰਤ ਟੂਰਾ ਦੀ ਅਗਵਾਈ ਵਿੱਚ ਮਨਜੀਤ ਗਾਟ, ਅਮਰੀਕ ਸਿੰਘ ਕਾਡਰ ਦੇ ਵੱਖ-ਵੱਖ ਵਿਸ਼ਿਆਂ ਦੀਆਂ ਬਹੁਤ ਸਾਰੀਆਂ ਪੋਸਟਾਂ ਖਾਲੀ ਪਈਆਂ, ਪੋਸਟਾਂ ਖਾਲੀ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਗਿਆ ਰਿਹਾ ਹੈ । ਉਸ ਉਪਰੰਤ ਰੈਸ਼ਨਾਲਾਈਜੇਸ਼ਨ ਉੱਪਰ ਧਿਆਨ ਦਿੱਤਾ ਜਾਵੇਗਾ, ਕਿਉਂਕਿ ਬਹੁਤਿਆਂ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘੱਟ ਹੈ ਪਰ ਪੋਸਟਾਂ ਪੂਰੀਆਂ ਭਰੀਆਂ ਹੋਈਆਂ ਹਨ। ਫੈਡਰੇਸ਼ਨ ਵਲੋਂ ਇਸ



ਅਜਨੋਹਾ, ਵਿਨੋਦ ਕੁਮਾਰ, ਅਵਤਾਰ ਸਿੰਘ ਦੇ ਵਫਦ ਨੇ ਮਾਣਯੋਗ ਸ੍ਰੀ ਪਰਮਜੀਤ ਸਿੰਘ ਪੀਸੀਐਸ ਡਾਇਰੈਕਟਰ ਸਿੱਖਿਆ ਵਿਭਾਗ ਸੀਨੀਅਰ ਸੈਕੰਡਰੀ ਨਾਲ ਸਿੱਖਿਆ ਵਿਭਾਗ ਵਿੱਚ ਭਖਦੀਆਂ ਮੰਗਾਂ ਨੂੰ ਲੈ ਕੇ ਮੁਲਾਕਾਤ ਕੀਤੀ। ਸ੍ਰੀ ਟੂਰਾ ਨੇ ਕਿਹਾ ਕਿ ਇਹ ਮੀਟਿੰਗ ਬਹੁਤ ਹੀ ਵਧੀਆ ਅਤੇ ਸੁਖਾਵੇਂ ਮਾਹੌਲ ਵਿੱਚ ਹੋਈ। ਮੀਟਿੰਗ ਦੌਰਾਨ ਫੈਡਰੇਸ਼ਨ ਵੱਲੋਂ ਮਾਸਟਰ ਕਾਡਰ ਦੀ ਨਵੀਂ ਬਣੀ ਸੀਨੀਆਰਤਾ ਸੂਚੀ ਅਤੇ ਮਾਸਟਰ ਕਾਡਰ ਤੋਂ ਵੱਖ-ਵੱਖ ਵਿਸ਼ਿਆਂ ਵਿੱਚ ਬਤੌਰ ਲੈਕਚਰਾਰ ਦੀਆਂ ਤਰੱਕੀਆਂ ਸਬੰਧੀ ਗੱਲਬਾਤ ਕੀਤੀ ਗਈ। ਫੈਡਰੇਸ਼ਨ ਵੱਲੋਂ ਇਹ ਗੱਲ ਰੱਖੀ ਗਈ ਕਿ ਅਧਿਆਪਕਾਂ ਨੂੰ ਆਪਣੇ ਤੋਂ ਜੂਨੀਅਰ ਕਰਮਚਾਰੀਆਂ ਨੂੰ ਸੀਨੀਆਰਤਾ ਸੂਚੀ ਵਿੱਚ ਲੱਭਣ ਵਿੱਚ ਬਹੁਤ ਮੁਸ਼ਕਿਲ ਆ ਰਹੀ ਹੈ। ਅਗਰ ਵਿਭਾਗ ਹਰ ਵਿਸ਼ੇ ਦੇ ਆਖਰੀ ਤਰੱਕੀ ਪ੍ਰਾਪਤ ਕਰਮਚਾਰੀ ਦਾ ਸੀਨੀਆਰਤਾ ਨੰਬਰ ਜਾਰੀ ਕਰ ਦੇਵੇ ਤਾਂ ਸਾਰੇ ਹੀ ਕਰਮਚਾਰੀਆਂ ਲਈ ਸੌਖਾ ਵੀ ਹੋ ਜਾਵੇਗਾ ਅਤੇ ਵਿਭਾਗ ਦਾ ਕੰਮ ਵੀ ਘੱਟ ਹੋ ਸਕਦਾ ਹੈ। ਇਸ ਨਾਲ ਤਰੱਕੀ ਕੋਟੇ ਦੀਆਂ ਪੋਸਟਾਂ ਵੀ ਭਰੀਆਂ ਜਾ ਸਕਦੀਆਂ ਹਨ। ਉਹਨਾਂ ਨੇ ਮਾਣਯੋਗ ਡਾਇਰੈਕਟਰ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਕੇ ਜੇਕਰ ਹੋ ਸਕੇ ਤਾਂ ਹੁਣ ਤੱਕ ਜਿੰਨੀਆਂ ਵੀ ਤਰ-ੱਕੀਆਂ ਵੱਖ-ਵੱਖ ਵਿਸ਼ਿਆਂ ਦੀਆਂ ਹੋਣੀਆਂ ਹਨ ਉਹ ਡਾਟਾ ਵੀ ਵਿਭਾਗ ਕੋਲ ਮੌਜੂਦ ਹੈ ਤੇ ਹਰ ਕਰਮਚਾਰੀ ਦੇ ਕਾਲਮ ਵਿੱਚ ਲਿਖਿਆ ਜਾ ਸਕਦਾ ਹੈ ਕਿ ਇਹ ਕਰਮਚਾਰੀ ਕਿਸ ਵਿਸ਼ੇ ਦੀ ਪੋਸਟ ਤੋਂ ਕਦੋਂ ਪ੍ਰਮੋਟ ਹੋਇਆ ਹੈ। ਫੈਡਰੇਸ਼ਨ ਵੱਲੋਂ ਡਾਇਰੈਕਟਰ ਸਾਹਿਬ ਨੂੰ ਸੀਨੀਆਰਤਾ ਸੂਚੀ ਵਿੱਚ ਨਾਮ ਲੱਭਣ ਦੇ ਵਿੱਚ ਆ ਰਹੀ ਮੁਸ਼ਕਿਲ ਨੂੰ ਹੱਲ ਕਰਨ ਲਈ ਕਿਹਾ ਗਿਆ ਤਾਂ ਜੋ ਅਧਿਆਪਕਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਨਾ ਪਵੇ। ਸੀਨੀਆਰਤਾ ਸੂਚੀ ਦੀ ਗੁੰਝਲਤਾ ਕਰਕੇ ਜੋ ਕਰਮਚਾਰੀ ਆਪਣੇ ਕੇਸ ਜਮਾ ਨਹੀਂ ਕਰਵਾ ਸਕੇ ਉਹ ਸਾਰੇ ਕੇਸ ਮੰਗਵਾ ਲਏ ਜਾਣ ਤਾਂ ਕਿ ਕੋਈ ਵੀ ਕਰਮਚਾਰੀ ਰਹਿ ਨਾ ਜਾਵੇ।ਇਸ ਤੇ ਮਾਣਯੋਗ ਡਾਇਰੈਕਟਰ ਸਾਹਿਬ ਦਾ ਕਹਿਣਾ ਸੀ ਕਿ ਵਿਭਾਗ ਦਾ ਪੂਰਾ ਯਤਨ ਹੈ ਕਿ ਪਹਿਲਾਂ ਮਾਸਟਰ ਕਾਡਰ ਤੋਂ ਤਰੱਕੀਆਂ ਕੀਤੀਆਂ ਜਾਣ ਕਿਉਂਕਿ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰ ਤੇ ਇਹ ਸੁਝਾਅ ਦਿੱਤਾ ਗਿਆ ਕਿ ਹੋ ਸਕੇ ਤਾਂ ਇਸ ਪਾਲਿਸੀ ਅਧੀਨ ਪਹਿਲਾਂ ਟੀਚਰਸ ਲੈੱਸ ਅਤੇ ਸਿੰਗਲ ਟੀਚਰ ਸਕੂਲਾਂ ਵਿੱਚ ਪੋਸਟਾਂ ਭਰੀਆਂ ਜਾਣ ਕਿਉਂਕਿ ਸਕੂਲਾਂ ਵਿਚ ਅਧਿਆ-ਪਕਾਂ ਦੀ ਘਾਟ ਕਾਰਨ ਬੱਚਿਆਂ ਦੀ ਗਿਣਤੀ ਵਿੱਚ ਕਮੀ ਆ ਰਹੀ ਹੈ। ਇਸ ਉਪਰੰਤ ਆਮ ਬਦਲੀਆਂ ਖੋਲੀਆਂ ਜਾਣ । ਤਰ-ੱਕੀਆਂ ਅਤੇ ਰੈਸ਼ਨਾਲਾਈਜੇਸ਼ਨ ਦੇ ਨਾਲ ਬਹੁਤ ਸਾਰੇ ਅਧਿਆਪਕਾਂ ਦਾ ਮਸਲਾ ਵੀ ਹੱਲ ਹੋ ਜਾਵੇਗਾ।ਮੀਟਿੰਗ ਵਿੱਚ ਫੈਡਰੇਸ਼ਨ ਵੱਲੋਂ ਤਰੱਕੀਆਂ ਤੇ ਸਟੇਸ਼ਨਾਂ ਵਿੱਚ ਬੈਕਲਾਗ ਪਹਿਲਾਂ ਭਰਨ ਅਤੇ ਸਟੇਸ਼ਨ ਰੋਸਟਰ ਰਜਿਸਟਰ ਦੇ ਖਾਲੀ ਨੁਕਤਿਆਂ ਅਨੁਸਾਰ ਭਰਨ ਲਈ ਮੰਗ ਕੀਤੀ ਗਈ ਸੀ। ਸਾਰੇ ਮਸਲਿਆਂ ਨੂੰ ਡਾਇਰੈਕਟਰ ਸਾਹਿਬ ਵੱਲੋਂ ਬਹੁਤ ਧਿਆਨ ਨਾਲ ਸੁਣਿਆ ਗਿਆ ਤੇ ਨਿਯਮਾਂ ਅਧੀਨ ਪੂਰਾ ਕਰਨ ਦਾ ਹਾਂ ਪੱਖੀ ਹੁੰਗਾਰਾ ਭਰਿਆ ਗਿਆ। ਇਸ ਮੌਕੇ ਲਖਵੀਰ ਚੰਦ, ਗਿਆਨ ਚੰਦ ਵਾਹਦ, ਸਤਨਾਮ ਗਿੱਲ, ਅਮਰਿੰਦਰ ਸਿੰਘ, ਪ੍ਰਵੀਨ ਭੁੱਟਾ ਅਤੇ ਹੋਰ ਬਹੁਤ ਸਾਰੇ ਸਾਥੀ ਸ਼ਾਮਲ ਸਨ।

# 105 ਸਾਲਾ ਬਜੁਰਗ ਦੀ ਬਾਂਹ ਦੇ ਫਰੈਕਚਰ ਲਈ ਰਾਡ ਪਾਉਣ ਲਈ ਸਫ਼ਲ ਸਰਜਰੀ ਕੀਤੀ ਗਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਈ.ਵੀ.ਵਾਈ ਹਸਪਤਾਲ ਵਿੱਚ 105 ਸਾਲਾ ਵਿਅਕਤੀ ਦੀ ਸੱਜੀ ਬਾਂਹ ਦੇ ਫਰੈਕਚਰ ਲਈ ਰਾਡ ਪਾਉਣ ਲਈ ਸਫ਼ਲ ਸਰਜਰੀ ਕੀਤੀ ਗਈ। ਆਈ.ਵੀ.ਵਾਈ. ਦੇ ਆਰਥੋਪੀਡਿਕ ਸਰਜਨ ਡਾ ਸੰਦੀਪ ਸਿੰਘ, ਜਿਨ੍ਹਾਂ ਨੇ ਕਿਰਪਾਲ ਸਿੰਘ ਦਾ ਆਪਰੇਸ਼ਨ ਕੀਤਾ, ਨੇ ਕਿਹਾ ਕਿ ਬਲੱਡ ਪ੍ਰੈਸ਼ਰ ਦੀਆਂ ਸਮੱਸਿਆਵਾਂ ਅਤੇ ਗੁਰਦੇ ਦੇ ਖਰਾਬ ਕੰਮਕਾਜ ਵਰਗੀਆਂ ਬਿਮਾਰੀਆਂ ਵਾਲੇ ਬਜ਼ੁਰਗ ਮਰੀਜ਼ ਲਈ ਅਜਿਹੀ ਸਰਜਰੀ ਲਈ ਵਿਸ਼ੇਸ਼ ਅਨੱਸਥੀਸੀਆ ਸਹਾਇਤਾ, ਪੋਸਟ-ਆਪਰੇਟਿਵ ਦੇਖਭਾਲ ਅਤੇ ਵਿਆਪਕ ਪੁਨਰਵਾਸ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਜਰੀ ਤੋਂ ਬਾਅਦ ਮਰੀਜ਼ ਵਿੱਚ ਕਾਫੀ ਸੁਧਾਰ ਹੋਇਆ ਹੈ ਅਤੇ ਉਸ ਨੂੰ ਛੁੱਟੀ ਦੇ ਦਿੱਤੀ ਗਈ ਹੈ। ਡਾ. ਸੰਜੇ ਪੁਰੀ ਜੀ.ਐਮ ਓਪਰੇਸ਼ਨਜ਼ ਆਈ.ਵੀ.ਵਾਈ ਹਸਪਤਾਲ ਨੇ ਕਿਹਾ, "ਇਹ ਸਰਜਰੀ ਸਾਡੇ ਡਾਕਟਰਾਂ ਦੇ ਹੁਨਰ ਅਤੇ ਸਮਰਪਣ ਨੂੰ ਦਰਸਾਉਂਦੀ ਹੈ ਅਤੇ ਹੈਲਥਕੇਅਰ ਕਮਿਊਨਿਟੀ ਲਈ ਇੱਕ ਪ੍ਰੇਰਨਾ ਵਜੋਂ ਕੰਮ ਕਰਦੀ ਹੈ।"ਪੰਜਾਬ ਖੇਤਰ ਵਿੱਚ ਮਲਟੀਸਪੈਸ਼ਲਿਟੀ ਹਸਪਤਾਲਾਂ ਦੀ ਸਭ ਤੋਂ ਵੱਡੀ ਲੜੀ ਆਈ.ਵੀ.ਵਾਈ. ਹੈਲਥਕੇਅਰ ਗਰੁੱਪ, ਅਡਵਾਂਸ ਇਲਾਜਾਂ ਅਤੇ ਮੈਡੀਕਲ ਉੱਤਮਤਾ ਲਈ ਜਾਣਿਆ ਜਾਂਦਾ ਹੈ। ਇਹ 750+ ਬਿਸਤਰੇ, 38+ ਵਿਸ਼ੇਸ਼ਤਾਵਾਂ, 250+ ਡਾਕਟਰ, 28



ਆਈਸੀਯੂ, 20 ਐਡਵਾਂਸ ਓਪਰੇਟਿੰਗ ਥੀਏਟਰ ਅਤੇ 6 ਕੈਥ ਲੈਬਾਂ ਦੀ ਪੇਸ਼ਕਸ਼ ਕਰਦਾ ਹੈ।

# ਸਮੂਹ ਇਨਸਾਫ਼ਪਸੰਦ ਤਾਕਤਾਂ ਕਾਲੇ ਕਾਨੂੰਨਾਂ ਨੂੰ ਰੋਕਣ ਲਈ ਅੱਗੇ ਆਉਣ - ਪੰਜਾਬ ਜਮਹੂਰੀ ਮੋਰਚਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਜਮਹੂਰੀ ਮੋਰਚਾ ਦੇ ਸੂਬਾ ਕਨਵੀਨਰ ਜੁਗਰਾਜ ਸਿੰਘ ਟੱਲੇਵਾਲ ਅਤੇ ਹੋਰ ਆਗੂਆਂ ਨੇ ਭਾਜਪਾ ਸਰਕਾਰ ਦੇ ਇਸ ਦਾਅਵੇ ਨੂੰ ਰੱਦ ਕੀਤਾ ਹੈ ਕਿ ਪਿਛਲੇ ਸਾਲ ਪਾਸ ਕੀਤੇ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ੀਆ ਅਧਿਨਿਯਮ ਸੰਵਿਧਾਨਕ ਹੱਕਾਂ ਦੀ ਰਾਖੀ ਕਰਨ ਅਤੇ ਨਿਆਂ ਦੇਣ ਲਈ ਲਿਆਂਦੇ ਗਏ ਹਨ। ਯਾਦ ਰਹੇ ਕਿ ਪਿਛਲੇ ਸਾਲ ਪਾਰਲੀਮੈਂਟ ਦੇ ਸਰਦ-ਰੁੱਤ ਸੈਸ਼ਨ ਵਿਚ ਬਿਨਾਂ ਬਹਿਸ ਕਰਾਏ ਪਾਸ ਕੀਤੇ ਇਹ ਕਾਨੂੰਨ ਪਹਿਲੀ ਜੁਲਾਈ ਤੋਂ ਭਾਰਤੀ ਦੰਡ ਸੰਹਿਤਾ (ਆਈਪੀਸੀ), ਭਾਰਤੀ ਫ਼ੌਜਦਾਰੀ ਸੰਹਿਤਾ (ਸੀਆਰਪੀਸੀ) ਅਤੇ ਭਾਰਤੀ ਗਵਾਹੀ ਐਕਟ (ਆਈਈਏ) ਦੀ ਜਗ੍ਹਾ ਲੈ ਲੈਣਗੇ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦਾ ਕਾਨੂੰਨੀ ਰੱਦੋਬਦਲ ਦਾ ਬਹਾਨਾ ਹੋਰ ਅਤੇ ਨਿਸ਼ਾਨਾ ਹੋਰ ਹੈ। ਬਹਾਨਾ ਤਾਂ ਇਹ ਬਣਾਇਆ ਗਿਆ ਹੈ ਕਿ ਇਹ ਨਵੀਂ ਕਾਨੂੰਨੀ ਵਿਵਸਥਾ ਅੰਗਰੇਜ਼ਾਂ ਦੇ ਜ਼ਮਾਨੇ ਦੇ ਕਾਨੂੰਨਾਂ ਦੀ ਵਿਰਾਸਤ ਨੂੰ ਖ਼ਤਮ ਕਰਨ ਲਈ ਹੈ ਜਿਨ੍ਹਾਂ ਦਾ ਮਨੋਰਥ ਬਸਤੀਵਾਦੀ ਰਾਜ ਨੂੰ ਮਜ਼ਬੂਤ ਅਤੇ ਸੁਰੱਖਿਅਤ ਬਣਾਉਣਾ ਸੀ। ਭਾਜਪਾ ਸਰਕਾਰ ਦਾ ਇਹ ਦਾਅਵਾ ਪੂਰੀ ਤਰ੍ਹਾਂ ਝੂਠ ਹੈ ਕਿਉਕਿ ਇਨ੍ਹਾਂ ਦਾ 83% ਦੇ ਲੱਗਭੱਗ ਟੈਕਸਟ ਪੁਰਾਣੇ ਕਾਨੂੰਨਾਂ ਵਾਲਾ ਹੀ ਹੋਣ ਕਾਰਨ ਇਹ ਨਾ ਤਾਂ ਬਸਤੀਵਾਦੀ ਕਾਨੂੰਨਾਂ ਦੀ ਵਿਰਾਸਤ ਨੂੰ ਤਿਆਗਦੇ ਹਨ ਅਤੇ ਨਾ ਹੀ ਨਿਆਂ ਦੇ ਤਕਾਜ਼ੇ ਅਨੁਸਾਰ ਇਨ੍ਹਾਂ ਦੀ ਤਾਸੀਰ ਮਜ਼ਲੂਮਾਂ ਪੱਖੀ ਤੇ ਜਮਹੂਰੀ ਹੈ। ਇਹ ਨਵੇਂ ਕਾਨੂੰਨ ਵੀ ਸਟੇਟ ਦੇ ਹੱਥ 'ਚ ਹੋਰ ਤਾਨਾਸ਼ਾਹ ਤਾਕਤਾਂ ਦੇ ਕੇ ਇਸ ਨੂੰ ਪੁਲਿਸ ਸਟੇਟ 'ਚ ਬਦਲਣ, ਕਾਨੂੰਨੀ ਢਾਂਚੇ ਨੂੰ ਹੋਰ ਜਾਬਰ ਬਣਾਉਣ ਅਤੇ ਪਹਿਲਾਂ ਹੀ ਦਰੜੇ ਤੇ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਅਧਿਕਾਰੀ ਵਿਹੂਣੀ ਬੇਵੱਸ ਪਰਜਾ 'ਚ ਬਦਲਣ ਲਈ ਘੜੇ ਗਏ ਹਨ। ਇਹ ਸੰਵਿਧਾਨਕ ਹੱਕਾਂ ਨੂੰ ਖੋਖਲਾ ਬਣਾ ਕੇ ਜਮਹੂਰੀ ਹੱਕਾਂ ਦਾ ਗਲਾ ਘੁੱਟਣ ਵਾਲੇ ਅਤੇ ਸਰਕਾਰ ਦੇ ਵਾਜਬ, ਜਮਹੂਰੀ ਵਿਰੋਧ ਨੂੰ ਅਪਰਾਧ ਦਾ ਦਰਜਾ ਦੇਣ ਵਾਲੇ ਕਾਨੂੰਨ ਹਨ। ਦਹਿਸ਼ਤਵਾਦ ਦੀ ਪ੍ਰੀਭਾਸ਼ਾ ਸਮੇਤ ਕਾਲੇ ਕਾਨੂੰਨ ਯੂਏਪੀਏ ਦੇ ਹਿੱਸਿਆਂ ਨੂੰ ਨਵੇਂ ਕਾਨੂੰਨਾਂ ਵਿਚ ਘੁਸੇੜਨਾ, ਹਕੂਮਤ ਨੂੰ ਕਿਸੇ ਨੂੰ ਵੀ ਦਹਿਸ਼ਤਗਰਦ ਅਤੇ ਰਾਸ਼ਟਰ-ਵਿਰੋਧੀ ਕਰਾਰ ਦੇ ਕੇ ਨਜ਼ਰਬੰਦ ਕਰਨ, ਗ੍ਰਿਫ਼ਤਾਰ ਕਰਨ, ਮੁਕੱਦਮਾ ਚਲਾ ਕੇ ਮਨਮਾਨੀ ਸਜ਼ਾ ਦੇਣ ਦੇ ਬੇਲਗਾਮ ਅਧਿਕਾਰ ਦੇਣਾ, ਹਿਰਾਸਤ ਦਾ ਸਮਾਂ ਵਧਾਉਣਾ, ਜਿਨਸੀ ਹਿੰਸਾ ਰੋਕਣ ਦੇ ਬਹਾਨੇ ਮੌਤ ਦੀ ਸਜ਼ਾ ਦਾ ਦਾਇਰਾ ਵਧਾਉਣਾ, ਐਮਰਜੈਂਸੀ ਹਾਲਾਤਾਂ ਦੇ ਨਾਂ ਹੇਠ ਵਿਸ਼ੇਸ਼ ਤਾਕਤਾਂ ਨੂੰ ਆਮ ਬਣਾਉਣਾ, ਬਿਨਾਂ ਜਨਤਕ ਬਹਿਸ ਕਰਾਏ ਪਾਰਲੀਮੈਂਟ ਵਿਚ ਬਹੁਗਿਣਤੀ ਦੇ ਜ਼ੋਰ ਇਹ ਕਾਨੂੰਨ ਪਾਸ ਕਰਨਾ ਦਰਸਾਉਦਾ ਹੈ ਕਿ ਮੋਦੀ ਸਰਕਾਰ ਦੇ ਮਨਸ਼ੇ ਇਨ੍ਹਾਂ ਕਾਨੂੰਨਾਂ ਨੂੰ ਜ਼ਰੀਆ ਬਣਾ ਕੇ ਵੱਧ ਤੋਂ ਵੱਧ ਤਾਨਾਸ਼ਾਹ ਤਾਕਤਾਂ ਹਥਿਆਉਣ ਅਤੇ ਹਕੂਮਤ ਵਿਰੋਧੀ ਆਵਾਜ਼ਾਂ ਨੂੰ ਕੁਚਲਣ ਦੇ ਹਨ। ਮੋਰਚੇ ਦੇ ਆਗੂਆਂ ਨੇ ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਹੱਕਾਂ ਨਾਲ ਸਰੋਕਾਰ ਰੱਖਣ ਵਾਲੀਆਂ ਤਾਕਤਾਂ ਨੂੰ ਇਨ੍ਹਾਂ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਵਿਰੋਧ ਦਰਜ ਕਰਾਉਣ ਅਤੇ ਇਸ ਤਾਨਾਸ਼ਾਹ ਕਾਰਵਾਈ ਨੂੰ ਰੋਕਣ ਲਈ ਵਿਆਪਕ ਲੋਕ ਅੰਦੋਲਨ ਖੜ੍ਹਾ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਨੈਸ਼ਨਲ ਲਾਈਵਸਟਾਕ ਮਿਸ਼ਨ ਅਧੀਨ ਪਸ਼ੂਆਂ ਦੇ ਬੀਮੇ ਦੀ ਰਾਸ਼ੀ ਤੇ 70 ਫੀਸਦੀ ਤੱਕ ਸਬਸਿਡੀ ਉਪਲੱਬਧ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਇੰਸਪੈਕਟਰ ਡੇਅਰੀ ਵਿਕਾਸ ਵਿਭਾਗ ਜਗਦੀਸ਼ ਸਿੰਘ ਨੇ ਦੱਸਿਆ ਕਿ ਪਸ਼ੂਆਂ ਨੂੰ ਹੋਣ ਵਾਲੀਆਂ ਬੀਮਾਰੀਆਂ ਮੂੰਹ ਖੁਰ, ਲੰਪੀ ਸਕਿੰਨ, ਗੱਲਘੋਟੂ ਆਦਿ ਕਾਰਨ ਕਈ ਵਾਰ ਪਸ਼ੂਆਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਮੌਤਾਂ ਨਾਲ ਛੋਟੇ ਅਤੇ ਦਰਮਿਆਣੇ ਡੇਅਰੀ ਫਾਰਮਰਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ, ਭਾਵੇ ਕਿ ਇਨ੍ਹਾਂ ਬੀਮਾਰੀਆਂ ਦੀ ਰੋਕਥਾਮ ਲਈ ਸਰਕਾਰ ਵੱਲੋ ਪਸ਼ੂਆਂ ਦਾ ਸਮੇਂ ਸਮੇਂ ਤੇ ਟੀਕਾਕਰਨ ਕੀਤਾ ਜਾਂਦਾ ਹੈ , ਪਰ ਫਿਰ ਵੀ ਸਰਕਾਰ ਵੱਲੋ ਪਸ਼ੂ-ਧਨ ਦੇ ਵਿੱਤੀ ਨੁਕਸਾਨ ਨੂੰ ਘੱਟ ਕਰਨ ਲਈ ਬੀਮੇ ਦੀ ਰਾਸ਼ੀ ਤੇ ਸਬਸਿਡੀ ਦੀ ਸਹੂਲਤ ਵੀ ਦੇ ਦਿੱਤੀ ਗਈ ਹੈ। ਪਸ਼ੂਆਂ ਦੇ ਆਰਥਿਕ ਨੁਕਸਾਨ ਨੂੰ ਘੱਟ ਕਰਨ ਲਈ ਡੇਅਰੀ ਵਿਕਾਸ ਵਿਭਾਗ ,ਪੰਜਾਬ ਵੱਲੋ ਨੈਸ਼ਨਲ ਲਾਈਵਸਟਾਕ ਮਿਸ਼ਨ ਸਕੀਮ ਅਧੀਨ ਮੱਝਾਂ ਅਤੇ ਗਾਵਾਂ ਦੇ ਬੀਮੇ ਦੀ ਰਾਸ਼ੀ ਤੇ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 70 ਪ੍ਰਤੀਸ਼ਤ ਸਬਸਿਡੀ ਅਤੇ ਜਨਰਲ ਜਾਤੀ ਲਾਭਪਾਤਰੀਆਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਸਕੀਮ ਤਹਿਤ ਫਾਰਮਰ 1 ਤੋ 5 ਪਸ਼ੂਆਂ ਦਾ ਬੀਮਾ ਕਰਵਾ ਸਕਦਾ ਹੈ। ਇਸ ਸਕੀਮ ਤਹਿਤ ਪ੍ਰਤੀ ਪਸ਼ੂ ਦੀ ਕੀਮਤ 70 ਹਜਾਰ ਰੁਪਏ ਨਿਰਧਾਰਿਤ ਕੀਤੀ ਗਈ ਹੈ। ਇਸ ਸਕੀਮ ਅਧੀਨ 1 ਸਾਲ ਦਾ ਬੀਮਾਂ ਐਸ।ਸੀ ਅਤੇ ਐਸ।ਟੀ ਫਾਰਮਰਾਂ ਦੇ ਪਸੂਆਂ ਲਈ 672 ਰੁਪਏ ਵਿੱਚ, 2 ਸਾਲ ਦਾ ਬੀਮਾਂ 1260 ਰੁਪਏ ਵਿੱਚ ਅਤੇ 3 ਸਾਲ ਦਾ ਬੀਮਾਂ 1680 ਰੁਪਏ ਪ੍ਰਤੀ ਪਸ਼ੂ ਅਦਾ ਕਰਕੇ ਕਰਵਾ ਸਕਦਾ ਹੈ। ਜਨਰਲ ਜਾਤੀ ਦੇ ਫਾਰਮਰਾਂ ਦੇ ਪਸੂਆਂ ਦਾ ਬੀਮਾਂ 1 ਸਾਲ ਲਈ 1120 ਰੁਪਏ ਵਿੱਚ, 2 ਸਾਲ ਦਾ ਬੀਮਾਂ 2100 ਰੁਪਏ ਵਿੱਚ ਅਤੇ 3 ਸਾਲ ਦਾ ਬੀਮਾਂ 2800 ਰੁਪਏ ਪ੍ਰਤੀ ਪਸ਼ੂ ਅਦਾ ਕਰਕੇ ਕਰਵਾ ਸਕਦਾ ਹੈ। ਇਸ ਸਕੀਮ ਦਾ ਲਾਭ ਕੋਈ ਵੀ ਦੁੱਧ ਉਤਪਾਦਕ ਜਿਸ ਨੇ ਬੈਂਕ ਤੋਂ ਡੇਅਰੀ ਕਰਜਾ ਲਿਆ ਹੈ ਜਾ ਨਹੀਂ ਲਿਆ ਹੈ, ਕਿਸਾਨ ਕ੍ਰੈਡਿਟ ਕਾਰਡ ਸਕੀਮ ਲਈ ਹੈ ਜਾ ਨਹੀਂ ਲਈ ਹੈ, ਸਕੀਮ ਦਾ ਲਾਭ ਲੈ ਸਕਦਾ ਹੈ। ਇਸ ਤੋਂ ਇਲਾਵਾ ਸਿੱਧੇ ਤੌਰ ਤੇ ਡੇਅਰੀ ਕਿੱਤਾ ਕਰਨ ਵਾਲੇ ਕਿਸਾਨ ਵੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਜਿਲ੍ਹਾ ਪਠਾਨਕੋਟ ਦੇ ਸਮੂਹ ਦੁੱਧ ਉਤਪਾਦਕ ਇਸ ਸਕੀਮ ਦਾ ਵੱਧ ਤੋ ਵੱਧ ਲਾਭ ਲੈਣ ਦੀ ਅਪੀਲ ਕੀਤੀ। ਜਿਲ੍ਹਾ ਪਠਾਨਕੋਟ ਨਾਲ ਸਬੰਧਤ ਦੁੱਧ ਉਤਪਾਦਕ ਵਧੇਰੇ ਜਾਣਕਾਰੀ ਲਈ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਪਠਾਨਕੋਟ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਦੂਜੀ ਮੰਜਿਲ, ਕਮਰਾ ਨੰ: 345-ਏ ਵਿਖੇ ਅਤੇ ਫੋਨ ਨੰਬਰ 9878528364, 8284968878, 9876260243 ਤੇ ਸਪੰਰਕ ਕਰ ਸਕਦੇ ਹਨ।

## ਬਲਾਕ ਪੱਧਰੀ ਰੋਜਗਾਰ ਮੇਲੇ 28 ਜੂਨ ਤੋਂ 4 ਜੁਲਾਈ ਤੱਕ: ਜਿਲ੍ਹਾ ਰੋਜਗਾਰ ਅਫਸਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪ੍ਰਸ਼ਾਸ਼ਨ ਪਠਾਨਕੋਟ ਦੀ ਰਹਿਨੁਮਾਈ ਹੇਠ ਜਿਲ੍ਹਾ ਰੋਜਗਾਰ ਅਤੇ ਕਾਰਬੋਰ ਬਿਊਰੋ ਪਠਾਨਕੋਟ ਵਲੋਂ ਮਿਤੀ 28-06-2024 ਤੋਂ ਲੈ ਕੇ ਮਿਤੀ 08-7-2024 ਤੱਕ ਜਿਲ੍ਹਾ ਪਠਾਨਕੋਟ ਦੇ ਵੱਖ ਵੱਖ ਬਲਾਕਾਂ ਵਿੱਚ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਮੌਕੇ ਦਫਤਰ ਦੇ ਮੁਖੀ ਤੇਜਵਿੰਦਰ ਸਿੰਘ ਜਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਵੱਲੋਂ ਦੱਸਿਆ ਗਿਆ ਕਿ ਮਿਤੀ 28-06-2024 ਨੂੰ ਬੀ.ਡੀ.ਪੀ.ਓ. ਦਫਤਰ ਨਰੋਟ ਜੈਮਲ ਸਿੰਘ, ਮਿਤੀ 01-07-2024 ਨੂੰ ਬੀ.ਡੀ.ਪੀ.ਓ ਦਫਤਰ ਧਾਰਕਲਾ, ਮਿਤੀ 02-07-2024 ਨੂੰ ਬੀ.ਡੀ.ਪੀ.ਓ ਦਫਤਰ ਬਮਿਆਲ, ਮਿਤੀ 03-07-2024 ਨੂੰ ਬੀ।ਡੀ।ਪੀ।ਓ ਦਫਤਰ ਘਰੋਟਾ, ਮਿਤੀ 04-07-2024 ਨੂੰ ਬੀ.ਡੀ.ਪੀ.ਓ ਦਫਤਰ ਸੁਜਾਨ-ਪੁਰ ਅਤੇ ਮਿਤੀ 08-07-2024 ਨੂੰ ਜਿਲ੍ਹਾ ਰੋਜਗਾਰ ਦਫਤਰ, ਪਠਾਨਕੋਟ ਵਿਖੇ ਪਲੇਸਮੈਂਟ ਕੈਪ ਲਗਾਏ ਜਾ ਰਹੇ ਹਨ । ਜਿਹਨਾਂ ਪ੍ਰਾਰਥੀਆ ਦੀ ਉਮਰ 18 ਤੋਂ 35 ਸਾਲ, ਯੋਗਤਾ ਘੱਟ ਤੋਂ ਘੱਟ ਦਸਵੀ ਅਤੇ ਸਰੀਰਕ ਲੰਬਾਈ 5 ਫੁੱਟ 7 ਇੰਚ ਹੈ, ਉਹ ਉਪਰ ਦਿੱਤੇ ਸਥਾਨਾਂ ਅਤੇ ਦਰਸਾਈਆ ਗਈਆ ਮਿਤੀਆ ਨੂੰ ਸਵੇਰੇ 10:00 ਵਜੇ ਪਹੁੰਚ ਕੇ ਇੰਟਰਵਿਊ ਦੇ ਸਕਦੇ ਹਨ । ਇੰਟਰਵਿਊ ਉਪਰੰਤ ਚੁਣੇ ਗਏ ਪ੍ਰਾਰਥੀਆ ਨੂੰ ਇੱਕ ਮਹੀਨੇ ਦੀ ਟ੍ਰੇਨਿੰਗ ਦਿੱਤੀ ਜਾਵੇਗੀ । ਟ੍ਰੇਨਿੰਗ ਮੁਕੰਮਲ ਹੋਣ ਤੋਂ ਬਾਅਦ ਪ੍ਰਾਰਥੀਆ ਨੂੰ ਏਅਰ ਪੋਰਟ ਅਤੇ ਵੱਖ-ਵੱਖ ਮੈਲਟੀਨੈਸ਼ਨਲ ਕੰਪਨੀਆ ਵਿੱਚ ਜਾਬ ਮੁੱਹਈਆ ਕਰਵਾਈ ਜਾਵੇਗੀ ਅਤੇ 13500-18000/- ਰੁਪਏ ਪ੍ਰਤੀ ਮਹੀਨਾ ਸੈਲਰੀ ਮਿਲਣਯੋਗ ਹੋਵੇਗੀ । ਇਸਤੋਂ ਇਲਾਵਾ ਕੰਪਨੀ ਵਲੋਂ ਫੰਡਜ, ਬੋਨਸ ਆਦਿ ਵੀ ਦਿੱਤੇ ਜਾਂਦੇ ਹਨ । ਵਧੇਰੇ ਜਾਣਕਾਰੀ ਲਈ ਪ੍ਰਾਰਥੀ ਦਫਤਰ ਦੇ ਹੈਲਪਲਾਈਨ ਨੰਬਰ : 7657825214 ਤੇ ਸੰਪਰਕ ਕਰ ਸਕਦੇ ਹਨ।

## ਜਿਲ੍ਹਾ ਐਡਵਾਈਜਰੀ ਕਮੇਟੀ ਪੀਐਨਡੀਟੀ ਦੀ ਕੀਤੀ ਮੀਟਿੰਗ

**ਸੰਗਰੂਰ, (ਦਲਜੀਤ ਕੌਰ)** ਲਿੰਗ ਅਨੁਪਾਤ ਵਿੱਚ ਸਮਾਨਤਾ ਲਿਆਉਣ ਅਤੇ ਬੇਟੀ ਬਚਾਓ ਬੇਟੀ ਪੜਾਓ ਦੀ ਜਾਗਰੂਕਤਾ ਲਈ ਜਿਲਾ ਸਿਹਤ ਵਿਭਾਗ ਵੱਲੋਂ ਚੇਅਰਪਰਸਨ, ਜ਼ਿਲ੍ਹਾ ਐਪ੍ਰੋਪ੍ਰੀਏਟ ਅਥਾਰਟੀ ਕਮ ਸਿਵਲ ਸਰਜਨ ਸੰਗਰੂਰ ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਚੇਅਰਪਰਸਨ ਜਿਲ੍ਹਾ ਐਡਵਾਇਜਰੀ ਕਮੇਟੀ ਡਾ. ਅਮਨਪ੍ਰੀਤ ਕੌਰ ਖੰਗੂੜਾ ਦੀ ਅਗਵਾਈ ਵਿਚ ਮੀਟੰਗ ਕੀਤੀ ਗਈ।




ਇਸ ਮੀਟਿੰਗ ਵਿੱਚ ਸ਼ਾਮਿਲ ਹੋਏ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ। ਕਿਰਪਾਲ ਸਿੰਘ ਨੇ ਕਿਹਾ ਕਿ ਲਿੰਗ ਅਨੁਪਾਤ ਵਿੱਚ ਸੁਧਾਰ ਲਿਆਉਣ ਲਈ ਮਾਨਸਿਕ ਸੋਚ ਬਦਲਣ ਦੀ ਜਰੂਰਤ ਹੈ। ਇਸ ਲਈ ਸਮਾਜ ਵਿੱਚ ਪੀ.ਸੀ.ਪੀ.ਐਨ.ਡੀ.ਟੀ. ਐਕਟ ਲਾਗੂ ਕਰਵਾਉਣ ਨਾਲ ਭਾਵੇਂ ਲਿੰਗ ਅਨੁਪਾਤ ਵਿੱਚ ਕਾਫੀ ਸੁਧਾਰ ਹੋਇਆ ਹੈ, ਪ੍ਰੰਤੂ ਅਜੇ ਹੋਰ ਸੁਧਾਰ ਲਈ ਕੁੜੀਆਂ ਪ੍ਰਤੀ ਸਮਾਜ ਦੀ ਮਾਨਸਿਕ ਸੋਚ ਬਦਲਣ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਆਮ ਲੋਕਾਂ ਨੂੰ ਕੁੜੀ ਅਤੇ ਮੁੰਡੇ ਵਿੱਚ ਫਰਕ ਨਾ ਸਮਝਣ ਅਤੇ ਐਕਟ ਦੀਆਂ ਧਾਰਾਵਾਂ ਸਬੰਧੀ ਜਾਗਰੂਕ ਕਰਨ ਲਈ ਕੈਂਪ ਲਗਾਏ ਜਾਣ। ਇਸ ਮੌਕੇ ਪੀ.ਸੀ.ਪੀ.ਐਂਨ.ਡੀ.ਟੀ ਐਕਟ ਅਤੇ ਐਕਟ ਦੀ ਉਲਘੰਣਾ ਕਰਕੇ ਲਿੰਗ ਦੀ ਜਾਂਚ ਕਰਨ ਅਤੇ ਕਰਵਾਉਣ ਵਾਲਿਆਂ ਨੂੰ ਦਿੱਤੀਆਂ ਜਾਣ ਵਾਲੀਆ ਸਜਾਵਾਂ ਅਤੇ ਜੁਰਮਾਨੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।

ਇਸ ਮੀਟਿੰਗ ਵਿਚ ਡਾ।ਕਿਰਪਾਲ ਸਿੰਘ ਨੇ ਸਮੂਹ ਮੈਂਬਰਾਂ ਨੂੰ ਅੱਜ ਦੇ ਏਜੰਡੇ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ। ਕਮੇਟੀ ਵੱਲੋਂ ਅਜੰਡੇ ਵਿੱਚ ਦਰਜ ਮੁੱਦਿਆਂ ਤੇ ਵਿਸਥਾਰ ਸਹਿਤ ਚਰਚਾ ਕਰਦਿਆਂ ਸਹਿਮਤੀ ਪ੍ਰਗਟ ਕੀਤੀ ਗਈ। ਸਿਵਲ ਸਰਜਨ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਗੈਰ ਕਾਨੂੰਨੀ ਤਰੀਕੇ ਨਾਲ ਕਿਸੇ ਵੱਲੋਂ ਲਿੰਗ ਜਾਂਚ ਕੀਤੀ ਜਾ ਕਰਵਾਈ ਜਾਂਦੀ ਹੈ ਉਸ ਦੀ ਸੂਚਨਾ ਤੁਰੰਤ ਸਿਹਤ ਵਿਭਾਗ ਨੂੰ ਦਿੱਤੀ ਜਾਵੇ , ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ। ਇੰਦਰਜੀਤ ਸਿੰਗਲਾ, ਡਾ. ਹਿਮਾਸ਼ੂ ਗਰਗ, ਸਰਬਜੀਤ ਸਿੰਘ ਰੇਖੀ, ਡਾ। ਤਰੁਨ ਆਹੂਜਾ,ਜ਼ਿਲ੍ਹਾ ਮਾਸ ਮੀਡੀਆ ਅਫਸਰ ਕਰਨੈਲ ਸਿੰਘ, ਡੀ ਪੀ ਸੀ ਹਰਪ੍ਰੀਤ ਸਿੰਘ, ਲਖਬੀਰ ਕੌਰ, ਹਰਦੀਪ ਕੁਮਾਰ ਹਾਜਰ ਸਨ

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੁੱਖ ਮੰਤਰੀ ਵੱਲੋਂ ਸਤਿਗੁਰੂ ਕਬੀਰ ਜੀ ਦੇ ਜੀਵਨ ਤੇ ਫਲਸਫੇ ‘ਤੇ ਵਿਆਪਕ ਖੋਜ ਕਰਨ ਲਈ ‘ਭਗਤ ਕਬੀਰ ਧਾਮ’ ਸਥਾਪਤ ਕਰਨ ਦਾ ਐਲਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ‘ਭਗਤ ਕਬੀਰ ਧਾਮ’ ਸਥਾਪਤ ਕਰਨ ਦਾ ਐਲਾਨ ਕੀਤਾ ਤਾਂ ਕਿ ਭਗਤੀ ਅੰਦੋਲਨ ਦੇ ਮਹਾਨ ਸੰਤ ਦੇ ਜੀਵਨ ਤੇ ਫਲਸਫੇ ਉਤੇ ਵਿਆਪਕ ਖੋਜ ਕੀਤੀ ਜਾ ਸਕੇ।ਅੱਜ ਇੱਥੇ ਭਗਤ ਕਬੀਰ ਜੀ ਦੇ 626ਵੇਂ ਜਨਮ ਦਿਵਸ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 15ਵੀਂ ਸਦੀ ਦੇ ਮਹਾਨ ਕਵੀ ਅਤੇ ਸੰਤ ਭਗਤ ਕਬੀਰ ਜੀ ਨੇ ਲੋਕਾਂ ਨੂੰ ਸੁਚੱਜੀ ਜੀਵਨ ਜਾਚ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਭਗਤ ਕਬੀਰ ਦੇ ਜੀਵਨ ਅਤੇ ਫਲਸਫੇ ਨੇ ਹਮੇਸ਼ਾ ਹੀ ਲੋਕਾਂ ਨੂੰ ਆਪਸੀ ਮੇਲ-ਜੋਲ ਵਾਲਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਭਗਤ ਕਬੀਰ ਜੀ ਦੇ ਆਦਰਸ਼ਾਂ 'ਤੇ ਚੱਲ ਕੇ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਹਰ ਹੀਲੇ ਕਾਇਮ ਰੱਖਿਆ ਜਾਵੇ। ਲੋਕਾਂ ਨੂੰ ਭਗਤ ਕਬੀਰ ਜੀ ਦੀਆਂ ਸਿੱਖਿਆਵਾਂ 'ਤੇ ਸਹੀ ਮਾਅਨਿਆਂ 'ਚ ਅਮਲ ਕਰਨ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉਪਰ ਉਠ ਕੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦੇ ਜੀਵਨ ਅਤੇ ਮਹਾਨ ਸਿੱਖਿਆਵਾਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ ਜਿਨ੍ਹਾਂ ਰਾਹੀਂ ਪ੍ਰੇਮ, ਸ਼ਾਂਤੀ, ਸਦਭਾਵਨਾ ਦਾ ਸਦੀਵੀ ਸੰਦੇਸ਼ ਦਿੱਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਵੇਂ ਭਗਤ ਕਬੀਰ ਜੀ ਦਾ ਮੁਢਲਾ ਜੀਵਨ ਇੱਕ ਮੁਸਲਿਮ ਪਰਿਵਾਰ ਵਿੱਚ ਬੀਤਿਆ ਸੀ ਪਰ ਉਹ ਹਿੰਦੂ ਸੰਤ ਰਾਮਾਨੰਦ ਤੋਂ ਬਹੁਤ ਪ੍ਰਭਾਵਿਤ ਸਨ, ਜਿਸ ਦਾ ਭਗਤੀ ਲਹਿਰ ਦੌਰਾਨ ਉਨ੍ਹਾਂ ਦੀਆਂ ਲਿਖਤਾਂ ਉੱਤੇ ਡੂੰਘਾ ਪ੍ਰਭਾਵ ਪਿਆ। ਲੋਕਾਂ ਨੂੰ ਮਹਾਨ ਸੰਤ ਦੇ ਆਦਰਸ਼ਾਂ ਉਤੇ ਚੱਲਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਰਸਤਾ ਸਦਭਾਵਨਾ ਵਾਲੇ ਅਤੇ ਅਗਾਂਹਵਧੂ ਸਮਾਜ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਹਾਨ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਜ਼ੁਲਮ, ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਲੜਨ ਦਾ ਉਪਦੇਸ਼ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ, “ਹੁਣ ਤੱਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਭੇਜਣਾ ਆਮ ਆਦਮੀ ਦੀ ਮਜਬੂਰੀ ਸੀ ਪਰ ਛੇ ਮਹੀਨਿਆਂ ਦੇ ਅੰਦਰ-ਅੰਦਰ ਇਹ ਉਨ੍ਹਾਂ ਦੀ ਇੱਛਾ ਹੋਵੇਗੀ ਕਿਉਂਕਿ ਸਿੱਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰ ਕੀਤਾ ਜਾ ਰਿਹਾ ਹੈ।” ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬੇ ਭਰ ਵਿੱਚ ‘ਸਕੂਲ ਆਫ਼ ਐਮੀਨੈਂਸ’ ਸਥਾਪਤ ਕੀਤੇ ਗਏ ਹਨ ਅਤੇ ਇਸੇ ਤਰ੍ਹਾਂ ਸਰਕਾਰੀ ਸਿਹਤ ਪ੍ਰਣਾਲੀ ਨੂੰ ਵੀ ਅਪਗ੍ਰੇਡ ਕੀਤਾ ਜਾ ਰਿਹਾ ਹੈ। ਇਸ ਵਾਰ ਸਰਕਾਰੀ ਸਕੂਲਾਂ ਦੇ 158 ਵਿਦਿਆਰਥੀਆਂ ਨੇ ਪਹਿਲੀ ਵਾਰ ਜੇ।ਈ।ਈ। ਦੀ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਤਾਂ ਅਜੇ ਸ਼ੁਰੂਆਤ ਹੈ ਕਿਉਂਕਿ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਨਤੀਜੇ ਸਾਹਮਣੇ ਆਉਣਗੇ ਜਿਸ ਲਈ ਉਨ੍ਹਾਂ ਦੀ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਵਾਸਤੇ ਅੱਠ ਹਾਈ-ਟੈਕ ਕੋਚਿੰਗ ਸੈਂਟਰ ਖੋਲ੍ਹ ਰਹੀ ਹੈ।




ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਿੱਜੀ ਕੰਪਨੀ ਜੀ।ਵੀ।ਕੇ। ਪਾਵਰ ਦੀ ਮਾਲਕੀ ਵਾਲਾ ਗੋਇੰਦ-ਵਾਲ ਪਾਵਰ ਪਲਾਂਟ ਖਰੀਦ ਕੇ ਸਫਲਤਾ ਦੀ ਨਵੀਂ ਕਹਾਣੀ ਲਿਖੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪਹਿਲੀ ਵਾਰ ਉਲਟਾ ਰੁਝਾਨ ਦੇਖਣ ਨੂੰ ਮਿਲਿਆ ਹੈ ਕਿਉਂਕਿ ਸਰਕਾਰ ਨੇ ਇੱਕ ਪ੍ਰਾਈਵੇਟ ਪਾਵਰ ਪਲਾਂਟ ਖਰੀਦਿਆ ਹੈ ਜਦਕਿ ਪਹਿਲਾਂ ਸੂਬਾ ਸਰਕਾਰਾਂ ਸਰਕਾਰੀ ਜਾਇਦਾਦਾਂ ਚਹੇਤੇ ਵਿਅਕਤੀਆਂ ਨੂੰ ਕੌਡੀਆਂ ਦੇ ਭਾਅ ਵੇਚਦੀਆਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਲੋਕਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਲੋਕ ਸਭਾ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਅਤੇ ਡਾ। ਰਵਜੋਤ ਸਿੰਘ ਸਮੇਤ ਹੋਰ ਵੀ ਹਾਜ਼ਰ ਸਨ।

## ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਫਲੱਡ ਕੰਟਰੋਲ ਨੰਬਰ 01823-299016 ਤੇ ਕੀਤਾ ਜਾ ਸਕਦਾ ਸੰਪਰਕ - ਉਪ ਮੰਡਲ ਮੈਜਿਸਟਰੇਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਡਾ. ਅਕਸ਼ਿਤਾ ਗੁਪਤਾ, ਆਈ.ਏ.ਐਸ., ਉਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਵਲੋਂ ਸਬ ਡਵੀਜ਼ਨ ਨਵਾਂਸ਼ਹਿਰ ਦੇ ਉਪ ਮੰਡਲ ਅਫ਼ਸਰ, ਡਰੇਨਜ਼ ਵਿਭਾਗ, ਨਵਾਂਸ਼ਹਿਰ, ਕਾਰਜਸਾਧਕ ਅਫ਼ਸਰ, ਨਗਰ ਕੌਂਸਲ, ਨਵਾਂਸ਼ਹਿਰ/ਰਾਹੋਂ, ਜ਼ਿਲ੍ਹਾ ਸਿੱਖਿਆ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ, ਸਹਾਇਕ ਫੂਡ ਸਪਲਾਈ ਅਫ਼ਸਰ, ਬੀ।ਡੀ।ਪੀ।ਓਜ, ਅਤੇ ਤਹਿਸੀਲਦਾਰ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਉਹਨਾਂ ਨੇ ਹੜ੍ਹਾਂ ਦੀ ਸਥਿਤੀ ਦੇ ਨਾਲ ਨਜਿੱਠਣ ਲਈ ਡਰੇਨਾਂ/ਨਾਲੀਆਂ/ਸੀਵਰੇਜ਼ ਦੀ ਸਫਾਈ ਸਬੰਧੀ ਉਪ ਮੰਡਲ ਅਫ਼ਸਰ, ਡਰੇਨਜ਼ ਵਿਭਾਗ, ਨਵਾਂਸ਼ਹਿਰ ਅਤੇ ਕਾਰ-ਜਸਾਧਕ ਅਫ਼ਸਰ, ਨਗਰ ਕੌਂਸਲ ਨਵਾਂਸ਼ਹਿਰ/ਰਾਹੋਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ। ਤਹਿਸੀਲਦਾਰ, ਨਵਾਂਸ਼ਹਿਰ ਨੂੰ ਸਬ ਡਵੀਜ਼ਨ ਪੱਧਰ ਤੇ ਫਲੱਡ ਕੰਟਰੋਲ ਰੂਮ ਸਥਾਪਿਤ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਨੰਗਲ ਡੈਮ ਦੇ ਅਧਿਕਾਰੀਆਂ ਨਾਲ ਸੰਪਰਕ ਵਿੱਚ ਰਹਿਣ ਲਈ ਕਿਹਾ ਗਿਆ ਤਾਂ ਜੋ ਕਿਸੇ ਵੀ ਸਮੇਂ ਡੈਮ ਤੋਂ ਪਾਣੀ ਛੱਡਿਆ ਜਾਵੇ ਤਾਂ ਹੜ੍ਹ ਆਉਣ ਦੀ ਸਥਿਤੀ ਸਮੇਂ ਆਮ ਜਨਤਾ ਨੂੰ ਹੜ੍ਹ ਵਾਲੇ ਸਥਾਨ ਤੋਂ ਬਦਲ ਕੇ ਨੇੜੇ ਸਥਾਪਿਤ ਕੀਤੇ ਗਏ ਰਾਹਤ ਕੇਂਦਰਾਂ ਵਿੱਚ ਸ਼ਿਫਟ ਕੀਤਾ ਜਾ ਸਕੇ।

ਸਹਾਇਕ ਫੂਡ ਸਪਲਾਈ ਅਫ਼ਸਰ ਨੂੰ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਆਮ ਜਨਤਾ ਦੀ ਸਹੂਲਤ ਲਈ ਖਾਣ ਪੀਣ ਦੇ ਰਾਸ਼ਨ, ਗੈਸ ਸਿਲੰਡਰ, ਪੈਟਰੋਲ/ਡੀਜ਼ਲ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ।



ਪਸ਼ੂਆਂ ਨੂੰ ਦਵਾਈ ਅਤੇ ਹਰੇ ਚਾਰੇ ਦੇ ਪ੍ਰਬੰਧ ਲਈ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੂੰ ਆਦੇਸ਼ ਦਿੱਤੇ ਗਏ।

ਅੰਤ ਵਿੱਚ ਆਮ ਜਨਤਾ ਨੂੰ ਅਪੀਲ ਕੀਤੀ ਗਈ ਕਿ ਹੜ੍ਹ ਦੀ ਸਥਿਤੀ ਸਮੇਂ ਸਬ ਡਵੀਜ਼ਨ ਪੱਧਰ ਨਵਾਂਸ਼ਹਿਰ ਦੇ ਫਲੱਡ ਕੰਟਰੋਲ ਨੰਬਰ 01823-299016 ਤੇ ਸੰਪਰਕ ਕਰਨ ਤਾਂ ਜੋ ਸਮੇਂ ਸਿਰ ਆਮ ਜਨਤਾ ਦੀ ਮਦਦ ਕੀਤੀ ਜਾ ਸਕੇ।

# ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਪਾਰਕ ਫਰਿਜ਼ਨੋ ਵਿਖੇ ਸੀਨੀਅਰ ਬਜ਼ੁਰਗਾਂ ਦਾ ਕੀਤਾ ਸਨਮਾਨ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਵਿਦੇਸ਼ਾਂ ਦੀ ਧਰਤੀ 'ਤੇ ਪੰਜਾਬੀ ਵਿਰਸੇ ਨੂੰ ਜੀਵਤ ਰੱਖਣ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਬਜ਼ੁਰਗਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸੇ ਯੋਗਦਾਨ ਦੀ ਪ੍ਰਸ਼ੰਸ਼ਾ ਕਰਦੇ ਹੋਏ ਪੰਜਾਬੀ ਰੇਡੀਓ ਸਪਾਈਸ਼ ਅਤੇ ਉਸ ਦੇ ਪੀ। ਆਰ। ਓ। ਸ। ਰਾਜ ਸਿੱਧੂ ਮੋਗਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆਂ। ਇਸ ਸਮੇਂ ਸਨਮਾਨਿਤ ਸਖਸੀਅਤਾਂ ਵਿੱਚ ਨਾਰੰਗ ਸਿੰਘ ਕਲਸੀ, ਸਵਰਨ ਸਿੰਘ ਕੰਗ, ਅਜੀਤ ਸਿੰਘ ਮਾਹਲ, ਸੰਤੋਖ ਸਿੰਘ ਸ਼ੇਰਗਿੱਲ, ਦਲੇਰ ਸਿੰਘ ਚੌਹਾਨ ਆਦਿਕ ਨੂੰ ਸਨਮਾਨਿਤ ਕੀਤਾ ਗਿਆ।



ਇਸ ਸਮੇਂ ਪ੍ਰਮੁੱਖ ਸਹਿਯੋਗੀਆਂ ਅਤੇ ਬੁਲਾਰਿਆਂ ਵਿੱਚ ਹਰਦੇਵ ਸਿੰਘ ਸਿੱਧੂ, ਸਰਪੰਚ ਅਵਤਾਰ ਸਿੰਘ ਚੌਹਾਨ, ਮਾਸਟਰ ਸੁਲੱਖਣ ਸਿੰਘ ਗਿੱਲ, ਸਾਧੂ ਸਿੰਘ ਸੰਘਾ, ਬਿੱਲੂ ਢੀਂਡਸਾ, ਕਾਲਾ ਗਿੱਲ, ਚੀਮਾ ਜੀ, ਗਰੇਵਾਲ ਤਲਵੰਡੀ, ਜਗਦੀਸ਼ ਗਰੇਵਾਲ, ਜਸਵੀਰ ਲਵਲੀ, ਨਿਰਮਲ ਸਿੰਘ ਗਿੱਲ ਆਦਿਕ ਬਹੁਤ ਸਾਰੇ ਸਾਰੇ ਮੈਂਬਰ ਸ਼ਾਮਲ ਸਨ। ਇਸ ਸਾਦੇ ਅਤੇ ਪ੍ਰਭਾਵਸਾਲੀ ਸਮਾਗਮ ਸਮੇਂ ਸਮੂੰਹ ਹਾਜ਼ਰੀਨ ਲਈ ਚਾਹ ਅਤੇ ਹੋਰ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਆਪਣੇ ਵਡੇਰਿਆਂ ਨੂੰ ਮਾਣ-ਸਨਮਾਨ ਇਹ ਸਮਾਗਮ ਆਪਣੀਆਂ ਅਮਿੱਟ ਯਾਦਾਂ ਛੱਡ ਗਿਆਂ।

# ਸੀ.ਐਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ 'ਚ ਚਲਾਈਆ ਜਾ ਰਹੀਆਂ ਹਨ 251 ਯੋਗ ਕਲਾਸਾਂ - ਕੋਮਲ ਮਿੱਤਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸੀ।ਐਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿਚ ਇਸ ਸਮੇਂ ਕਰੀਬ 251 ਯੋਗ ਕਲਾਸਾਂ ਚੱਲ ਰਹੀਆਂ ਹਨ, ਜਿਸ ਵਿਚ 7 ਹਜ਼ਾਰ ਦੇ ਕਰੀਬ ਲੋਕ ਰੋਜ਼ਾਨਾ ਯੋਗ ਦਾ ਅਭਿਆਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸੀ।ਐਮ ਦੀ ਯੋਗਸ਼ਾਲਾ ਪ੍ਰੋਜੈਕਟ ਤਹਿਤ ਜ਼ਿਲ੍ਹੇ ਦੇ ਸਾਰੇ 10 ਬਲਾਕ ਕਵਰ ਕੀਤੇ ਜਾ ਚੁੱਕੇ ਹਨ ਅਤੇ ਲੋਕਾਂ ਵਿਚ ਯੋਗ ਦੇ ਪ੍ਰਤੀ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ 10ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਸੀ।ਐਮ ਦੀ ਯੋਗਸ਼ਾਲਾ ਤਹਿਤ ਕਰਵਾਏ ਗਏ ਜ਼ਿਲ੍ਹਾ ਪੱਧਰੀ ਅਤੇ ਤਹਿਸੀਲ ਪੱਧਰ 'ਤੇ ਕਰਵਾਏ ਗਏ ਸਮਾਗਮ ਦੀ ਸੰਖਿਆ ਨੂੰ ਦੇਖਦੇ ਹੋਏ ਹੁਸ਼ਿਆਰਪੁਰ ਜ਼ਿਲ੍ਹਾ ਪੂਰੇ ਸੂਬੇ ਵਿਚ ਪਹਿਲੇ ਸਥਾਨ 'ਤੇ ਰਿਹਾ, ਜੋ ਕਿ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ।ਐਮ ਦੀ ਯੋਗਸ਼ਾਲਾ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨਾਗਰਿਕਾਂ ਨੂੰ ਮੁਫ਼ਤ ਯੋਗ ਸਿੱਖਿਆ ਦੇਣ ਦੀ ਇਕ ਪਹਿਲ ਹੈ। ਇਸ ਯੋਜਨਾ ਤਹਿਤ ਪੰਜਾਬ ਵਿਚ ਪ੍ਰਮਾਣਿਤ ਯੋਗ ਅਧਿਆਪਕਾਂ ਦੀ ਇਕ ਟੀਮ ਸਥਾਪਿਤ ਕੀਤੀ ਗਈ ਹੈ, ਤਾਂ ਜੋ ਯੋਗ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕੇ ਅਤੇ ਜਨਤਾ ਨੂੰ ਯੋਗ ਅਧਿਆਪਕਾਂ ਦੀ ਸੁਵਿਧਾ ਦੇ ਕੇ ਇਸ ਨੂੰ ਲੋਕ ਅੰਦੋਲਨ ਵਿਚ ਬਦਲਿਆ ਜਾ ਸਕੇ।



ਇਸ ਦਾ ਉਦੇਸ਼ ਨਾਗਰਿਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿਚ ਧਿਆਨ ਅਤੇ ਯੋਗ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ। ਇਕ ਪ੍ਰਾਚੀਨ ਅਭਿਆਸ ਦੇ ਰੂਪ ਵਿਚ ਯੋਗ ਕਿਸੇ ਦੇ ਜੀਵਨ ਦੀ ਗੁਣਵੱਤਾ ਵਿਚ ਸੁਧਾਰ ਕਰਨ ਦਾ ਇਕ ਪ੍ਰਭਾਵੀ ਸਾਧਨ ਸਾਬਤ ਹੋਇਆ ਹੈ। ਰੋਜ਼ਾਨਾ ਅਭਿਆਸ ਦੁਆਰਾ ਵਿਅਕਤੀ ਇਕਾਗਰਤਾ ਦਾ ਵਿਕਾਸ ਕਰ ਸਕਦਾ ਹੈ ਅਤੇ ਆਪਣੇ ਵਾਤਾਵਰਨ ਦੇ ਨਾਲ ਵੱਧ ਤੋਂ ਵੱਧ ਇਕਸੁਕਤਾ ਸਥਾਪਿਤ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਵਿਚ ਇਹ ਯੋਜਨਾ ਪਿਛਲੇ ਸਾਲ ਅਪ੍ਰੈਲ ਵਿਚ ਸ਼ੁਰੂ ਹੋਈ ਸੀ, ਜਿਸ ਦੇ ਤਹਿਤ ਵੱਖ-ਵੱਖ ਪੜਾਵਾਂ ਵਿਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਨੂੰ ਕਵਰ ਕੀਤਾ ਗਿਆ ਹੈ।

ਸੀ।ਐਮ ਦੀ ਯੋਗਸ਼ਾਲਾ ਦੀ ਜ਼ਿਲ੍ਹਾ ਕੁਆਰਡੀਨੇਟਰ ਮਾਧਵੀ ਸਿੰਘ ਨੇ ਦੱਸਿਆ ਸੂਬਾ ਸਲਾਹਕਾਰ ਅਮਰੇਸ਼ ਝਾਅ ਅਤੇ ਕਮਲੇਸ਼ ਮਿਸ਼ਰਾ ਦੀ ਅਗਵਾਈ ਵਿਚ ਜ਼ਿਲ੍ਹੇ ਦੇ ਸਾਰੇ ਬਲਾਕਾਂ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਯੋਗ ਦੇ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੀ।ਐਮ ਦੀ ਯੋਗਸ਼ਾਲਾ ਰਾਹੀਂ ਲੋਕਾਂ ਨੂੰ ਉਨ੍ਹਾਂ ਦੁਆਰਾ ਚੁਣੇ ਗਏ ਸਥਾਨ ਜਿਵੇਂ ਕਿ ਪਾਰਕਾਂ, ਜਨਤਕ ਸਥਾਨਾਂ 'ਤੇ ਮੁਫ਼ਤ ਯੋਗ ਸਿੱਖਿਆ ਦਿੱਤੀ ਜਾ ਰਹੀ ਹੈ। ਮਾਧਵੀ ਸਿੰਘ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਕੋਲ ਯੋਗ ਕਲਾਸ ਕਰਨ ਦਾ ਸਥਾਨ ਉਪਲਬੱਧ ਹੈ ਅਤੇ ਘੱਟ ਤੋਂ ਘੱਟ 25 ਲੋਕਾਂ ਦਾ ਸਮੂਹ ਹੈ, ਤਾਂ ਪੰਜਾਬ ਸਰਕਾਰ ਯੋਗ ਟਰੇਂਡ ਇੰਸਟਰੱਕਟਰ ਘਰ ਭੇਜੇਗੀ। ਜੇਕਰ ਲੋਕ ਚਾਹੁੰਣ ਤਾਂ ਉਹ ਖ਼ੁਦ ਜਾਂ ਇਕ ਵਿਅਕਤੀ ਲਈ ਵੀ ਪੰਜੀਕਰਨ ਕਰ ਸਕਦੇ ਹਨ। ਜੋ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਲੈਣਾ ਚਾਹੁੰਦੇ ਹਨ, ਉਹ ਟੋਲ ਫਰੀ ਨੰਬਰ 7669400500 'ਤੇ ਮਿਸ ਕਾਲ ਦੇ ਸਕਦੇ ਹਨ ਜਾਂ ਫ਼ਿਰ ਸੀ।ਐਮ ਦੀ ਯੋਗਸ਼ਾਲਾ ਪੋਰਟਲ cmidyogshala.punjab.govi.n 'ਤੇ ਲਾਗਇਨ ਕਰ ਸਕਦੇ ਹਨ।

# ਪੰਜਾਬੀ 'ਚ ਸਹੁੰ ਚੁੱਕੀ ਪੰਜਾਬ ਦੇ ਲੋਕ ਸਭਾ ਮੈਂਬਰਾਂ ਨੇ



**ਨਵੀਂ ਦਿੱਲੀ–** ਸੰਸਦ ਦੇ ਦੂਜੇ ਦਿਨ ਦੇ ਸੈਸ਼ਨ ਵਿਚ ਪੰਜਾਬ ਦੇ ਲੋਕ ਸਭਾ ਮੈਂਬਰਾਂ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਡਾ. ਅਮਰ ਸਿੰਘ , ਸਰਬਜੀਤ ਸਿੰਘ ਖ਼ਾਲਸਾ, ਸੁਖਜਿੰਦਰ ਸਿੰਘ ਰੰਧਾਵਾ, ਸ਼ੇਰ ਸਿੰਘ ਘੁਬਾਇਆ, ਚਰਨਜੀਤ ਸਿੰਘ ਚੰਨੀ, ਹਰਸਿਮਰਤ ਕੌਰ ਬਾਦਲ, ਡਾ. ਧਰਮਵੀਰ ਗਾਂਧੀ, ਮਾਲਵਿੰਦਰ ਸਿੰਘ ਕੰਗ, ਗੁਰਮੀਤ ਸਿੰਘ ਮੀਤ ਹੇਅਰ ਤੇ ਰਾਜ ਕੁਮਾਰ ਚੱਬੇਵਾਲ ਨੇ ਹਲਫ਼ ਲਿਆ। ਸਾਰਿਆਂ ਨੇ ਪੰਜਾਬੀ ਵਿਚ ਆਪਣੀ ਸਹੁੰ ਚੁੱਕੀ। ਪੰਜਾਬ ਤੋਂ 13 ਲੋਕ ਸਭਾ ਮੈਂਬਰ ਚੁਣੇ ਗਏ ਹਨ ਤੇ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਹਨ। ਉਹ ਡਿਬਰੂਗੜ੍ਹ ਜੇਲ੍ਹ 'ਚ ਹਨ।

# ਓਮ ਬਿਰਲਾ ਚਰਚਾ 'ਚ ਕਦੋਂ ਆਏ?

ਓਮ ਬਿਰਲਾ ਰਾਜਸਥਾਨ ਸਰਕਾਰ ਵਿੱਚ ਸੰਸਦੀ ਸਕੱਤਰ ਸਨ। ਇਸ ਦੌਰਾਨ ਉਨ੍ਹਾਂ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ 50 ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ। ਇੰਨਾ ਹੀ ਨਹੀਂ ਉਨ੍ਹਾਂ ਨੇ 2004 ਦੇ ਹੜ੍ਹ ਦੌਰਾਨ ਵੀ ਪੀੜਤਾਂ ਦੀ ਕਾਫੀ ਮਦਦ ਕੀਤੀ ਸੀ। ਓਮ ਬਿਰਲਾ ਸਾਲ 2006 ਵਿੱਚ ਉਸ ਸਮੇਂ ਸੁਰਖੀਆਂ ਵਿੱਚ ਆਏ ਜਦੋਂ ਉਨ੍ਹਾਂ ਨੇ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਕੋਟਾ ਅਤੇ ਬੂੰਦੀ ਵਿੱਚ ਆਯੋਜਿਤ 'ਆਜ਼ਾਦੀ ਕੇ ਸਵਾਰ' ਪ੍ਰੋਗਰਾਮ ਵਿੱਚ 15 ਹਜ਼ਾਰ ਤੋਂ ਵੱਧ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ।

ਉਹ 1979 ਵਿੱਚ ਹੀ ਵਿਦਿਆਰਥੀ ਰਾਜਨੀਤੀ ਵਿੱਚ ਬਹੁਤ ਸਰਗਰਮ ਹੋ ਗਿਆ। ਬਿਰਲਾ ਨੂੰ ਕੋਟਾ ਦੇ ਗੁਮਾਨਪੁਰਾ ਸਥਿਤ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਸੰਘ ਦਾ ਪ੍ਰਧਾਨ ਚੁਣਿਆ ਗਿਆ। ਬਾਅਦ ਵਿੱਚ ਉਹ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਕੋਰ ਮੈਂਬਰ ਵਜੋਂ ਸ਼ਾਮਲ ਹੋ ਗਏ। ਸਾਲ 1987 ਵਿੱਚ, ਬਿਰਲਾ ਭਾਰਤੀ ਜਨਤਾ ਯੁਵਾ ਮੋਰਚਾ ਦਾ ਮੈਂਬਰ ਬਣ ਗਿਆ ਅਤੇ ਜਲਦੀ ਹੀ ਜ਼ਿਲ੍ਹਾ ਪ੍ਰਧਾਨ ਬਣ ਗਿਆ। ਚਾਰ ਸਾਲ ਪੂਰੇ ਹੋਣ ਤੋਂ ਪਹਿਲਾਂ ਉਹ ਭਾਜਪਾ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਬਣ ਗਏ। ਉਹ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਇਸ ਅਹੁਦੇ 'ਤੇ ਰਹੇ। ਇਸ ਤੋਂ ਬਾਅਦ, ਉਹ ਭਾਰਤੀ ਰਾਸ਼ਟਰੀ ਸਹਿਕਾਰੀ ਖਪਤਕਾਰ ਯੂਨੀਅਨ ਲਿਮਟਿਡ, ਨਵੀਂ ਦਿੱਲੀ ਅਤੇ ਫਿਰ ਰਾਜਸਥਾਨ ਰਾਜ ਸਹਿਕਾਰੀ ਖਪਤਕਾਰ ਯੂਨੀਅਨ ਲਿਮਟਿਡ, ਜੈਪੁਰ (ਜੂਨ 1992 ਤੋਂ ਜੂਨ 1995) ਦੇ ਪ੍ਰਧਾਨ ਰਹੇ।

# ਮੁਕਤਸਰ 'ਚ ਹੈਵਾਨੀਅਤ ! ਮੰਦਬੁੱਧੀ ਨੂੰ ਜ਼ਮੀਨ 'ਚ ਗੱਡਿਆ, ਟੁੱਟੇ ਕੱਚ ਉੱਪਰ ਨੰਗੇ ਪੈਰ ਚਲਵਾਇਆ

**ਸ੍ਰੀ ਮੁਕਤਸਰ ਸਾਹਿਬ–** ਮੁਕਤਸਰ ਦੇ ਪਿੰਡ ਥਾਂਦੇਵਾਲਾ 'ਚ ਇਕ ਮੰਦਬੁੱਧੀ ਨੌਜਵਾਨ ਨਾਲ ਪਿੰਡ ਦੇ ਹੀ ਕੁਝ ਲੋਕਾਂ ਵੱਲੋਂ ਗ਼ੈਰ-ਮਨੁੱਖੀ ਵਿਹਾਰ ਕਰਨ ਨਾਲ ਉਸ ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਗਸੀਰ ਸਿੰਘ (28) ਪੁੱਤਰ ਭਪ ਸਿੰਘ ਦੇ ਰੂਪ 'ਚ ਹੋਈ ਹੈ। ਮਾਮਲੇ 'ਚ ਮ੍ਰਿਤਕ ਦੇ ਪਰਿਵਾਰ ਦੇ ਬਿਆਨਾਂ 'ਤੇ ਥਾਣਾ ਸਦਰ ਪੁਲਿਸ ਨੇ ਪਿਤਾ-ਪੁੱਤਰ ਸਮੇਤ ਚਾਰ ਮੁਲਜ਼ਮਾਂ ਖਿਲਾਫ਼ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਫਿਲਹਾਲ ਮੁਲਜ਼ਮ ਫਰਾਰ ਹਨ।

ਪਰਿਵਾਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਮੁਲਜ਼ਮਾਂ ਨੇ ਜਗਸੀਰ ਸਿੰਘ ਨੂੰ ਜ਼ਮੀਨ 'ਚ ਗੱਡਿਆ। ਇਸ ਤੋਂ ਇਲਾਵਾ ਕੱਚ ਤੋੜ ਕੇ ਉਸ ਦੇ ਉੱਪਰ ਨੰਗੇ ਪੈਰ ਚਲਵਾਇਆ, ਸੂਈਆਂ ਵਗੈਰਾ ਮਾਰੀਆਂ ਤੇ ਸੂਈ ਜੀਭ ਦੇ ਆਰ-ਪਾਰ ਵੀ ਕੀਤੀ। ਸੰਗਲ ਨੂੰ ਗਰਮ ਕਰ ਕੇ ਜਗਸੀਰ ਨੂੰ ਫੜਾਇਆ। ਗ਼ੈਰ-ਮਨੁੱਖੀ ਵਿਹਾਰ ਕਾਰਨ ਜਗਸੀਰ ਦੀ 24 ਜੂਨ ਨੂੰ ਹਸਪਤਾਲ 'ਚ ਦਰਦਨਾਕ ਮੌਤ ਹੋ ਗਈ।

ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਗੁਰਦੇਵ ਸਿੰਘ ਵਾਸੀ ਥਾਂਦੇਵਾਲਾ ਨੇ ਦੱਸਿਆ ਕਿ ਉਹ 2018 'ਚ ਸਿਹਤ ਵਿਭਾਗ 'ਚੋਂ ਸੇਵਾਮੁਕਤ ਹੋਇਆ ਸੀ। ਉਸ ਦੇ ਭਰਾ ਭੱਪ ਸਿੰਘ ਦਾ ਪੁੱਤਰ ਜਗਸੀਰ ਸਿੰਘ ਸਿੱਧਾ-ਸਾਦਾ ਵਿਅਕਤੀ ਹੈ, ਜੋ ਆਪਣੇ ਤੌਰ 'ਤੇ ਕੋਈ ਕੰਮ ਨਹੀਂ ਕਰ ਸਕਦਾ ਤੇ ਕਿਸੇ ਦੇ ਕਹਿਣ 'ਤੇ ਕੁਝ ਵੀ ਕਰ ਸਕਦਾ ਹੈ। ਸਾਡਾ ਪੂਰਾ ਪਰਿਵਾਰ ਉਸ ਦੀ ਦੇਖਭਾਲ ਕਰਦਾ ਹੈ ਤਾਂ ਜੋ ਉਸ ਨਾਲ ਕੋਈ ਅਣ-ਸੁਖਾਵੀਂ ਘਟਨਾ ਨਾ ਵਾਪਰੇ।

ਕਰੀਬ ਡੇਢ ਮਹੀਨਾ ਪਹਿਲਾਂ ਵਿਜੇ ਕੁਮਾਰ ਪੁੱਤਰ ਰਾਜੂ, ਸੋਨੂੰ ਪੁੱਤਰ ਵਿਜੇ ਕੁਮਾਰ, ਗੁਰਮੀਤ ਸਿੰਘ ਵਾਸੀ ਪਿੰਡ ਥਾਂਦੇਵਾਲਾ ਅਤੇ ਬੰਟੀ ਵਾਸੀ ਪਿੰਡ ਘੜੀਆਣਾ ਜ਼ਿਲ੍ਹਾ ਫਾਜ਼ਿਲਕਾ ਜੋ ਕਿ ਅਕਸਰ ਪਿੰਡ ਵਿੱਚ ਬਾਜੀ ਲਾਉਂਦੇ ਹਨ, ਵਰਗੇ ਕਿਸੇ ਵਿਅਕਤੀ ਨੂੰ ਜ਼ਮੀਨ 'ਚ ਟੋਇਆ ਪੁੱਟ ਕੇ ਗੱਡ ਦੇਣਾ। ਇਸ ਤੋਂ ਇਲਾਵਾ ਕੱਚ ਤੋੜ ਕੇ ਉਸ 'ਤੇ ਨੰਗੇ ਪੈਰ ਚਲਵਾਉਣਾ, ਸੂਈ ਵਗੈਰਾ ਮਾਰਨੀ, ਸੂਈ ਜੀਭ ਦੇ ਆਰ-ਪਾਰ ਕਰਨਾ ਵਰ-ਗੀਆਂ ਜਾਨਲੇਵਾ ਘਟਨਾਵਾਂ ਕਰਦੇ ਹਨ।

ਮੁਲਜ਼ਮਾਂ ਨੇ ਉਸ ਦੇ ਭਰਾ ਦੇ ਲੜਕੇ ਜਗਸੀਰ ਸਿੰਘ ਦੀ ਸਿੱਧੀ-ਸਾਦੀ ਗੱਲ ਦਾ ਫਾਇਦਾ ਚੁੱਕਦਿਆਂ ਉਸ ਨਾਲ ਅਣਮਨੁੱਖੀ ਸਲੂਕ ਕੀਤਾ। 20 ਜੂਨ ਨੂੰ ਵਿਜੇ ਕੁਮਾਰ ਤੇ ਉਪਰੋਕਤ ਚਾਰੇ ਵਿਅਕਤੀ ਉਸਦੇ ਭਤੀਜੇ ਜਗਸੀਰ ਸਿੰਘ ਨੂੰ ਮੇਰੇ ਭਰਾ ਮੰਗਾ ਸਿੰਘ ਦੇ ਘਰ ਬੇਹੋਸ਼ੀ ਦੀ ਹਾਲਤ 'ਚ ਛੱਡ ਕੇ ਫ਼ਰਾਰ ਹੋ ਗਏ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਜਗਸੀਰ ਸਿੰਘ ਜ਼ਖ਼ਮੀ ਹਾਲਤ 'ਚ ਸੀ ਤੇ ਉਸ ਦੀਆਂ ਲੱਤਾਂ, ਹੱਥਾਂ ਤੇ ਮੂੰਹ 'ਤੇ ਸੋਜ ਸੀ। ਸਰੀਰ ਦੇ ਹੋਰ ਹਿੱਸਿਆਂ 'ਤੇ ਸੱਟਾਂ ਲੱਗਣ ਕਾਰਨ ਉਸ 'ਤੇ ਕਾਲਾ ਤੇਲ ਲਗਾਇਆ ਹੋਇਆ ਸੀ।


‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

### ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ



**ਕੁਲਦੀਪ ਚੰਦ**
**91-9417563054**

26 ਜੂਨ ਨੂੰ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ। ਅੱਜ ਦੇ ਇਸ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦਾ ਮੁੱਖ ਵਿਸ਼ਾ ਹੈ ਬਿਹਤਰ ਦੇਖਭਾਲ ਲਈ ਬਿਹਤਰ ਗਿਆਨ। ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਇਸ ਸਬੰਧੀ ਮਿਤੀ 7 ਦਸੰਬਰ, 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ। ਭਾਰਤ ਵਿੱਚ ਵੀ ਹਰ ਸਾਲ ਇਸ ਦਿਨ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਹੋਣ ਵਾਲੇ ਇਨ੍ਹਾਂ ਸਮਾਗਮਾਂ ਵਿੱਚ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਨਸ਼ਿਆਂ ਦੀ ਵੱਧ ਰਹੀ ਵਰਤੋਂ ਨੂੰ ਰੋਕਣ ਲਈ ਸੁਝਾਓ ਦਿਤੇ ਜਾਂਦੇ ਹਨ। ਨਸ਼ਿਆਂ ਦੀ ਸਮੱਸਿਆ ਅਤਿ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਵਿਸ਼ਵ ਨਸ਼ਾ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 271 ਮਿਲੀਅਨ ਵਿਅੱਕਤੀ ਖਤਰਨਾਕ ਅਤੇ ਮਾਰੂ ਨਸ਼ਿਆਂ ਦੇ ਆਦੀ ਹਨ ਅਤੇ 35 ਮਿਲੀਅਨ ਵਿਅੱਕਤੀ ਨਸ਼ਿਆਂ ਦੇ ਕੁਪ੍ਰਭਾਵ ਤੋਂ ਪੀੜ੍ਹਿਤ ਹਨ ਜਿਨ੍ਹਾਂ ਨੂੰ ਇਲਾਜ ਦੀ ਜਰੂਰਤ ਹੈ ਜਦਕਿ ਸੱਤ ਪੀੜ੍ਹਿਤਾਂ ਪਿੱਛੇ ਸਿਰਫ ਇੱਕ ਵਿਅੱਕਤੀ ਨੂੰ ਹੀ ਇਲਾਜ ਦੀ ਸਹੂਲਤ ਮਿਲਦੀ ਹੈ। ਨਸ਼ਿਆਂ ਦੀ ਵੱਧ ਰਹੀ ਵਰਤੋਂ ਕਾਰਨ ਐਚ ਆਈ ਵੀ, ਹੈਪਾਟਾਇਟਸ ਸੀ ਸਮੇਤ ਕਈ ਰੋਗ ਵੱਧ ਰਹੇ ਹਨ। ਨਸ਼ਿਆਂ ਨੂੰ ਮੁੱਖ ਤੋਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਸਾਡੇ ਦੇਸ਼ ਵਿੱਚ ਆਮ ਤੋਰ ਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਸਰਕਾਰ ਵਲੋਂ ਮੰਨਜੂਰਸ਼ੁਦਾ ਨਸ਼ਿਆਂ ਸਬੰਧੀ ਵੀ ਬਹੁਤ ਹੀ ਭੰਬਲਭੂਸਾ ਹੈ ਕਿਉਂਕਿ ਦੇਸ਼ ਦੇ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਸ਼ਰੇਆਮ ਵਿਕਰੀ ਹੁੰਦੀ ਹੈ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਮੰਤਰਾਲਿਆ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਵਿੱਚ ਲੱਗਭੱਗ 16 ਕਰੋੜ੍ਹ ਵਿਅਕਤੀ ਸ਼ਰਾਬ ਦੀ ਵਰਤੋਂ ਕਰਦੇ ਹਨ, 3.1 ਕਰੋੜ੍ਹ ਵਿਅਕਤੀ ਭੰਗ ਉਤਪਾਦਾਂ ਦੀ ਵਰਤੋਂ ਕਰਦੇ ਹਨ, 1.18 ਕਰੋੜ੍ਹ ਵਿਅਕਤੀ ਨਾਨ ਮੈਡੀਕਲ ਨਸ਼ਿਆਂ ਦੀ ਵਰਤੋਂ ਕਰਦੇ ਹਨ, 8.5 ਲੱਖ ਵਿਅਕਤੀ ਟੀਕਿਆਂ ਦੁਆਰਾ ਨਸ਼ਿਆਂ ਦੀ ਵਰਤੋਂ ਕਰਦੇ ਹਨ, 2.6 ਕਰੋੜ੍ਹ ਵਿਅਕਤੀ ਅਫੀਮ, ਹੈਰੋਇਨ, ਸਮੈਕ, ਬਰਾਊਨ ਸ਼ੂਗਰ ਆਦਿ ਨਸ਼ਿਆਂ ਦੀ ਵਰਤੋਂ ਕਰਦੇ ਹਨ। ਪੰਜਾਬ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਆਮ ਮਨੁੱਖ ਤਾਂ ਦੂਰ, ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਆਧੁਨਿਕ ਕਈ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵਧ ਰਿਹਾ ਤਣਾਅ ਆਦਿ ਸ਼ਾਮਲ ਹਨ। ਦੇਸ ਵਿੱਚ ਲਾਗੂ ਹੋ ਰਹੀਆਂ ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ, ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕਿਆ ਹੈ। ਨੌਜਵਾਨ ਵਰਗ ਰੁਜ਼ਗਾਰ ਦੇ ਵਸੀਲਿਆਂ ਦੀ ਅਣਹੋਂਦ ਕਾਰਨ ਵਿਹਲ ਤੋਂ ਅੱਕਿਆ ਅਤੇ ਭਵਿੱਖ ਪ੍ਰਤੀ ਨਿਰਾਸ਼ ਹੋਕੇ ਨਸ਼ਿਆਂ ਦੇ ਜਾਲ ਵਿੱਚ ਫਸ ਰਿਹਾ ਹੈ। ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ।




ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਵਰਤੋਂ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ। ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਮੈਡੀਕਲ ਸਟੋਰਾਂ ਤੋਂ ਮਿਲਣ ਵਾਲੇ ਨਸ਼ਿਆਂ ਦੀ ਵਰਤੋਂ ਦਾ ਰੁਝਾਨ ਜ਼ਿਆਦਾ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋਕਿ ਪੰਜਾਬ ਵਿੱਚ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਸ਼ਰਾਬ ਸਮੇਤ ਹੋਰ ਨਸ਼ਿਆਂ ਦੀ ਹੋਈ ਗੈਰ ਕਨੂੰਨੀ ਵਿਕਰੀ ਅਤੇ ਸਰਕਾਰੀ ਨਸ਼ਾ ਛਡਾਉ ਕੇਂਦਰਾਂ ਅੱਗੇ ਲੱਗੀਆਂ ਲੰਬੀਆਂ ਲਾਇਨਾਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਸਬੰਧੀ ਪੋਲ ਖੋਲਦੀਆਂ ਹਨ। ਕਈ ਰਾਜਾਂ ਵਿੱਚ ਸਰਕਾਰ ਦੀ ਕਮਾਈ ਦਾ ਮੁੱਖ ਸਾਧਨ ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਹੈ ਜਿਸ ਕਾਰਨ ਸ਼ਰਾਬ ਵਰਗੇ ਨਸ਼ੇ ਨੂੰ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਔਸਤਨ ਹਰ ਪੰਜਾਬੀ ਇੱਕ ਸਾਲ ਵਿੱਚ 12 ਬੋਤਲਾਂ ਸ਼ਰਾਬ ਦੀਆਂ ਪੀਂਦਾ ਹੈ ਅਤੇ ਸ਼ਰਾਬ ਦੀ ਵਰਤੋਂ ਲਈ ਪੰਜਾਬ ਦਾ ਲੁਧਿਆਣਾ ਜਿਲ੍ਹਾ ਸਭਤੋਂ ਮੋਹਰੀ ਹੈ। ਚੌਣ ਆਯੋਗ ਵਲੋਂ ਚੌਣਾਂ ਦੌਰਾਨ ਇਸ ਸਬੰਧੀ ਕੀਤੀ ਜਾਂਦੀ ਸੱਖਤੀ ਦਾ ਕਾਫੀ ਅਸਰ ਵੇਖਣ ਨੂੰ ਮਿਲਦਾ ਹੈ ਪਰੰਤੂ ਚੌਣਾਂ ਤੋ ਬਾਦ ਫਿਰ ਇਹ ਕੰਮ ਖੁੱਲੇ ਤੋਰ ਤੇ ਚੱਲਦਾ ਹੈ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ ਪਰ ਇਹ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਨਸ਼ਿਆਂ ਦੇ ਗੈਰ ਕਨੂੰਨੀ ਵਪਾਰ ਵਿੱਚ ਸ਼ਾਮਲ ਕੁੱਝ ਪੁਲਿਸ ਅਧਿਕਾਰੀਆਂ ਦੇ ਨਾਮ ਸਾਹਮਣੇ ਆਣ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਕੰਮ ਵਿੱਚ ਕਈ ਉੱਚ ਅਧਿਕਾਰੀ ਵੀ ਜੁੜ੍ਹੇ ਹੋਏ ਹਨ। ਬੇਸ਼ੱਕ ਸਰਕਾਰ ਵਲੋਂ ਇਸ ਸਮੱਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੁ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ।

ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸੱਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿ਼ਲ ਰਿਹਾ ਹੈ ਕਿਉਂਕਿ ਦੂਰ ਦੁਰਾਡੇ ਇਲਾਕਿਆਂ ਤੋਂ ਵਿਭਾਗ ਦੀ ਨਜ਼ਰ ਅਜੇ ਵੀ ਦੂਰ ਹੈ ਅਤੇ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਜ਼ਿਆਦਾਤਰ ਦੋਸ਼ੀਆਂ ਨੂੰ ਰਾਜਨੀਤਿਕ ਦਬਾਅ ਕਾਰਨ ਜਾਂ ਪੈਸੇ ਲੈ ਕੇ ਛੱਡ ਦਿੱਤਾ ਜਾਂਦਾ ਹੈ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਜਰੂਰਤ ਹੈ ਕਿ ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂ ਅਤੇ ਪਾਰਟੀਆਂ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣ ਤੇ ਇਸ ਤਰਾਂ ਦੇ ਧੰਦੇ ਵਿੱਚ ਲੱਗੇ ਵਿਅਕਤੀਆਂ ਜੋਕਿ ਅਕਸਰ ਉਪਰ ਤੱਕ ਪਹੁੰਚ ਰੱਖਦੇ ਹਨ ਦਾ ਖੁੱਲਕੇ ਵਿਰੋਧ ਕੀਤਾ ਜਾਵੇ ਤਾਂ ਜੋ ਦੇਸ ਅਤੇ ਸਮਾਜ ਨੂੰ ਨਸ਼ਾ ਮੁੱਕਤ ਬਣਾਇਆ ਜਾਵੇ ਤਾਂ ਹੀ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਬ ਪੂਰਾ ਹੋਵੇਗਾ।

## ਜ਼ਿਲ੍ਹਾ ਜੇਲ੍ਹ ਸੰਗਰੂਰ ਵਿਖੇ ਬੰਦੀ ਔਰਤਾਂ ਨੂੰ ਜੂਟ ਬੈਗ ਬਣਾਉਣ ਦੀ ਸਿਖਲਾਈ ਦਿੱਤੀ

**ਸੰਗਰੂਰ, (ਦਲਜੀਤ ਕੌਰ)** ਜ਼ਿਲ੍ਹਾ ਜੇਲ੍ਹ ਸੰਗਰੂਰ ਵਿਖੇ ਬੰਦੀ ਔਰਤਾਂ ਨੂੰ ਕਿੱਤਾਮੁਖੀ ਕੋਰਸ ਦੀ ਸਿਖਲਾਈ ਦੇਣ ਲਈ ਪੇਂਡੂ ਸਵੈ ਰੋਜ਼ਗਾਰ ਸਿਖਲਾਈ ਸੰਸਥਾਨ (ਆਰਸੇਟੀ) ਅਤੇ ਸਟੇਟ ਬੈਂਕ ਆਫ਼ ਇੰਡੀਆ ਦੇ ਸਹਿਯੋਗ ਨਾਲ ਚੱਲ ਰਿਹਾ 6 ਰੋਜ਼ਾ ਸਿਖਲਾਈ ਕੈਂਪ ਸਮਾਪਤ ਹੋ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੁਪਰਡੈਂਟ ਜ਼ਿਲ੍ਹਾ ਜੇਲ੍ਹ ਸੰਗਰੂਰ ਲਲਿਤ ਕੋਹਲੀ ਨੇ ਦੱਸਿਆ ਕਿ ਬੰਦੀ ਔਰਤਾਂ ਨੂੰ ਆਰਸੇਟੀ ਦੀ ਟੀਮ ਨੇ ਈ.ਡੀ.ਪੀ. ਜੂਟ ਬੈਗ ਬਣਾਉਣ ਦੀ ਸਿਖਲਾਈ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਇਸ ਸਿਖਲਾਈ ਦਾ ਉਦੇਸ਼ ਇਹ ਹੈ ਕਿ ਇਹ ਬੰਦੀ ਔਰਤਾਂ ਜੇਲ੍ਹ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਸਮਾਜ ਵਿੱਚ ਸਵੈ ਰੁਜ਼ਗਾਰ ਰਾਹੀਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਸਮਰੱਥ ਬਣ ਸਕਣ ਅਤੇ ਆਜੀਵਿਕਾ ਦੇ ਸਾਧਨ ਵਿਕਸਤ ਕਰ ਸਕਣ। ਇਸ ਮੌਕੇ ਆਰਸੇਟੀ ਦੇ ਡਾਇਰੈਕਟਰ ਦਲੀਪ ਕੁਮਾਰ ਅਤੇ ਜੇਲ੍ਹ ਸੁਪਰਡੈਂਟ ਵੱਲੋਂ ਕੋਰਸ ਦੇ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਫੈਕਲਟੀ ਮੈਂਬਰ ਬਾਲ ਕ੍ਰਿਸ਼ਨ, ਅਮਨਦੀਪ ਠਾਕੁਰ, ਮਨਜਿੰਦਰ ਸਿੰਘ, ਡਿਪਟੀ ਸੁਪਰਡੈਂਟ ਜਸਪ੍ਰੀਤ ਸਿੰਘ, ਗਗਨਦੀਪ ਕੌਰ, ਕਰਮਜੀਤ ਕੌਰ ਆਦਿ ਵੀ ਹਾਜ਼ਰ ਸਨ।



## ਸ਼ਹੀਦ ਮੱਖਣ ਸਿੰਘ ਸਕੂਲ ਪਠਾਨਕੋਟ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ





**ਪਠਾਨਕੋਟ (ਜਸਪਾਲ ਕੁਮਾਰ ਆਜ਼ਾਦ)** ਸ਼ਹੀਦ ਮੱਖਣ ਸਿੰਘ ਸਰਕਾਰੀ ਲੜਕੀਆਂ ਸੀ.ਐਸ. ਸਕੂਲ ਪਠਾਨਕੋਟ ਵਿਖੇ ਪ੍ਰਿੰਸੀਪਲ ਮੀਨਮ ਸ਼ਿਖਾ ਦੀ ਦੇਖ-ਰੇਖ ਹੇਠ ਸਕੂਲ ਦੇ ਵਿਹੜੇ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਪਤੰਜਲੀ ਯੋਗ ਕਮੇਟੀ ਦੇ ਇੰਚਾਰਜ ਲਖਵਿੰਦਰ ਸਿੰਘ ਅਤੇ ਯੋਗਾਚਾਰੀਆ ਸੁਨੀਤਾ ਮੌਜੂਦ ਸਨ। ਉਨ੍ਹਾਂ ਵੱਲੋਂ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਯੋਗਾ ਅਤੇ ਪ੍ਰਾਣਾਯਾਮ ਦੇ ਅਭਿਆਸ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਯੋਗਾ ਅਤੇ ਪ੍ਰਾਣਾਯਾਮ ਕਰਨ ਨਾਲ ਸਰੀਰ ਹੀ ਨਹੀਂ ਬਲਕਿ ਮਨ ਵੀ ਤੰਦਰੁਸਤ ਰਹਿੰਦਾ ਹੈ ਅਤੇ ਬਿਮਾਰੀਆਂ ਸਰੀਰ ਤੋਂ ਦੂਰ ਰਹਿੰਦੀਆਂ ਹਨ। ਸਕੂਲ ਦੀ ਪ੍ਰਿੰਸੀਪਲ ਮੀਨਮ ਸ਼ਿਖਾ ਨੇ ਕਿਹਾ ਕਿ ਯੋਗਾ ਸਾਡੇ ਸਰੀਰ ਨੂੰ ਸਿਹਤਮੰਦ ਬਣਾਉਂਦਾ ਹੈ ਅਤੇ ਨਾਲ ਹੀ ਮਾਨਸਿਕ ਸ਼ਾਂਤੀ ਅਤੇ ਸੰਤੁਲਨ ਵੀ ਪ੍ਰਦਾਨ ਕਰਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਪਤੰਜਲੀ ਯੋਗ ਸੰਮਤੀ ਦੇ ਇੰਚਾਰਜ ਲਖਵਿੰਦਰ ਸਿੰਘ ਅਤੇ ਯੋਗਾਚਾਰੀਆ ਸੁਨੀਤਾ ਨੂੰ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਕੇਸ਼ ਪਠਾਨੀਆ, ਰਾਜੇਸ਼ ਕੁਮਾਰ, ਬ੍ਰਜਰਾਜ, ਰੋਹਿਤ, ਵਰਜੇਸ਼, ਅਨਾਮਿਕਾ, ਭਾਰਤੀ, ਰਚਨਾ, ਸ਼ਵੇਤਾ ਚਾਵਲਾ, ਰਮਾ ਸ਼ਰਮਾ, ਸੁਨੀਤਾ, ਰੰਜਨਾ, ਮੋਨਿਕਾ, ਮੀਨਾਕਸ਼ੀ, ਅਰੁਣਦੀਪ, ਸੀਮਾ, ਰਜਨੀ, ਰੇਣੂ ਬਾਲਾ ਆਦਿ ਅਧਿਆਪਕ ਹਾਜ਼ਰ ਸਨ।

## ਰਾਸ਼ਟਰੀ ਖਿਡਾਰਨਾਂ ਇੰਦਰਜੋਤ ਕੌਰ ਤੇ ਲਵਜੋਤ ਕੌਰ ਨੂੰ ਰੋਟਰੀ ਕਲੱਬ ਬੰਗਾ ਗਰੀਨ ਨੇ ਕੀਤਾ ਸਨਮਾਨਿਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਰਾਸ਼ਟਰੀ ਖਿਡਾਰਨਾਂ ਇੰਦਰਜੋਤ ਕੌਰ ਅਤੇ ਲਵਜੋਤ ਕੌਰ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਤੇ ਰੋਟਰੀ ਕਲੱਬ ਬੰਗਾ ਗਰੀਨ ਵਲੋਂ ਕਲੱਬ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਦੀ ਅਗਵਾਈ ਹੇਠ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਖੇਡ ਦੇ ਮੈਦਾਨ ਵਿੱਚ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਿਲਬਾਗ ਸਿੰਘ ਬਾਗੀ ਨੇ ਕਿਹਾ ਕਿ ਕਿਸੇ ਵੀ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚੇ ਘਰੇਲੂ ਤੰਗੀਆਂ ਕਾਰਨ ਆਪਣੇ ਟੀਚੇ ਤੋਂ ਪੱਛੜ ਨਾ ਜਾਣ ਇਸ ਲਈ ਸਾਡੇ ਕਲੱਬ ਵਲੋਂ ਹਰ ਤਰਾਂ ਦੀ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਡਾ। ਪਰਮਜੀਤ ਸਿੰਘ ਨੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਕੋਚ ਮਲਕੀਤ ਸਿੰਘ ਗੋਸਲ ਅਤੇ ਰਣਧੀਰ ਸਿੰਘ ਭੁੱਲਰ ਨੇ ਜਿੱਥੇ ਕਲੱਬ ਦੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਉੱਥੇ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਖਿਡਾਰੀਆਂ ਦੀ ਬਾਂਹ ਫੜਨ ਤੇ ਵਧੀਆ ਟਰੈਕ ਮੁਹੱਈਆ ਕਰਵਾਉਣ। ਇਸ ਮੌਕੇ ਜੀਵਨ ਕੌਸ਼ਲ, ਰਣਵੀਰ ਸਿੰਘ ਰਾਣਾ, ਮਾਸਟਰ ਅਸ਼ੋਕ ਕੁਮਾਰ ਸ਼ਰਮਾ, ਬਲਵਿੰਦਰ ਸਿੰਘ ਪਾਂਧੀ, ਲਵਪ੍ਰੀਤ ਕੌਰ ਕੋਚ ਖੇਲੋ ਇੰਡੀਆ, ਬ੍ਰਹਮਜੋਤ ਕੌਰ, ਸਿਮਰਨ ਕੌਰ ਆਦਿ ਹਾਜਰ ਸਨ।



# ਯੂਰਪੀ ਸੰਘ ਦੀਆਂ ਚੋਣਾਂ, ਸੱਜ ਪਿਛਾਖੜ ਦੀ ਜਿੱਤ ਖਤਰੇ ਦੀ ਘੰਟੀ



ਜਗਦੀਸ਼ ਚੋਹਕਾ
91-92179-97445
001-403-285-4208

ਸੰਸਾਰ ਆਰਥਿਕ ਵਾਧਾ ਦਰ ਬੜੀ ਤੇਜ਼ੀ ਨਾਲ ਹੇਠਾਂ ਵਲ ਜਾ ਰਹੀ ਹੈ। ਇਹ ਇਕ ਸਰਵਜਨਕ ਮੰਦੀ ਦਾ ਪ੍ਰਗਟਾਵਾ ਹੈ ਜੋ ਪਿਛਲੇ 80-ਸਾਲਾਂ ਅੰਦਰ ਦੋ ਵਾਰੀ ਇਕ ਦਹਾਕੇ ਅੰਦਰ ਪਨਪ ਰਿਹਾ ਹੈ। ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ 2023 ਦੌਰਾਨ ਸੰਸਾਰ ਵਿਕਾਸ ਵਾਧਾ ਦਰ 3.00 ਫੀ ਸਦ ਤੋਂ ਹੇਠਾਂ ਖਿਸਕ ਦੇ 1.7 ਫੀ ਸਦ ਆ ਗਈ ਹੈ ! ਯੂਰਪੀ-ਸੰਘ ਦੀ ਵਾਧਾ ਦਰ ਜ਼ੀਰੋ ਫੀ ਸਦ ਜੋ 2023 'ਚ ਸਮਝੀ ਜਾਂਦੀ ਸੀ, ਦੌਬਾਰਾ ਦੁਹਰਾਈ ਬਾਅਦ 1.9 ਫੀ ਸਦ ਅੰਕ ਹੇਠਾਂ ਹੋਰ ਜਾਣ ਦੀ ਕਿਆਸ-ਰਾਈ ਕੀਤੀ ਗਈ ਹੈ! ਉਪਰੋਕਤ ਸੰਸਾਰ ਆਰਥਿਕ ਰਿਪੋਰਟਾਂ ਅਨੁਸਾਰ ਮੰਦਾ ਹੋਰ ਭਿਆਨਕ ਰੂਪ ਧਾਰਨ ਕਰਕੇ, 'ਗਰੀਬੀ ਵੱਧੇਗੀ! ਕੌਮਾਂਤਰੀ ਕਿਰਤ ਸੰਸਥਾ ਦੀ ਸੰਸਾਰ ਰੁਜ਼ਗਾਰ ਤੇ ਸਮਾਜਕ ਆਲਾ-ਦੁਆਲਾ ਰਿਪੋਰਟ ਜਨਵਰੀ, 2023 ਅਨੁਸਾਰ ਕਿਰਤ ਮੰਡੀ ਅੰਦਰ 52-ਮਿਲੀਅਨਜ਼ ਪੂਰੀ ਦਿਹਾੜੀ ਵਾਲੇ ਕੰਮ-ਘੰਟਿਆਂ ਵਿੱਚ ਕਸਾਰਾ ਆਇਆ। ਕਿਰਤ-ਸ਼ਕਤੀ ਹਿਸੇਦਾਰੀ 1.2 ਫੀ ਸਦ ਤੋਂ ਹੇਠਾਂ ਹੀ ਰਹੇਗੀ? ਸੰਸਾਰ ਮੁਦਰਾ ਸਫੀਤੀ ਖੁਰਾਕੀ ਵਸਤਾਂ 'ਚ ਪਹਿਲਾ ਨਾਲੋ 14- ਫੀ ਸਦ ਉਪਰ ਜਾਵੇਗੀ। "ਆਕਸਫਾਮ" ਨੇ ਇਕ ਰਿਪੋਰਟ ਵਿੱਚ ਕਿਹਾ ਹੈ ਕਿ ਅਮੀਰ ਹੀ ਵੱਧਣ-ਫੁੱਲਣਗੇ ਜੋ ਸੰਸਾਰ ਅੰਦਰ ਇਕ ਫੀ ਸਦ ਹੁੰਦੇ ਹੋਏ ਏਨੀ ਸੰਪਤੀ ਦੇ ਮਾਲਕ ਬਣ ਜਾਣਗੇ ਜਿਨੀ 99- ਫੀ ਸਦ ਬਾਕੀ ਲੋਕਾਂ ਪਾਸ ਹੋਵੇਗੀ? ਸੰਸਾਰ ਪੂੰਜੀਵਾਦੀ ਸੰਕਟ ਹੋਰ ਗੈਹਰਾ ਹੋਣ ਕਾਰਨ ਬੇਰੁਜ਼ਗਾਰੀ, ਆਰਿਥਕ ਨਾ-ਬਰਾਬਰਤਾ ਅਤੇ ਗਰੀਬੀ 'ਚ ਵਾਧਾ ਹੋਣਾ ਵੀ ਲਾਜ਼ਮੀ ਹੈ! ਇਸ ਵਿਰੁੱਧ ਲੋਕ-ਰੋਹ ਵੀ ਪੈਦਾ ਹੋਣਾ ਲਾਜ਼ਮੀ ਹੈ।

ਯੂਰਪ ਅੰਦਰ ਵੀ ਜਿਓ ਜਿਓ ਸੰਸਾਰ ਆਰਥਿਕਤਾ ਉਪਰ ਵਿਤੀ ਪੂੰਜੀ ਦੀ ਪਕੜ ਹੋਰ ਮਜ਼ਬੂਤ ਹੁੰਦੀ ਜਾਂਦੀ ਗਈ, ਸੰਸਾਰ ਪੂੰਜੀਵਾਦੀ ਸੰਕਟ ਵੀ ਉਥੇ ਵੱਧ ਰਿਹਾ ਹੈ।ਇਕ ਪਾਸੇ ਪੂੰਜੀਵਾਦੀ ਯੂਰਪੀ ਸਰਕਾਰਾਂ ਨੇ ਜਿਥੇ ਆਰਥਿਕ ਉਦਾਰੀਵਾਦੀ ਨੀਤੀਆਂ ਰਾਹੀਂ ਜਿਨ੍ਹਾਂ ਅਧੀਨ, ਪੂੰਜੀਪਤੀ ਅਤੇ ਘਰਾਣਿਆ ਨੂੰ ਅਥਾਹ ਮੁਨਾਫ਼ੇ ਕਮਾਉਣ ਲਈ ਹੁਣ ਖੁਲ੍ਹੀਆਂ ਛੋਟਾਂ ਹਨ। ਉਂਝ ਸਾਲ 1991 ਤੋਂ ਬਾਦ ਸੋਵੀਅਤ ਰੂਸ ਅਤੇ ਪੂਰਬੀ ਸਮਾਜਵਾਦੀ ਯੂਰਪੀ ਦੇਸ਼ਾਂ ਦੇ ਬਲਾਕ ਦੇ ਖੇਰੂ-ਖੇਰੂ ਹੋਣ ਤੋਂ ਪਹਿਲਾਂ ਜੋ ਕਦੀ ਯੂਰਪ ਦੇ ਦੇਸ਼ਾਂ ਅੰਦਰ ਅੱਧ-ਪਚੱਧੀਆ ਸਮਾਜਕ ਸੁਰੱਖਿਆਅਤੇ ਹੋਰ ਆਰਥਿਕ ਸਹੂਲਤਾਂ ਦਿੱਤੀਆਂ ਸਨ। ਹੁਣ ਇਕ-ਇਕ ਕਰਕੇ ਉਹ ਖੁਰ ਗਈਆਂ ਹਨ। ਭਾਵੇਂ ਯੂਰਪੀ ਯੂਨੀਅਨ ਦੇ 27-ਦੇਸ਼ਾਂ ਦੀ ਪਾਰਲੀਮੈਂਟ ਨੇ ਵੀ ਪਿਛਲੇ ਸਮੇਂ, '1-ਲੱਖ, 80 ਹਜ਼ਾਰ ਕਰੋੜ ਯੂਰੋ (22-ਖਰਬ ਡਾਲਰ) ਦੇ ਪੈਕੇਜ ਦਾ ਆਪਣੇ ਬਜਟ ਰਾਹੀਂ ਭੁਗਤਾਨ ਕੀਤਾ ਸੀ। ਪਰ ਇਸ ਪੈਕੇਜ ਨੇ ਕਿਰਤੀ ਲੋਕਾਂ ਅਤੇ ਮੱਧ-ਵਰਗ ਨੂੰ ਕੋਈ ਬਹੁਤਾ ਲਾਭ ਨਹੀਂ ਦਿਤਾ ਸੀ, ਸਗੋਂ ਇਹ ਵੱਡੇ ਕਾਰੋਬਾਰੀਆਂ ਅਤੇ ਵਿਤੀ-ਪੂੰਜੀ ਨੂੰ ਹੀ ਇਕ ਤੋਹਫਾ ਸਾਬਤ ਹੋਇਆ ਸੀ। ਇਹੀ ਕਾਰਨ ਹੈ ਕਿ ਯੂਰਪ ਦੀ ਵੱਡੀ ਗਿਣਤੀ ਵਿੱਚ ਲੋਕ ਉਥੋਂ ਦੀ ਸੱਜ-ਪਿਛਾਖੜ ਸੋਚ ਵਾਲੀਆਂ ਸੱਜੇ ਪੱਖੀ ਰਾਜਨੀਤਕ ਪਾਰਟੀਆ ਨਾਲ ਜੁੜੇ ਹਨ ਕਿਉਂਕਿ ਪ੍ਰਤੀਕਿਰਿਆ ਵਾਦੀ ਤਾਕਤਾਂ ਅਤੇ ਰਾਜਨੀਤੀ ਨੇ ਲੋਕਾਂ ਦੀਆਂ ਭਾਵਨੀਤਕ ਭਾਵਨਾਵਾਂ ਨੂੰ ਛੇਤੀ ਹੀ ਭੜਕਾਅ ਕੇ ਆਪਣੇ ਹਿਤ ਲਈ ਵਰਤਿਆ ਹੈ। ਜਿਸ ਦਾ ਪ੍ਰਗਾਟਾਵਾ 6-9 ਜੂਨ 2024 ਦੇ ਪਹਿਲੇ ਤੇ ਦੂਸਰੇ ਹਫਤੇ ਦੌਰਾਨ ਯੂਰਪੀ-ਸੰਘ ਦੀਆਂ ਚੋਣਾਂ ਅੰਦਰ ਹੋਇਆ ਹੈ। 27-ਦੇਸ਼ਾਂ ਦੀਆਂ ਵਿਭਾਜਨਕਾਰੀ, ਨਸਲਵਾਦੀ, ਅੰਧਰਾਸ਼ਟਰ ਵਾਦੀ, ਧਾਰਮਿਕ, ਕੱਟੜਵਾਦੀ ਤੇ ਸੰਕੀਰਣਵਾਦੀ ਪਾਰਟੀਆਂ ਮਜ਼ਬੂਤ ਹੋ ਕੇ ਅੱਗੇ ਆਈਆਂ। ਲੋਕਾਂ ਦਾ ਇਹ ਪ੍ਰਗਟਾਵਾ ਉਥੋ ਦੀਆਂ ਹਾਕਮ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆ ਵਿਰੁਧ ਵੀ ਇਕ ਰੋਸ ਹੈ !

ਹਰ 5-ਸਾਲਾਂ (2019-2024) ਬਾਦ ਯੂਰਪੀ ਯੂਨੀਅਨ ਦੇ 27 ਦੇਸ਼ਾਂ ਵਲੋਂ 720-ਸੀਟਾਂ ਲਈ ਕੌਮੀ ਸੁਰੱਖਿਆ ਅਤੇ ਕੌਮਾਂਤਰੀ ਨੀਤੀਆਂ ਨੂੰ ਮੁੱਖ ਰੱਖਦੇ ਸੰਗਠਨ ਲਈ ਚੋਣਾਂ ਕਰਾਈਆਂ ਜਾਂਦੀਆਂ ਹਨ। ਇਸ ਵਾਰ ਇਹ ਚੋਣਾਂ 6-9 ਜੂਨ, 2024 ਤਕ ਹੋਈਆ ਅਤੇ ਇਨ੍ਹਾਂ ਚੋਣਾਂ ਅੰਦਰ ਧੁਰ ਸੱਜੇ ਪੱਖੀ ਰਾਜਨੀਤੀ ਨੇ ਸਫਲਤਾ ਪ੍ਰਾਪਤ ਕੀਤੀ ਹੈ। ਕੇਂਦਰੀ ਮੁੱਖ ਬਲਾਕ, 'ਸੱਜੀ ਯੂਰਪ ਲੋਕ ਪਾਰਟੀ (ਈ.ਪੀ.ਪੀ.) ਨੇ 26-ਫੀ ਸਦ ਅਤੇ 189 ਸੀਟਾਂ ਤੇ ਜਿਤ ਪ੍ਰਾਪਤ ਕੀਤੀ ਜਿਸ ਪਾਸ ਪਹਿਲਾ 182 ਸੀਟਾਂ ਸਨ। ਕੇਂਦਰੀ ਐਸ ਐਂਡ ਡੀ ਨੇ 19- ਫੀ ਸਦ ਵੋਟਾਂ ਅਤੇ 135 ਸੀਟਾਂ ਤੇ ਜਿਤ ਪ੍ਰਾਪਤ ਕੀਤੀ ਹੈ। ਧੁਰ ਸੱਜ-ਪਿਛਾਖੜ ਧੜਾ (ਈ।ਸੀ। ਐਂਡ ਆਰ) ਨੇ 10 ਫੀ ਸਦ ਵੋਟਾਂ ਅਤੇ 76 ਸੀਟਾਂ ਹਥਿਆਈਆਂ। ਪ੍ਰੋ-ਯੂਰਪੀ ਤੇ ਪ੍ਰੋਗਰੈਸਿਵ ਖੱਬੇ-ਸੋਸਾ ਲਿਸਟ (ਆਰ.ਈ.) ਕੋਲੀਸ਼ਨ ਨੇ 11- ਫੀਸਦ ਵੋਟਾ ਅਤੇ 79 ਸੀਟਾ ਪ੍ਰਾਪਤ ਕੀਤੀਆਂ ਹਨ। ਗ੍ਰੀਨ ਪਾਰਟੀ ਫਰੀ ਅਲਾਇਸ (ਜੀ.ਈ.ਐਫ.ਏ.) ਨੂੰ 7-ਫੀ ਸਦ ਵੋਟਾ ਅਤੇ 53 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਇਨ੍ਹਾਂ ਚੋਣਾ



ਵਿੱਚ ਯੂਰਪ ਦੀ ਰਾਜਨੀਤੀ ਅੰਦਰ ਸੱਜ ਪਿਛਾਖੜ ਸੋਚ ਅਤੇ ਰਾਜਨੀਤਕ ਪ੍ਰਭਾਵ ਹੋਰ ਮਜ਼ਬੂਤ ਹੋਇਆ ਹੈ। ਇਹ ਸਭ ਕੁਝ ਉਦਾਰਵਾਦੀ ਰੁਝਾਨਾਂ ਦੇ ਉਲਟ ਨਤੀਜੇ ਹਨ।

ਸੰਘ ਤੋਂ ਬਾਹਰ ਯੂ.ਕੇ. ਦੀ ਸੰਸਦ ਨੇ ਇਨ੍ਹਾਂ ਚੋਣਾਂ ਦੇ ਨਤੀਜਿਆ ਤੋਂ ਪਹਿਲਾ ਹੀ ਪ੍ਰਧਾਨਮੰਤਰੀ ਰਿਸ਼ੀ ਸੂਨਕ ਭੰਗ ਕਰਕੇ ਜੁਲਾਈ ਵਿੱਚ ਚੋਣਾ ਕਰਾਉਣ ਦਾ ਐਲਾਨ ਕਰ ਦਿੱਤਾ ਹੋਇਆ ਹੈ। ਇਸੇ ਤਰ੍ਹਾਂ ਫਰਾਂਸ ਦੇ ਰਾਸ਼ਟਰਪਤੀ ਇ. ਮੈਕਰੋਨ ਨੇ ਇਨ੍ਹਾਂ ਚੋਣਾਂ ਬਾਅਦ ਕੁਲੀਸ਼ਨ ਦੀ ਹਾਰ ਬਾਦ ਸੰਸਦ ਭੰਗ ਕਰਕੇ ਚੋਣਾਂ ਦਾ ਐਲਾਨ ਕੀਤਾ ਹੈ। ਜਰਮਨ ਅੰਦਰ ਵੀ ਅਲਟਰਨੇਟਿਵ ਫਾਰ ਜਰਮਨੀ, ਪਾਰਟੀ ਜੋ ਸੱਜੇ ਪੱਖੀ ਪ੍ਰਭਾਵ ਰੱਖਦੀ ਹੈ ਉਹ ਮਜ਼ਬੂਤ ਹੋ ਕੇ ਉਭਰੀ ਹੈ। ਭਾਵੇਂ ਕਿ ਉਸ ਦੇ ਕਈ ਆਗੂਆਂ ਦੇ ਨਾਂ ਪਿਛਲੇ ਕਈ ਘੁਟਾਲਿਆਂ 'ਚ ਆਉਂਦੇ ਰਹੇ ਹਨ। ਜਰਮਨੀ ਯੂਰਪ ਅੰਦਰ 27-ਦੇਸ਼ਾਂ ਦੀ ਯੂਨੀਅਨ ਦਾ ਸਭ ਤੋਂ ਵੱਡਾ ਦੇਸ਼ ਹੈ। ਇਸ ਪਾਰਟੀ ਨੇ 2019 'ਚ 11- ਫੀ ਸਦ ਮਤ ਪ੍ਰਾਪਤ ਕੀਤਾ ਸੀ, ਪਰ ਇਸ ਵਾਰ 16.5 ਫੀ ਸਦ ਵੋਟਾ ਪ੍ਰਾਪਤ ਕੀਤੀਆਂ ਹਨ। ਜਦਕਿ ਜਰਮਨ 'ਚ ਰਾਜ ਕਰ ਰਿਹਾ ਤਿੰਨ ਪਾਰਟੀਆਂ ਦਾ ਗਠਜੋੜ ਮਹਿਜ 30-ਫੀ ਸਦ ਵੋਟਾ ਹੀ ਪ੍ਰਾਪਤ ਕਰਨ 'ਚ ਕਾਮਯਾਬ ਰਿਹਾ ਹੈ। ਹੁਣ ਜਰਮਨ ਵਿੱਚ ਅਲਟਰਨੇਟਿਵ ਫਾਰ ਜਰਮਨੀ ਦੇਸ਼ ਦੇ ਚਾਂਸਲਰ (ਰਾਸ਼ਟਰਪਤੀ) ਉਲਾਫ ਸੌਲਜ਼ ਦੀ ਸੋਸ਼ਲ ਡੈਮੋਕਰੇਟਿਕ ਪਾਰਟੀ ਨੂੰ ਡਿਗਾਉਣ ਲਈ ਕਾਫੀ ਮਜ਼ਬੂਤ ਹੈ। ਇਹ ਰਾਜਨੀਤਕ ਰੁਝਾਂਨ, ਜਰਮਨੀ ਅੰਦਰ 1930 ਤੋਂ ਬਾਅਦ ਮਜ਼ਬੂਤ ਹੋਏ ਹਿਟਲਰ ਦੇ ਨਾਜੀਵਾਦੀ ਉਭਾਰਾਂ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਯੂਰਪੀ ਸੰਸਦਰ ਅੰਦਰ ਇਹ ਪਾਰਟੀ ਸਭ ਤੋਂ ਵੱਡੀ ਸ਼ਕਤੀ ਬਣਕੇ ਉਭਰੀ ਹੈ।

ਯੂਰਪੀ ਸੰਘ ਜੋ ਯੂਰਪ ਦੇ 27-ਦੇਸ਼ਾਂ ਦਾ ਸੰਗਠਨ ਹੈ, ਜੋ ਆਪਣੇ ਮੈਂਬਰ ਦੇਸ਼ਾਂ ਦੇ ਹਿਤਾਂ ਲਈ ਇਕ ਰਾਜਸੀ ਸੰਗਠਨ ਹੈ, ਜਿਸ ਦੇ ਮੈਂਬਰਾਂ ਦੀ ਗਿਣਤੀ 40-ਕਰੋੜ ਹੈ। ਇਸ ਦਾ ਸਦਰ -ਮੁਕਾਮ ਬਰੱਸਲ ਅਤੇ ਲਕਸਮ-ਬਰਗ ਹੈ। ਯੂਰਪੀ ਸੰਘ ਦੀ ਛੱਤਰੀ ਹੇਠ 100 ਤੋਂ ਵੱਧ ਜੱਥੇਬੰਦੀਆਂ ਜਿਸ ਅਧੀਨ, ਵਿਆਹ, ਟਰਾਂਸ-ਰਾਈਟਸ, ਜਣਨ-ਆਜਾਦੀ, ਐਲ. ਜੀ. ਬੀ. ਟੀ. ਕਿਊ. ਆਈ. ਵਿਰੁਧ ਵਿਤਕਰਾ ਅਤੇ ਹੋਰ ਕਈ ਮੁਦਿਆਂ 'ਤੇ ਜੋ 2013 ਨੂੰ ਗੁਪਤ ਰੂਪ ਵਿੱਚ ਫੈਸਲੇ ਲਏ ਸਨ, ਲਾਗੂ ਕਰਾਉਂਦਾ ਹੈ। ਅਗਲੇ 5-ਸਾਲਾਂ ਲਈ ਯੂਨੀਅਨ ਗਰੀਨ, ਡਿਜੀਟਲ ਟਰਾਂਜੀਸ਼ਨ ਅਤੇ ਆਰਥਿਕਤਾ, ਸੁਰੱਖਿਆ, ਵਾਧਾ, ਅਤੇ ਪ੍ਰਵਾਸ ਆਦਿ ਮੁਦਿਆ ਤੇ ਕੰਮ ਕਰੇਗੀ। ਜੋ ਕਨਜ਼ਰਟਿਵ ਅਤਿ ਦੇ ਮੁਕਾਬਲੇ ਵਾਲੇ ਹੋਣਗੇ ? ਭਾਵੇਂ ਉਸ ਦੀ ਸੰਸਦ ਸਾਹਮਣੇ ਜਮਹੂਰੀ ਫੈਸਲੇ ਲੈਣਾ, ਜਮਹੂਰੀਅਤ ਦੀ ਬਹਾਲੀ, ਬੋਲਣ ਦਾ ਅਧਿਕਾਰ, ਨਿਰਪੱਖ ਚੋਣਾਂ ਨੂੰ ਸੰਸਾਰ ਅੰਦਰ ਬੜਾਵਾ ਦੇਣਾ ਵੀ ਹੈ। ਜਲਵਾਯੂ ਸਬੰਧੀ ਅਤੇ ਪ੍ਰਵਾਸ ਸਬੰਧੀ ਯੂਰਪੀ ਸੰਘ ਆਯੋਗ ਦੀ ਚੇਅਰਪਰਸਨ ਉਰਸੁਲਾ ਵਾਨਡੇਰ ਲੇਨ ਦੀ ਪਾਰਟੀ ਕ੍ਰਿਸ਼ਿਅਨ ਡੈਮੋਕ੍ਰੇਟਿਕ ਨੇ, 'ਇਨ੍ਹਾਂ ਚੋਣਾਂ ਤੋਂ ਪਹਿਲਾ ਹੀ ਉਪਰੋਕਤ ਮੁਦਿਆ 'ਤੇ ਸੱਜੇ ਪੱਖੀ ਮੋੜ ਕੱਟਿਆ ਸੀ। ਸੰਸਦ ਆਪਣੇ ਮੈਂਬਰ ਦੇਸ਼ਾਂ ਦੇ ਆਰਥਿਕ ਵਿਕਾਸ, ਵਪਾਰ-ਵਣਜ, ਰਾਜਨੀਤਕ ਮੁੱਦਿਆਂ ਆਦਿ ਨਾਲ ਜੁੜੀਆਂ ਨੀਤੀਆ ਤਹਿ ਕਰਦੀ ਹੈ। ਇਸ ਲਈ ਦੁਨੀਆ ਦੇ ਗਰੀਬ ਅਤੇ ਆਜ਼ਾਦ ਹੋਏ ਦੇਸ਼ ਜਿਹੜੇ ਕਦੀ ਯੂਰਪੀ ਸਾਮਰਾਜੀ ਬਸਤੀਵਾਦੀਆ ਦੇ ਜੂਲੇ ਹੇਠ ਰਹੇ ਸਨ, ਜਿਨ੍ਹਾਂ ਦੀ ਰਾਜਨੀਤੀ 'ਤੇ ਅਜੇ ਵੀ ਉਹਨਾਂ ਦਾ ਪ੍ਰਭਾਵ ਹੈ ਇਸ ਚੋਣ ਨਤੀਜਿਆ ਪ੍ਰਤੀ ਉਤਸਕ ਹਨ।

ਹੁਣੇ-ਹੁਣੇ ਯੂਰਪੀ ਸੰਘ ਦੀਆਂ ਹੋਈਆ ਚੋਣਾਂ ਦੇ ਨਤੀਜਿਆ ਦਾ ਪ੍ਰਭਾਲ ਅਤੇ ਦਬਾਅ ਸੰਸਾਰ ਦੇ ਵਣਜ-ਵਾਪਾਰ, ਜਲਵਾਯੂ, ਪ੍ਰਵਾਸ ਅਤੇ ਰਾਜਨੀਤੀ 'ਤੇ ਪੈਣਾ ਸ਼ੁਰੂ ਹੋ ਗਿਆ ਹੈ।ਇਹ ਪ੍ਰਭਾਵ ਸਭ ਤੋਂ ਪਹਿਲਾਂ ਕਿਰਤੀ ਵਰਗ ਦੇ ਰੁਜ਼ਗਾਰ ਅਤੇ ਪ੍ਰਵਾਸ ਤੇ ਰੋਕ ਲਾਏਗਾ! ਹੁਣ ਕੰਮ ਕਰਨ ਲਈ ਭਾਵੇਂ ਕਿਸੇ ਵੀ ਕਿਰਤੀ ਨੂੰ ਸੰਘ ਦੇਸ਼ ਅੰਦਰ ਪ੍ਰਮਿਟ ਨਹੀਂ ਮਿਲੇਗਾ? ਪਰ ਮੈਂਬਰ ਦੇਸ਼ਾਂ ਦੇ ਕਿਰਤੀ ਇਕ ਦੇਸ਼ ਤੋਂ ਦੂਸਰੇ ਦੇਸ਼ ਜਾ ਸਕਣਗੇ। ਭਾਵੇਂ ਕਿਹਾ ਜਾ ਰਿਹਾ ਹੈ ਕਿ ਮੈਂਬਰ ਦੇਸ਼ ਦਾ ਕਿਰਤੀ ਆਪਣੇ ਸਾਰੇ ਹੱਕਾਂ ਸਮੇਤ ਦੂਸਰੇ ਮੈਂਬਰ ਦੇਸ਼ ਅੰਦਰ ਬਿਨਾਂ ਰੋਕ-ਟੋਕ ਜਾ ਸੱਕੇਗਾ? ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ 27-ਮੈਂਬਰ ਦੇਸ਼ਾਂ ਦੇ ਕਿਰਤੀਆਂ ਦੇ ਸਾਰੇ ਹੱਕ-ਹਕੂਕ ਉਸ ਦੇ ਦੂਸਰੇ ਦੇਸ਼ ਵਿੱਚ ਬਰ-ਕਰਾਰ ਰਹਿਣਗੇ ਜਾਂ ਨਹੀਂ ? ਪਰ ਜਿਥੇ ਵੀ ਸੱਜ ਪਿਛਾਖੜ ਰਾਜਨੀਤਕ ਪ੍ਰਭਾਵ ਮਜ਼ਬੂਤ ਹੋਇਆ ਉਥੋ ਦੀਆਂ ਪਹਿਲੀਆਂ ਜਮਹੂਰੀ, ਧਰਮ ਨਿਰਪੱਖ ਅਤੇ ਲੋਕ ਪੱਖੀ ਸ਼ਕਤੀ ਦੀਆਂ ਸਰਕਾਰਾਂ ਵਲੋਂ ਲਾਗੂ ਕੀਤੀਆਂ ਸਾਕਾਰਾਤਮਕ ਨੀਤੀਆ ਅਤੇ ਲਹਿਰਾਂ ਨੂੰ ਢਾਅ ਹੀ ਲੱਗੀ ਹੈ। ਦੇਖੋ ? ਭਾਰਤ ਅੰਦਰ 2014 ਤੋਂ ਰਾਜਨੀਤੀ ਦੇ ਕਾਬਜ ਹੋਈ ਅਤਿ ਦੀ ਸੱਜੇ ਪੱਖੀ ਤੇ ਏਕਾ ਅਧਿਕਾਰਵਾਦੀ ਬੀ.ਜੇ.ਪੀ. ਦਾ ਕਿਰਦਾਰ ਅਤੇ ਅਮਲ ਨੇ ਦੇਸ਼ ਨੂੰ ਇਕ ਭਿਆਨਕ ਇਕ ਪਾਸੜ ਤਾਨਾਸ਼ਾਹੀ ਵਲ ਤੋਰ ਦਿੱਤਾ ਸੀ। ਯੂਰਪ ਜਿਥੋਂ ਕਦੇ ਸੰਸਾਰ ਜਾਗਰੂਕਤਾ ਲਹਿਰਾ ਪੈਦਾ ਹੋਈਆਂ, ਧਰਮ ਨਿਰਪੱਖਤਾ ਅਤੇ ਜਮਹੂਰੀਅਤ ਨੂੰ ਜਨਮ ਹੀ ਨਹੀ ਦਿੱਤਾ ਸਗੋਂ ਮਜ਼ਬੂਤ ਕਰਕੇ ਸੰਸਾਰ ਅੰਦਰ ਬੀਅ ਬੀਜੇ ਸਨ, ਉਹਨਾਂ ਲਈ ਪਨਪੀ ਇਹ ਸੱਜ-ਪਿਛਾਖੜ ਰਾਜਨੀਤੀ ਇਕ ਗੰਭੀਰ ਚੁਣੌਤੀ ਹੋਵੇਗੀ ?

ਯੂਰਪੀ ਸੰਘ ਦੀਆਂ ਇਨ੍ਹਾਂ ਚੋਣਾਂ ਅੰਦਰ ਸੱਜ-ਪਿਛਾਖੜ ਰਾਜਨੀਤੀ ਵਾਲੀਆਂ ਪਾਰਟੀਆਂ ਦੇ ਮਜ਼ਬੂਤ ਹੋਣ ਨਾਲ ਸਭ ਤੋਂ ਵੱਡੀ ਸਟ ਦੁਨੀਆ ਦੀ ਕਿਰਤੀ ਜਮਾਤ ਦੇ ਹਿਤਾਂ, ਰੁਜ਼ਗਾਰ, ਵੇਜ਼ ਅਤੇ ਕਿਰਤੀ ਏਕਤਾ ਨੂੰ ਵੱਜੇਗੀ। ਭਾਰਤ ਦੇ ਵਿਦੇਸ਼ ਵਿਭਾਗ ਅਨੁਸਾਰ 2017 ਤਕ 2.83 ਮਿਲੀਅਨਜ਼ ਭਾਰਤੀ ਕਾਮੇ ਯੂਰਪੀ ਯੂਨੀਅਨ ਦੇਸ਼ਾਂ 'ਚ ਕੰਮ ਕਰ ਰਹੇ ਹਨ। ਸਭ ਤੋਂ ਵੱਧ ਯੂ.ਕੇ. 64.54 ਫੀ ਸਦ, ਨੀਦਰਲੈਂਡ 8.31 ਫੀ ਸਦ, ਇਟਲੀ 6.98 ਫੀ ਸਦ, ਜਰਮਨੀ 6 ਫੀ ਸਦ, ਫਰਾਂਸ ਵਿੱਚ 3.86 ਫੀ ਸਦ ਆਦਿ ਦੇਸ਼ਾਂ ਅੰਦਰ ਕੰਮ ਕਰਦੇ ਹਨ। ਪਰ ਗੈਰ-ਕਾਨੂੰਨੀ ਦਾਖਲ ਹੋ ਕੇ ਕੰਮ ਕਰਦੇ ਹਜ਼ਾਰਾਂ ਭਾਰਤੀ ਕਾਮੇ ਪੁਰਤਗਾਲ, ਸਪੇਨ, ਗਰੀਸ, ਇਟਲੀ, ਮਾਲਟਾ ਆਦਿ ਦੇਸ਼ਾਂ ਅੰਦਰ ਲੁਕ-ਛਿਪਕੇ ਪੱਕੇ ਹੋਣ ਲਈ ਬੜਾ ਜ਼ੋਖਿਮ ਭਰਿਆ ਜੀਵਨ ਜੀਅ ਰਹੇ ਹਨ। ਮਾਲਟਾ ਹਾਦਸਾ ਅੱਜੇ ਭੁਲਿਆ ਨਹੀਂ ਹੈ, ਜਿਸ ਨੇ ਸੈਂਕੜੇ ਕਿਰਤੀ ਨਿਗਲ ਲਏ ਸਨ। ਕਰੋੜਾਂ ਰੁਪਿਆ ਭਾਰਤੀ ਕਾਮੇ ਕਮਾ ਕੇ ਯੂਰਪ ਵਿਚੋਂ ਭਾਰਤ ਨੂੰ ਭੇਜ ਰਹੇ ਹਨ। ਸਾਲ 2020 ਤਕ 87-ਮਿਲਅਨਜ਼ ਲੋਕ ਪ੍ਰਵਾਸ ਕਰਕੇ ਯੂਰਪ ਗਏ ਹਨ। ਇਸ ਵੇਲੇ ਸੰਸਾਰ ਪੂਜੀਵਾਦੀ ਅਰਥ-ਵਿਵੱਸਥਾ ਸੰਕਟ ਵਲ ਜਾ ਰਹੀ ਹੈ। ਇਹ ਉਥੋ ਦੇ ਹਾਕਮਾਂ ਦੀਆ ਉਦਾਰੀਵਾਦੀ ਨੀਤੀਆ ਦਾ ਹੀ ਸਿਟਾ ਹੈ। ਵੱਧ ਰਹੀ ਆਰਥਿਕ ਨਾ-ਬਰਾਬਰਤਾ, ਗਰੀਬੀ ਅਤੇ ਬੇਰੁਜ਼ਗਾਰੀ ਲਈ ਪੂੰਜੀਵਾਦੀ ਨੀਤੀਆਂ ਹੀ ਜਿੰਮੇਵਾਰ ਹਨ। ਪਰ ਲੋਕਾਂ ਅੰਦਰ ਉਪਰੋਕਤ ਹਲਾਤਾਂ ਕਾਰਨ ਵੱਧ ਰਹੀ ਬੇਚੈਨੀ ਨੂੰ ਸੱਜ-ਪਿਛਾਖੜ ਰਾਜਨੀਤੀ ਇਸ ਨੂੰ ਪ੍ਰਵਾਸ ਕਰਕੇ ਆਏ ਕਿਰਤੀਆ ਦੀ ਆਮਦ ਸਿਰ ਮੜ੍ਹਦੀ ਹੈ।


ਇਹ ਇਤਿਹਾਸਕ ਸੱਚ ਹੈ ਕਿ ਸੱਜ-ਪਿਛਾਖੜ ਰਾਜਨੀਤੀ ਆਪਣੇ ਰਾਜਸੀ ਅਤੇ ਮੰਤਵ ਲਈ ਵੰਡਵਾਦੀ ਨਾਹਰਿਆਂ, ਨਸਲਵਾਦ, ਅੰਧ-ਰਾਸ਼ਟਰਵਾਦ ਤੇ ਕੱਟੜਵਾਦ ਰਾਹੀਂ ਮਨਸੂਬਿਆਂ ਦੀ ਪੂਰਤੀ ਲਈ ਕਿਰਤੀ ਜਾਮਤ ਵਿੱਚ ਫੁੱਟ ਪਾਉਂਦੀ ਹੈ। ਇਸ ਲਈ ਕੌਮਾਂਤਰੀ ਕਿਰਤੀ ਏਕਤਾ ਰਾਹੀ ਇਨ੍ਹਾਂ ਵਿਭਾਜਨਵਾਦੀ ਤੇ ਫੁਟ ਪਾਊ ਸ਼ਕਤੀਆ ਵਿਰੁਧ ਵਿਸ਼ਾਲ ਕਿਰਤੀ ਏਕਤਾ ਉਸਾਰਕੇ ਲੜਨਾ ਪਏਗਾ? ਕਿਰਤੀ ਜਮਾਤ ਦੇ ਸ਼ੋਸ਼ਣ ਲਈ ਮੁਖ ਜਿੰਮੇਵਾਰ ਪੂੰਜੀਵਾਦੀ ਰਾਜਨੀਤਕ ਪਾਰਟੀਆਂ ਦੀਆ ਉਦਾਰੀਵਾਦੀ ਆਰਥਿਕ ਨੀਤੀਆ ਨੂੰ ਨੰਗਾ ਕਰਨਾ ਸਮੇਂ ਦੀ ਲੋੜ ਹੈ। ਜਦੋਂ ਯੂਰਪ ਅੰਦਰ 1930 ਬਾਦ ਆਰਥਿਕ ਮੰਦਾ ਪਨਪਿਆ ਸੀ ਤਾਂ ਜਰਮਨ, ਇਟਲੀ, ਸਪੇਲ ਆਦਿ ਅੰਦਰ ਹਾਕਮ ਪਾਰਟੀਆਂ ਨੇ ਜਨਤਾ ਦੀਆਂ ਭਾਵਨਾਤਮਕ ਭਾਵਨਾਵਾਂ ਨੂੰ ਭੜਕਾਅ ਕੇ ਵੰਡਵਾਦੀ ਨਾਹਰਿਆ ਨਸਲਵਾਦ, ਅੰਧ-ਰਾਸ਼ਟਰਵਾਦ, ਸੰਕੀਰਨਵਾਦ ਰਾਹੀ ਨਾਜ਼ੀਵਾਦ ਅਤੇ ਫ਼ਾਸ਼ੀਵਾਦ ਨੂੰ ਜਨਮ ਦਿਤਾ ਸੀ। ਇਸ ਤੋਂ ਬਾਅਦ ਜੋ ਨੀਤਜੇ ਆਵਾਮ ਨੂੰ ਭੁਗਤਣੇ ਪਏ ਸਨ ਉਹਨਾਂ ਦੇ ਖੂਨੀ ਦਾਗ਼ ਅੱਜੇ ਵੀ ਮਿਟੇ ਨਹੀਂ ਹਨ ! ਭਾਰਤ ਅੰਦਰ ਵੀ ਅੰਧ-ਰਾਸ਼ਟਰਵਾਦ ਅਜੇ ਵੀ ਸੁਲਗ ਰਿਹਾ ਹੈ, ਭਾਰਤ ਦੀ ਕਿਰਤੀ ਜਮਾਤ ਅਤੇ ਜਮਹੂਰੀ ਲੋਕਾਂ ਨੂੰ ਹੁਣ ਹੋਰ ਵੀ ਸੁਚੇਤ ਹੋਣਾ ਪਏਗਾ। ਯੂਰਪੀ ਸੰਘ ਦੀਆਂ ਚੋਣਾਂ ਅੰਦਰ ਸੱਜ ਪਿਛਾਖੜ ਰਾਜਨੀਤੀ ਦਾ ਮਜ਼ਬੂਤ ਹੋਣਾ ਸਾਡੇ ਲਈ ਇਹ ਖਤਰੇ ਦੀ ਘੰਟੀ ਹੈ।

## ਪੁਸਤਕ ਸਮੀਖਿਆ

**ਮੇਰੀ ਹੇਮਕੁੰਟ ਸਾਹਿਬ ਦੀ ਯਾਤਰਾ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਪਰਗਟ ਸਿੰਘ ਜੰਬਰ**
**ਛਾਪਕ: ਗੁਰੂ ਪ੍ਰਿੰਟਿੰਗ ਪ੍ਰੈਸ ਵਾਲੇ ਬਾਘਾ ਪੁਰਾਣਾ,**
**ਪੰਨੇ: 56 , ਮੁੱਲ:100 ਰੁਪਏ**

ਮਨੁੱਖੀ ਜੀਵਨ ਵਿੱਚ ਸਫ਼ਰਨਾਮਾ ਸਾਹਿਤ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਕਿਸੇ ਨੇ ਸੱਚ ਹੀ ਲਿਖਿਆ ਹੈ ਕਿ ਤੁਸੀਂ ਜਿੰਨਾ ਜਿਆਦਾ ਸਫ਼ਓਮਪ;ਰ ਕਰੋਗੇ ਉਨਾ ਜਿਆਦਾ ਸਿੱਖੋਗੇ। ਸਫ਼ਰ ਦੌਰਾਨ ਜਿਹੜੇ ਤਜਰਬੇ ਮਨੁੱਖ ਹਾਸਲ ਕਰਦਾ ਹੈ ਉਹ ਘਰ ਬੈਠ ਕੇ ਨਹੀਂ ਕਰ ਸਕਦਾ। ਇਸ ਲਈ ਸਫ਼ਰ ਕੋਈ ਵੀ ਹੋਵੇ ਉਹ ਤਜਰਬਿਆਂ ਨਾਲ ਭਰਪੂਰ ਹੁੰਦਾ ਹੈ। ਅਨੇਕਾਂ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੋਇਆ ਮਨੁੱਖ ਆਪਣੀ ਮੰਜ਼ਿਲ ਵੱਲ ਵੱਧਦਾ ਜਾਂਦਾ ਹੈ। ਅਸਲ ਵਿੱਚ ਸਾਡਾ ਜੀਵਨ ਹੀ ਇੱਕ ਸਫ਼ਰ ਹੈ। ਜਨਮ ਤੋਂ ਲੈ ਕੇ ਮੌਤ ਤੱਕ ਦੇ ਵਿਚਾਲੇ ਦੇ ਸਮੇਂ ਦੌਰਾਨ ਜੋ ਕੁਝ ਅਸੀਂ ਕਰਦੇ ਹਾਂ ਜਿੱਥੇ ਅਸੀਂ ਜਾਂਦੇ ਹਾਂ ਉਹ ਸਾਡੀਆਂ ਜੀਵਨ ਪ੍ਰਾਪਤੀਆਂ ਵਿੱਚ ਸ਼ਾਮਿਲ ਹੋ ਜਾਂਦਾ ਹੈ। ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਪਹਾੜਾਂ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਮਨੁੱਖ ਅੰਦਰ ਜਿੱਥੇ ਪਿਆਰ ਸਤਿਕਾਰ ਮੁਹੱਬਤ ਪੈਦਾ ਕਰਦੀ ਹੈ ਉੱਥੇ ਮਨੁੱਖਤਾ ਦੇ ਨੇੜੇ ਵੀ ਲਜਾਂਦੀ ਹੈ ਹਰ ਯਾਤਰੀ ਸਫ਼ਰ ਦੌਰਾਨ ਨਵੇਂ ਅਨੁਭਵਾਂ ਨਾਲ ਆਪਣੀ ਯਾਦਾਂ ਦੀ ਪਟਾਰੀ ਭੱਰਕੇ ਲਿਆਉਂਦਾ ਹੈ।

'ਮੇਰੀ ਹੇਮਕੁੰਟ ਸਾਹਿਬ ਦੀ ਯਾਤਰਾ' ਸਫ਼ਰਨਾਮਾ ਦਾ ਲੇਖਕ ਪਰਗਟ ਸਿੰਘ ਜੰਬਰ ਚਾਰ ਵਾਰ ਹੇਮਕੁੰਟ ਸਾਹਿਬ ਦੀ ਯਾਤਰਾ ਤੇ ਜਾ ਚੁੱਕਾ ਹੈ। ਉਹ ਹਰ ਸਫ਼ਰ ਦੇ ਵੱਖੋ ਵੱਖਰੇ ਅਨੁਭਵ ਇਸ ਸਫ਼ਰਨਾਮੇ ਵਿੱਚ ਦਰਜ ਕਰਦਾ ਹੈ। ਖਾਸ ਗੱਲ ਇਹ ਹੈ ਕਿ ਉਹ ਕੁਦਰਤ ਨਾਲ ਇਕਮਿਕ ਹੁੰਦਾ ਹੋਇਆ ਧਾਰਮਿਕ ਅਕੀਦੇ ਨੂੰ ਗ੍ਰਹਿਣ ਕਰਦਾ ਹੈ। ਇਸ ਯਾਤਰਾ ਦਾ ਮਨੋਰਥ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਓਣੇ ਜਨਮ ਦੇ ਤਪ ਅਸਥਾਨ ਨੂੰ ਨਤਮਸਤਕ ਹੋਣਾ ਹੈ ਉਥੇ ਆਪਣੇ ਤਨ ਅਤੇ ਮਨ ਨੂੰ ਵੀ ਨਰੋਆ ਕਰਨਾ ਹੈ। ਇਹ ਯਾਤਰਾ ਉਸ ਅੰਦਰ ਧਾਰਮਿਕ ਰਹੁ ਰੀਤਾਂ ਵਾਸਤੇ ਆਦਰ ਮਾਣ ਪੈਦਾ ਕਰਦੀ ਹੈ। ਲੇਖਕ ਅਨੁਸਾਰ ਯਾਤਰਾ ਤੇ ਜਾਣ ਤੋਂ ਪਹਿਲਾਂ ਤਿਆਰੀ ਜ਼ਰੂਰ ਕਰ ਲੈਣੀ ਚਾਹੀਦੀ ਹੈ। ਬਗੈਰ ਤਿਆਰੀ ਦੇ ਕੀਤੀ ਯਾਤਰਾ ਤੁਹਾਡੇ ਸਫਰ ਦਾ ਸਵਾਦ ਕਿਰਕਰਾ ਕਰ ਦਿੰਦੀ ਹੈ। ਸਫ਼ਰ ਨੂੰ ਸੁਹਾਣਾ ਬਣਾਉਣ ਵਾਸਤੇ ਆਪਸੀ ਤਾਲਮੇਲ ਅਤੇ ਇੱਕ ਕਮਾਂਡਰ ਦਾ ਹੋਣਾ ਬਹੁਤ ਜ਼ਰੂਰੀ ਹੈ। ਮਾਹਿਰ ਡਰ-ਾਈਵਰ ਅਤੇ ਇਲਾਕੇ ਦੀ ਜਾਣਕਾਰੀ ਰੱਖਣ ਵਾਲੇ ਸਾਥੀਆਂ ਦੀ ਲੋੜ ਹਰ ਥਾਂ ਰਹਿੰਦੀ ਹੈ।




ਪਰਗਟ ਸਿੰਘ ਜੰਬਰ ਨੇ ਇਸ ਸਫ਼ਰਨਾਮੇ ਵਿੱਚ ਵੱਖ-ਵੱਖ ਥਾਵਾਂ ਦੀ ਸਮੁੰਦਰ ਤਲ ਤੋਂ ਉਚਾਈ ਅਤੇ ਉਥੋਂ ਦੇ ਭੂਗੋਲਕ ਵਾਤਾਵਰਣ ਨੂੰ ਬਾਖੂਬੀ ਚਿਤਰਿਆ ਹੈ। ਹੇਮਕੁੰਟ ਦੇ ਰਾਹ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਪ੍ਰਤੀ ਸੁਚੇਤ ਕਰਦਿਆਂ ਲੇਖਕ ਲਿਖਦਾ ਹੈ ਕਿ ਮੋਟਰਸਾਈਕਲਾਂ ਵਾਲਿਆਂ ਨੂੰ ਕਾਰਾਂ ਜਾਂ ਹੋਰ ਗੱਡੀਆਂ ਵਿੱਚ ਹੀ ਸਫ਼ਰ ਕਰਨਾ ਚਾਹੀਦਾ ਹੈ। ਉਹਨਾਂ ਦੁਆਰਾ ਵਰਤੀ ਜਾਂਦੀ ਅਣਗਹਿਲੀ ਕਈ ਵਾਰ ਹਾਦਸਿਆਂ ਦਾ ਕਾਰਨ ਬਣਦੀ ਹੈ। ਵੱਖ-ਵੱਖ ਗੁਰਦੁਆਰਿਆਂ ਵਿੱਚ ਰਿਹਾਇਸ਼ ਦਾ ਪੂਰਾ ਪ੍ਰਬੰਧ ਨਾ ਹੋਣ ਕਰਕੇ ਯਾਤਰੀਆਂ ਨੂੰ ਪਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਸ ਖੋਜ ਭਰਪੂਰ ਪੁਸਤਕ ਵਿੱਚ ਹੇਮਕੁੰਟ ਸਾਹਿਬ ਸਥਾਨ ਦੀ ਖੋਜ ਕਰਨ ਵਾਲੇ ਭਾਈ ਵੀਰ ਸਿੰਘ, ਬਾਬਾ ਮੋਦਨ ਸਿੰਘ, ਭਾਈ ਨੰਦ ਸਿੰਘ ਆਦਿ ਦਾ ਜ਼ਿਕਰ ਵੀ ਬਹੁਤ ਸ਼ਾਨਦਾਰ ਢੰਗ ਨਾਲ ਕੀਤਾ ਗਿਆ ਹੈ। ਇਸ ਅਸਥਾਨ ਦੀ ਪ੍ਰਫੁਲਤਾ ਕਿਹੜੇ ਸਾਲਾਂ ਵਿੱਚ ਕਿਸ ਢੰਗ ਨਾਲ ਹੋਈ ਉਸਦਾ ਜ਼ਿਕਰ ਵੀ ਕੀਤਾ ਗਿਆ ਹੈ। ਇਸ ਸਥਾਨ ਤੇ ਇਕ ਸਤੰਬਰ 1937 ਨੂੰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਭਾਈ ਨੰਦ ਸਿੰਘ ਜੀ ਨੂੰ ਸ੍ਰੀ ਹੇਮਕੁੰਟ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੈ। ਲੇਖਕ ਦੀ ਸਲਾਹ ਹੈ ਕਿ ਉਹਨਾਂ ਦੇ ਘਰ ਨੂੰ ਵੀ ਇੱਕ ਯਾਦਗਾਰ ਵਜੋਂ ਉਸਾਰਿਆ ਜਾਣਾ ਚਾਹੀਦਾ ਹੈ। ਬਦਰੀ ਨਾਥ ਮੰਦਰ ਵਿੱਚ ਜਦੋਂ ਇੱਕ ਏਜੰਟ ਦੁਆਰਾ ਪੈਸੇ ਲੈ ਕੇ ਦਰਸ਼ਨ ਕਰਵਾਏ ਜਾਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਲੇਖਕ ਬਾਹਰੋਂ ਹੀ ਨਤਮਸਤਕ ਹੋ ਕੇ ਵਾਪਸ ਆ ਜਾਂਦਾ ਹੈ। ਲੇਖਕ ਨੇ ਇਹਨਾਂ ਗੁਰਦੁਆਰਿਆਂ ਅਤੇ ਮੰਦਰਾਂ ਦੀਆਂ ਮੈਨੇਜਮੈਂਟ ਕਮੇਟੀਆਂ ਨੂੰ ਨਸੀਹਤ ਦਿੱਤੀ ਹੈ ਕਿ ਆਉਣ ਵਾਲੇ ਯਾਤਰੀਆਂ ਨੂੰ ਸਹੂਲਤਾਂ ਦੇਣ ਨਾ ਕਿ ਉਹਨਾਂ ਦੀ ਖੱਜਲ ਖੁਆਰੀ ਕਰਨ। ਇਸ ਸਫ਼ਰਨਾਮੇ ਵਿੱਚ ਪਰਗਟ ਸਿੰਘ ਜੰਬਰ ਨੇ ਸੱਚੋ ਸੱਚ ਬਿਆਨਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ।ਇਸ ਪੁਸਤਕ ਦੇ ਪਾਠ ਨਾਲ ਸਾਡੇ ਅੰਦਰ ਧਾਰਮਿਕ ਅਸਥਾਨਾਂ ਪ੍ਰਤੀ ਸ਼ਰਧਾ ਸਤਿਕਾਰ ਪੈਦਾ ਹੁੰਦਾ ਹੈ ਅਤੇ ਸਫ਼ਰ ਦੇ ਤੌਰ ਤਰੀਕਿਆਂ ਬਾਰੇ ਜਾਣਕਾਰੀ ਮਿਲਦੀ ਹੈ। ਰੰਗਦਾਰ ਤਸਵੀਰਾਂ ਨਾਲ ਸ਼ਿੰਗਾਰੀ ਇਹ ਪੁਸਤਕ ਹਰ ਪਾਠਕ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਦੀ ਹੋਈ ਸਮੇਂ ਦੇ ਹਾਣੀ ਬਣਾਉਂਦੀ ਹੈ।

# ਉੱਚ ਸਿੱਖਿਆ, ਵਧਦੇ ਵਿਵਾਦ



ਗੁਰਮੀਤ ਪਲਾਹੀ
91-98158-02070

ਪਿਛਲੇ ਕੁਝ ਦਿਨਾਂ ਤੋਂ ਰਾਸ਼ਟਰੀ ਪੱਧਰ 'ਤੇ ਕੁਝ ਮਹੱਤਵਪੂਰਨ ਪ੍ਰੀਖਿਆਵਾਂ ਵਿੱਚ ਧਾਂਧਲੀ ਅਤੇ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ ਦੇ ਮਾਮਲੇ 'ਚ ਜਿਸ ਕਿਸਮ ਦਾ ਰੋਸ ਲੋਕਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ, ਉਹ ਕੁਦਰਤੀ ਹੈ।

ਇਹੋ ਜਿਹੇ ਹਰ ਵਿਵਾਦ ਤੋਂ ਬਾਅਦ ਸਰਕਾਰ ਦਾ ਇਹੋ ਬਿਆਨ ਅਤੇ ਭਰੋਸਾ ਸਾਹਮਣੇ ਆਉਂਦਾ ਹੈ ਕਿ ਉਹ ਮਾਮਲੇ ਦੀ ਜਾਂਚ ਕਰੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਵੇਗੀ। ਪਰ ਸਾਲਾਂ ਤੋਂ ਇਹ ਸਮੱਸਿਆ ਲਗਾਤਾਰ ਕਾਇਮ ਹੈ।

ਸਮੇਂ-ਸਮੇਂ 'ਤੇ ਦੇਸ਼ ਵਿੱਚ ਹੋ ਰਹੇ ਸਕੈਂਡਲ, ਫਰਾਡ, ਭ੍ਰਿਸ਼ਟਾਚਾਰੀ ਕਾਰਵਾਈਆਂ ਕਾਰਨ ਵਿਸ਼ਵ ਵਿੱਚ ਦੇਸ਼ ਦਾ ਨਾਂਅ ਬਦਨਾਮ ਹੁੰਦਾ ਹੈ। ਹਾਲਾਂਕਿ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਕੈਂਡਲ ਦੀ ਸਿਆਹੀ ਸੁੱਕੀ ਨਹੀਂ ਸੀ ਕਿ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਸ਼ੇਅਰ ਮਾਰਕੀਟ ਸਬੰਧੀ ਇੱਕ ਹੋਰ ਵੱਡਾ ਵਿਵਾਦ ਸਾਹਮਣੇ ਆਇਆ, ਜਿਸ ਵਿੱਚ ਮੱਧ ਵਰਗੀ ਲੋਕਾਂ ਦੀ ਕਿਰਤ ਕਮਾਈ ਦੇ ਕਰੋੜਾਂ ਰੁਪਏ ਰੁੜ ਗਏ।

ਐਨ.ਡੀ.ਏ. ਸਰਕਾਰ ਦੇ ਗਠਨ ਦੇ ਤੁਰੰਤ ਬਾਅਦ ਨੀਟ ਵਿਵਾਦ ਚਰਚਾ 'ਚ ਆਇਆ ਹੈ। ਬਿਹਾਰ ਪੁਲਿਸ ਦੀ ਆਰਥਿਕ ਅਪਰਾਧ ਇਕਾਈ ਵਲੋਂ ਗ੍ਰਿਫ਼ਤਾਰ ਕੀਤੇ ਗਏ ਚਾਰ ਉਮੀਦਵਾਰਾਂ ਨੇ ਪੁਲਿਸ ਨੂੰ ਬਿਆਨ ਦਿੱਤੇ ਹਨ ਕਿ ਉਹਨਾ ਨੇ 32-32 ਲੱਖ ਰੁਪਏ ਪ੍ਰਤੀ ਵਿਦਿਆਰਥੀ ਲਏ ਹਨ ਅਤੇ ਉਹਨਾ ਵਿਦਿਆਰਥੀਆਂ ਨੇ ਇਸ ਪ੍ਰੀਖਿਆ 'ਚ ਸੌ ਫ਼ੀਸਦੀ ਅੰਕ ਪ੍ਰਾਪਤ ਕੀਤੇ ਸਨ ਅਤੇ ਐਮ.ਬੀ.ਬੀ.ਐਸ. ਲਈ ਕਿਸੇ ਵੀ ਵੱਡੇ ਮੈਡੀਕਲ ਕਾਲਜ 'ਚ ਉਹਨਾ ਦੀ ਸੀਟ ਪੱਕੀ ਸੀ। ਇਸ ਨੀਟ ਪ੍ਰੀਖਿਆ 'ਚ 24 ਲੱਖ ਨੌਜਵਾਨਾਂ ਨੇ ਪ੍ਰੀਖਿਆ ਦਿੱਤੀ ਸੀ।

ਅਸਲ ਵਿੱਚ ਇਸ ਪ੍ਰੀਖਿਆ ਨੇ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਉਤੇ ਵੱਡੇ ਸਵਾਲ ਖੜੇ ਕੀਤੇ ਹਨ। ਇਥੇ ਦਸਣਾ ਬਣਦਾ ਹੈ ਕਿ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਕਬੂਲਿਆ ਹੈ ਕਿ ਇਸ ਪ੍ਰੀਖਿਆ ਦਾ ਪੇਪਰ ਲੀਕ ਹੋਇਆ ਹੈ। ਉਹਨਾਂ ਨੇ ਕੌਮੀ ਟੈਸਟਿੰਗ ਏਜੰਸੀ (ਐਨ.ਟੀ.ਏ.) ਦੇ ਕੰਮ ਕਾਰ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਨਾਉਣ ਦਾ ਐਲਾਨ ਕੀਤਾ ਹੈ। ਦੇਸ਼ ਦੀ ਸੁਪਰੀਮ ਕੋਰਟ ਵਲੋਂ ਵੀ ਐਨ।ਟੀ।ਏ। ਦੀ ਜਵਾਬ ਤਲਬੀ ਕੀਤੀ ਗਈ ਹੈ ਅਤੇ ਕੇਂਦਰ ਸਰਕਾਰ ਨੂੰ ਵੀ ਇਸ ਸਬੰਧੀ ਕਟਿਹਰੇ 'ਚ ਖੜਾ ਕੀਤਾ ਗਿਆ ਹੈ। ਵਿਰੋਧੀ ਧਿਰਾਂ ਨੇ ਤਾਂ ਇਹਨਾ ਕਥਿਤ ਬੇਨਿਯਮੀਆਂ ਸਬੰਧੀ ਜ਼ੋਰਦਾਰ ਹੱਲਾ ਕੇਂਦਰ ਉਤੇ ਬੋਲਿਆ ਹੈ। ਕਾਂਗਰਸ ਆਗੂ ਨੇ ਤਾਂ ਇੱਕ ਕਦਮ ਹੋਰ ਅੱਗੇ ਜਾਂਦਿਆਂ ਕਿਹਾ ਕਿ ਭਾਜਪਾ ਤੇ ਆਰ।ਐਸ।ਐਸ। ਦਾ ਜਦੋਂ ਤੱਕ ਸਿੱਖਿਆ ਸੰਸਥਾਵਾਂ ਉਤੇ ਕਬਜ਼ਾ ਹੈ, ਉਦੋਂ ਤੱਕ ਪੇਪਰ ਲੀਕ ਹੋਣ ਦਾ ਅਮਲ ਜਾਰੀ ਰਹੇਗਾ।

ਬਿਨ੍ਹਾਂ ਸ਼ੱਕ ਇਹ ਵੱਡੀ ਸੱਚਾਈ ਹੈ ਕਿ ਭਾਜਪਾ ਸਰਕਾਰ ਸਿੱਖਿਆ ਸੰਸਥਾਵਾਂ ਉਤੇ ਆਪਣੇ ਕਰੀਂਦਿਆਂ ਰਾਹੀਂ, ਆਰ।ਐਸ।ਐਸ। ਦੀ ਹਿੰਦੂ ਰਾਸ਼ਟਰ ਸੋਚ ਨੂੰ ਸਿੱਖਿਆ ਸੰਸਥਾਵਾਂ ਰਾਹੀਂ ਦੇਸ਼ 'ਚ ਲਾਗੂ ਕਰਨ ਦੇ ਅਮਲ ਨੂੰ ਅੱਗੇ ਵਧਾ ਰਹੀ ਹੈ। ਦੇਸ਼ ਦੇ ਸਭਿਆਚਾਰਕ ਤਾਣੇ-ਬਾਣੇ ਨੂੰ ਨਸ਼ਟ ਕਰਨ ਲਈ ਪੂਰਾ ਟਿੱਲ ਲਾ ਰਹੀ ਹੈ। ਦੇਸ਼ ਦੇ ਇਤਿਹਾਸ ਨੂੰ ਬਦਲ ਰਹੀ ਹੈ। ਪਿਛਲੇ ਦਿਨੀ "ਬਾਬਰੀ ਮਸਜਿਦ" ਦਾ ਘਟਨਾ ਕਰਮ ਇਥੋਂ ਤੱਕ ਕਿ ਨਾਂਅ ਵੀ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚੋਂ ਗਾਇਬ ਕਰ ਦਿੱਤਾ ਗਿਆ।

ਇਥੇ ਬੁਨਿਆਦੀ ਸੁਆਲ ਇਹ ਹੈ ਕਿ ਦੇਸ਼ ਦੇ ਭਵਿੱਖ ਨਾਲ ਐਡਾ ਵੱਡਾ ਖਿਲਵਾੜ ਹੋਇਆ ਹੋਵੇ ਤੇ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪੀ ਵੱਟ ਕੇ ਬੈਠਾ ਰਹੇ, ਉਵੇਂ ਹੀ ਜਿਵੇਂ ਉਹ ਮਨੀਪੁਰ ਦੀਆਂ ਘਟਨਾਵਾਂ ਸਬੰਧੀ ਜਿਥੇ ਔਰਤਾਂ ਨਾਲ ਸ਼ਰੇਆਮ




ਬਲਾਤਕਾਰ ਹੋਏ, ਉਹਨਾ ਨੂੰ ਸੜਕਾਂ 'ਤੇ ਨੰਗਿਆਂ ਕਰਕੇ ਘੁਮਾਇਆ ਗਿਆ ਸੀ, ਪਰ ਪ੍ਰਧਾਨ ਮੰਤਰੀ ਨੇ ਇੱਕ ਸ਼ਬਦ ਵੀ ਇਸ ਸਬੰਧੀ ਨਹੀਂ ਸੀ ਬੋਲਿਆ।

ਪ੍ਰਧਾਨ ਮੰਤਰੀ, ਦੇਸ਼ ਦੇ ਲੋਕਾਂ ਕੋਲ ਹਰ ਮਹੀਨੇ 'ਮਨ ਕੀ ਬਾਤ' ਕਰਦੇ ਹਨ, ਇਸ ਮਹੀਨੇ ਵੀ ਆਖਰੀ ਤਾਰੀਖ ਨੂੰ ਮੁੜ ਇਹ ਪ੍ਰੋਗਰਾਮ ਪ੍ਰਸਾਰਤ ਕਰਵਾਉਂਦੇ ਹਨ, ਪਰ ਕੀ ਉਹ ਵਿਦਿਆਰਥੀਆਂ ਨਾਲ ਹੋਏ ਇਸ ਖਿਲਵਾੜ ਸਬੰਧੀ ਮਨ ਦੀ ਗੱਲ ਕਰਨਗੇ? ਕੀ ਉਹਨਾ ਵਿਦਿਆਰਥੀਆਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਲਗਾਉਣਗੇ, ਜਿਹਨਾ ਦੇ ਸੁਪਨੇ ਟੁੱਟ ਗਏ ਹਨ, ਜਿਹੜੇ ਇਨਸਾਫ਼ ਲਈ ਦਰ-ਦਰ ਭਟਕਦੇ ਫਿਰਦੇ ਹਨ, ਸੜਕਾਂ 'ਤੇ ਮੁਜ਼ਾਹਰੇ ਕਰ ਰਹੇ ਹਨ। ਇਸ ਨੀਟ ਵਿਵਾਦ 'ਤੇ ਘੁਟਾਲੇ ਦੀ ਜਾਂਚ ਸੀਬੀਆਈ ਨੂੰ ਦੇ ਦਿੱਤੀ ਗਈ ਹੈ। ਇਸ ਮਾਮਲੇ 'ਤੇ ਵੱਡੀ ਉਂਗਲੀ ਬਿਹਾਰ ਤੇ ਗੁਜਰਾਤ 'ਚ ਫੈਲੇ ਸਿੱਖਿਆ ਮਾਫੀਆ ਨਾਲ ਉਠਦੀ ਵਿਖਾਈ ਦਿੰਦੀ ਹੈ। ਦੋਹਾਂ ਰਾਜਾਂ ਵਿੱਚ ਹੀ ਐਫ।ਆਈ।ਆਰ। ਦਰਜ ਹੋਈਆਂ ਹਨ।

ਸਿੱਖਿਆ ਘੁਟਾਲੇ ਦੇ ਇਸ ਮੌਸਮ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਲੰਦਾ ਯੂਨੀਵਰਸਿਟੀ ਵਿੱਚ ਇੱਕ ਸ਼ਾਨਦਾਰ ਭਾਸ਼ਨ ਦਿੱਤਾ। ਉਹਨਾਂ ਆਪਣੇ ਦਾ ਜ਼ਿਕਰ ਤੱਕ ਨਹੀਂ ਕੀਤਾ, ਪਰ ਆਪਣੇ ਸਰਕਾਰ ਦੀ ਸਿੱਖਿਆ ਨੀਤੀ ਦੀ ਪੁਰਜ਼ੋਰ ਤਾਰੀਫ਼ ਕੀਤੀ। ਉਹਨਾ ਕਿਹਾ ਕਿ ਸਾਡੀ ਸਿੱਖਿਆ ਨੀਤੀ ਦਾ ਮੰਤਵ ਹੈ ਕਿ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਸਾਰੇ ਸੁਫ਼ਨੇ ਸਾਕਾਰ ਹੋਣ। ਉਹਨਾ ਕਿਹਾ ਕਿ ਉਹਨਾ ਦਾ ਮਿਸ਼ਨ ਹੈ ਕਿ ਭਾਰਤ ਇੱਕ ਵੇਰ ਫਿਰ ਗਿਆਨ ਦਾ ਕੇਂਦਰ ਬਣੇ ਜਿਵੇਂ ਪੁਰਾਤਨ ਸਮਿਆਂ ਵਿੱਚ ਸੀ।

ਪਰੰਤੂ ਸਵਾਲ ਇਹ ਹੈ ਕਿ ਭਾਰਤ ਗਿਆਨ ਦਾ ਕੇਂਦਰ ਬਣੇਗਾ ਕਿਵੇਂ, ਜਦਕਿ ਸਿੱਖਿਆ ਦਾ ਇੰਨਾ ਬੁਰਾ ਹਾਲ ਹੈ ਕਿ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਹੋ ਸਕਦਾ ਹੈ। ਸਿਰਫ਼ ਇਸ ਲਈ ਕਿ ਸਿੱਖਿਆ ਮਨਿਸਟਰੀ "ਨੀਟ" ਪ੍ਰੀਖਿਆ ਸਹੀ ਢੰਗ ਨਾਲ ਨਹੀਂ ਕਰਵਾ ਸਕੀ। ਕਈ ਵਿਦਿਆਰਥੀਆਂ ਦੇ ਡਾਕਟਰ ਬਨਣ ਦੇ ਸੁਪਨੇ ਚੂਰ-ਚੂਰ ਹੋ ਗਏ ਹਨ। ਹੁਣ ਪ੍ਰੀਖਿਆ ਦੁਬਾਰਾ ਦੇਣ ਲਈ ਨਾ ਉਹਨਾ 'ਚ ਹਿੰਮਤ ਹੈ ਅਤੇ ਨਾ ਹੀ ਜੋਸ਼ ਜਾਂ ਸਮਰੱਥਾ। ਅਸਲ 'ਚ ਭਵਿੱਖ ਸਿਰਫ਼ ਵਿਦਿਆਰਥੀਆਂ ਦਾ ਨਹੀਂ, ਉਹਨਾ ਦੇ ਮਾਪਿਆਂ ਦਾ ਵੀ ਖਰਾਬ ਹੋਇਆ ਹੈ। ਇਸਦੀ ਜ਼ੁੰਮੇਵਾਰੀ ਕੌਣ ਲਵੇਗਾ?

ਕੀ ਨੀਟ ਪ੍ਰੀਖਿਆ 'ਤੇ ਹੁਣ ਕਿਸੇ ਦਾ ਭਰੋਸਾ ਰਹੇਗਾ, ਜਦੋਂ ਕਿ ਐਡਾ ਵੱਡਾ ਭ੍ਰਿਸ਼ਟਾਚਾਰੀ ਕਾਂਡ ਵਾਪਰਿਆ ਹੈ। ਮੈਡੀਕਲ ਸਿੱਖਿਆ 'ਚ ਖਰਾਬੀ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਭਾਰਤੀ ਵਿਦਿਆਰਥੀ ਡਾਕਟਰ ਬਨਣ ਲਈ ਯੂਕਰੇਨ ਜਾ ਰਹੇ ਹਨ, ਬਾਵਜੂਦ ਇਸਦੇ ਕਿ ਉਥੇ ਯੁੱਧ ਲੱਗਿਆ ਹੋਇਆ ਹੈ। ਕਾਰਨ ਇਕੋ ਹੈ ਕਿ ਭਾਰਤ 'ਚ ਮੈਡੀਕਲ ਸਿੱਖਿਆ ਬਹੁਤ ਮਹਿੰਗੀ ਹੈ, ਤੇ ਵਿਦੇਸ਼ਾਂ 'ਚ ਸਸਤੀ। ਸਰਕਾਰੀ ਮੈਡੀਕਲ ਕਾਲਜਾਂ 'ਚ ਦਾਖਲਾ ਮਿਲਣਾ ਬਹੁਤ ਔਖਾ ਹੈ, ਉਹ ਲੋਕ ਜਿਹਨਾ 'ਚ ਹਿੰਮਤ ਹੈ, ਪੈਸਾ ਖਰਚਕੇ ਬੱਚਿਆਂ ਦਾ ਦਾਖ਼ਲਾ ਕਰਵਾ ਲੈਂਦੇ ਹਨ।

ਡਾਕਟਰੀ ਪੜ੍ਹਾਈ ਵਿੱਚ ਹੀ ਨਹੀਂ ਸਗੋਂ ਸਾਰੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਸਿੱਖਿਆ ਮਾਫੀਏ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਮੌਜੂਦਾ ਸਮੇਂ ਸਿੱਖਿਆ ਦੀਆਂ ਸਮੱਸਿਆਵਾਂ ਅਤਿਅੰਤ ਗੰਭੀਰ ਹਨ। ਇਹ ਠੀਕ ਹੈ ਕਿ ਉਹ ਸਮੱਸਿਆਵਾਂ ਸਿਰਫ਼ ਮੋਦੀ ਸਰਕਾਰ ਵਲੋਂ ਹੀ ਪੈਦਾ ਕੀਤੀਆਂ ਹੋਈਆਂ ਨਹੀਂ ਹਨ, ਪਰ ਪਿਛਲੇ ਦਸ ਸਾਲਾਂ 'ਚ ਮੋਦੀ ਜੀ ਨੇ ਸਿੱਖਿਆ 'ਚ ਖ਼ਾਸ ਕਰਕੇ ਉੱਚ ਸਿੱਖਿਆ ਸੁਧਾਰਾਂ ਲਈ ਕੀ ਕੀਤਾ ਹੈ? ਉੱਚ ਸਿੱਖਿਆ ਦਾ ਹਾਲ ਇਹ ਹੈ ਕਿ ਪੂਰੀ ਪੜ੍ਹਾਈ ਕਰਨ ਤੋਂ ਬਾਅਦ ਵੀ ਵਿਦਿਆਰਥੀ ਨੌਕਰੀ ਕਰਨ ਦੇ ਲਾਇਕ ਨਹੀਂ ਬਣਦੇ, ਕਿਉਂਕਿ ਸੰਸਥਾਵਾਂ 'ਚ ਬੁਨਿਆਦੀ ਢਾਂਚੇ ਅਤੇ ਪ੍ਰੋਫੈਸ਼ਨਲ ਅਧਿਆਪਕਾਂ ਤੇ ਅਮਲੇ ਦੀ ਕਮੀ ਹੈ, ਖ਼ਾਸ ਕਰਕੇ ਸਰਕਾਰੀ ਮੈਡੀਕਲ, ਇੰਜੀਨੀਅਰਿੰਗ ਕਾਲਜਾਂ ਅਤੇ ਇਥੋਂ ਤੱਕ ਕਿ ਆਈ.ਆਈ.ਟੀ. ਵਿੱਚ ਵੀ।

ਸਿੱਖਿਆ ਘੁਟਾਲੇ ਨੂੰ ਲੈ ਕੇ ਰਾਜਨੀਤੀ ਸ਼ੁਰੂ ਹੋ ਗਈ ਹੈ। ਵਿਰੋਧੀ ਧਿਰ ਦੇ ਨੇਤਾਵਾਂ ਨੇ ਸਪਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਉਹ ਆਉਂਦੇ ਸੰਸਦ ਇਜਲਾਸ ਵਿੱਚ ਇਹ ਮਸਲੇ ਉਠਾਉਣਗੇ। ਸ਼ਾਇਦ ਇਸੇ ਕਰਕੇ ਇਸ ਡਰ 'ਚ ਇਮਤਿਹਾਨ ਲੈਣ ਵਾਲੀ ਸੰਸਥਾ "ਐਨ.ਟੀ.ਏ." ਦੇ ਚੇਅਰਮੈਨ ਨੂੰ ਹਟਾ ਦਿੱਤਾ ਗਿਆ ਹੈ।

ਵਿਰੋਧੀ ਧਿਰ ਦੇ ਤਿੱਖੇ ਵਾਰ ਨੂੰ ਰੋਕਣ ਲਈ ਸਰਕਾਰ ਨੇ ਤਤਕਾਲੀ ਤੌਰ 'ਤੇ ਉਹ ਕਾਨੂੰਨ ਲਾਗੂ ਕਰਨ ਦੀ ਘੋਸ਼ਣਾ ਕੀਤੀ ਹੈ ਜੋ ਚਾਰ ਮਹੀਨੇ ਪਹਿਲਾਂ ਲੋਕ ਪ੍ਰੀਖਿਆ(ਅਨੁਚਿਤ ਸਾਧਨਾਂ ਦਾ ਨਿਵਾਰਣ) ਕਾਨੂੰਨ 2024 ਪਾਸ ਕੀਤਾ ਸੀ। ਇਸ ਕਾਨੂੰਨ ਦਾ ਮੰਤਵ ਯੂ.ਪੀ.ਐਸ.ਸੀ, ਰੇਲਵੇ, ਬੈਂਕਿੰਗ ਆਦਿ ਹੋਰ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸਮੇਤ ਨੀਟ 'ਚ ਭ੍ਰਿਸ਼ਟਾਚਾਰੀਆਂ ਨੂੰ ਕੈਦ, ਭਾਰੀ ਜ਼ੁਰਮਾਨੇ ਆਦਿ ਦੇਣ ਦਾ ਪ੍ਰਾਵਧਾਨ ਹੈ।

ਪਰ ਇਹ ਹਕੀਕਤ ਜੱਗ ਜ਼ਾਹਿਰ ਹੈ ਕਿ ਅਪਰਾਧਾਂ 'ਤੇ ਰੋਕ ਲਗਾਉਣ ਲਈ ਕਾਨੂੰਨ ਬਣਾਏ ਜਾਂਦੇ ਹਨ, ਲੇਕਿਨ ਉਹ ਕਾਗਜ਼ਾਂ ਵਿੱਚ ਹੀ ਧਰੇ ਧਰਾਏ ਰਹਿ ਜਾਂਦੇ ਹਨ।

ਅਸਲ 'ਚ ਇਹੋ ਜਿਹੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ, ਜੋ ਭਾਰਤੀ ਸਿਆਸਤਦਾਨ ਗੁਆ ਚੁੱਕੇ ਹਨ। ਹੁਣ ਜਦੋਂ ਰਾਸ਼ਟਰੀ ਪੱਧਰ 'ਤੇ ਕਰਵਾਈ ਜਾਣ ਵਾਲੀ ਪ੍ਰੀਖਿਆ 'ਚ ਧਾਂਦਲੀ ਰੋਕਣ ਲਈ ਸਰਕਾਰ ਨਾਕਾਮ ਰਹੀ, ਹਾਲਾਂਕਿ ਉਸ ਵਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਇਹੋ ਜਿਹੀਆਂ ਸੰਵੇਦਨਸ਼ੀਲ ਪ੍ਰੀਖਿਆਵਾਂ ਵਿੱਚ ਆਧੁਨਿਕ ਅਤੇ ਉਨਤ ਤਕਨੀਕੀ ਸੰਸਥਾਵਾਂ ਤੋਂ ਸਹਾਇਤਾ ਲਈ ਜਾਂਦੀ ਹੈ, ਪਰ ਸਾਈਬਰ ਖੇਤਰ 'ਚ ਨਿੱਤ ਨਵੇਂ ਪ੍ਰਯੋਗਾਂ ਦੇ ਜ਼ਰੀਏ ਹਾਲੀ ਵੀ ਬਹੁ-ਸਤਰੀ ਨਿਗਰਾਨੀ ਤੰਤਰ ਨਹੀਂ ਬਣ ਸਕਿਆ। ਦੇਸ਼ 'ਚ ਉੱਚ ਸਿੱਖਿਆ ਦੇ ਮਿਆਰ 'ਤੇ ਇਸ ਵੇਲੇ ਸਵਾਲ ਉਠਦੇ ਹਨ। ਸਵਾਲ ਤਾਂ ਸਿੱਖਿਆ ਦੇ ਪੂਰੇ ਢਾਂਚੇ 'ਤੇ ਹੀ ਉਠਾਏ ਜਾਂਦੇ ਹਨ। ਨਵੀਂ ਸਿੱਖਿਆ ਨੀਤੀ ਚੰਗੀ ਹੋ ਸਕਦੀ ਹੈ, ਪਰ ਜਦ ਤੱਕ ਢਾਂਚੇ ਦੀ ਮੁਰੰਮਤ ਨਹੀਂ ਹੁੰਦੀ, ਇਹਨਾ ਨੀਤੀਆਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਮੌਜੂਦਾ ਪ੍ਰੀਖਿਆ ਵਿਵਾਦ 'ਚ, ਉਹਨਾ ਸਾਰੇ ਵਿਦਿਆਰਥੀਆਂ ਦੇ ਸਵਾਲਾਂ ਦਾ ਜਵਾਬ ਕੀ ਪ੍ਰਧਾਨ ਮੰਤਰੀ ਕੋਲ ਹੈ, ਜਿਹਨਾ ਦੀ ਜ਼ਿੰਦਗੀ ਬਰਬਾਦ ਹੋਈ ਦਿੱਖ ਰਹੀ ਹੈ?

# ਕਾਕੇ ਨੇ ਸ਼ਰਮਿੰਦੇ ਕੀਤੇ ਮਾਪੇ !

ਕਈ ਦਹਾਕੇ ਪਹਿਲਾਂ ਬੁਢਾਪੇ ਕਾਰਨ ਸਾਡੇ ਭਾਈਆ ਜੀ ਦੀ ਲੱਤ ਵਿੱਚ ਦਰਦ ਹੋਣ ਲੱਗ ਪਿਆ।ਥਾਂਹ ਥਾਂਹ ਤੋਂ ਦੇਸੀ ਤੇ ਅੰਗਰੇਜ਼ੀ ਦਵਾਈਆਂ ਖਾਣ ਦੇ ਨਾਲ ਨਾਲ ਉਹ ਘਰੇਲੂ ਨੁਸਖ਼ੇ ਸੁੰਢ ਅਤੇ ਕੁਆਰ ਦੀ ਸਬਜ਼ੀ ਵੀ ਅਕਸਰ ਖਾਂਦੇ



ਰਹਿੰਦੇ।ਵਾਉ-ਬਾਦੀ ਤਾਸੀਰ ਹੋਣ ਕਰਕੇ ਉਹ ਆਲੂਆਂ ਨੂੰ ਤਾਂ ਜ਼ਹਿਰ ਹੀ ਸਮਝਦੇ ਸਨ।ਸਮੱਸਿਆ ਇਹ ਕਿ ਆਲੂ ਹਰੇਕ ਸਬਜ਼ੀ ਵਿੱਚ ਪੈਂਦੇ ਹਨ।

ਜਦ ਵੀ ਉਨ੍ਹਾਂ ਨੂੰ ਰੋਟੀ ਪਾ ਕੇ ਦੇਣੀ ਤਾਂ ਬੀਬੀਆਂ ਨੇ ਦਾਲ-ਸਬਜ਼ੀ ਦੀ ਕੌਲੀ ਵਿੱਚੋਂ ਜਿੰਨੇ ਕੁ ਹੋ ਸਕਣੇ ਆਲੂ ਕੱਢ ਲੈਣੇ।ਆਲੂਆਂ ਪ੍ਰਤੀ ਉਹ ਏਨੇ ਸਨਕੀ ਸਨ ਕਿ ਰੋਟੀ ਖਾਣ ਵੇਲੇ ਦਾਲ-ਸਬਜ਼ੀ ਵਾਲੀ ਬਾਟੀ/ਕੌਲੀ 'ਚ ਰਹਿ ਗਏ ਮਾੜੇ ਮੋਟੇ ਆਲੂ ਵੀ ਉਨ੍ਹਾਂ ਚਮਚੇ ਨਾਲ ਕੱਢਕੇ ਥਾਲੀ 'ਚ ਵੱਖਰੇ ਕੱਢ ਕੇ ਰੱਖ ਦੇਣੇ,ਨਾਲੇ ਬੁੜ ਬੁੜ ਕਰਦਿਆਂ ਕਹਿਣਾ-'ਆਲੂ ਅੱਗ ਲਾ ਲਿਆ ਕਰੋ ਹਰੇਕ ਚੀਜ਼ ਵਿੱਚ!!'

ਜੇ ਕਿਤੇ ਬੀਬੀਆਂ ਨੇ ਕਾਹਲੀ ਵਿੱਚ ਆਲੂ ਕੱਢੇ ਬਗੈਰ ਹੀ ਉਨ੍ਹਾਂ ਨੂੰ ਰੋਟੀ ਵਾਲੀ ਥਾਲੀ ਲਿਆ ਫੜਾਉਣੀ ਤਾਂ ਉਨ੍ਹਾਂ ਦੂਰੋਂ ਹੀ ਰੋਟੀਆਂ ਨਾਲ ਪਈ ਕੌਲੀ ਵੱਲ ਦੇਖ ਕੇ ਕਹਿਣਾ-

'ਅੱਜ ਫੇਰ ਬਾਅ ਦਾ ਘਰ...... ! ਕਿੰਨੀਂ ਵਾਰ ਕਿਹਾ ਕਿ ਨਾ ਅੱਗ ਲਾਇਆ ਕਰੋ ਆਲੂਆਂ ਨੂੰ !!'

ਇਨ੍ਹਾਂ ਦਿਨਾਂ ਵਿੱਚ ਹੀ ਮੈਂ ਤੇ ਮੇਰੀ ਘਰ ਵਾਲੀ ਕਿਤੇ ਕੁੜਮਾਂਚਾਰੀ ਵਰਗੇ ਸੱਗੇ-ਰੱਤੇ ਰਿਸ਼ਤੇਦਾਰਾਂ ਦੇ ਪ੍ਰਾਹੁਣ-ਚਾਰੀ ਗਏ।ਨਾਲ ਸੀ ਸਾਡਾ ਵੱਡਾ ਬੇਟਾ ਹਰਦੀਪ ਜੋ ਹਾਲੇ ਤੋਤਲਾ ਜਿਹਾ ਬੋਲਦਾ ਸੀ।ਰਿਸ਼ਤੇਦਾਰਾਂ ਨੇ ਬੜੇ ਚਾਅ ਨਾਲ ਸਾਡੇ ਲਈ ਕੜਾਹ ਸੇਵੀਆਂ ਅਤੇ ਦਾਲ ਸਬਜ਼ੀ ਰੈਤਾ ਵਗੈਰਾ ਬਣਾਏ ਹੋਏ ਸਨ।ਸ਼ਾਇਦ ਗਾਜਰਾਂ ਦਾ ਸੀਜ਼ਨ ਮੁੱਕਣ ਵਾਲਾ ਸੀ ਜਿਸ ਕਰਕੇ ਸਬਜ਼ੀ ਵਿੱਚ ਗਾਜਰਾਂ ਨਾਲੋਂ ਜਿਆਦਾ ਆਲੂ ਪਾਏ ਹੋਏ ਦਿਸੇ।ਇਸ ਸਬਜ਼ੀ ਵੱਲ ਦੇਖ ਕੇ ਅਚਾਨਕ ਸਾਡਾ ਬੇਟਾ ਖੜ੍ਹਾ ਹੋ ਕੇ ਕਹਿੰਦਾ-

''ਆਲੂ ਕਾਹਨੂੰ 'ਅੱਗ ਲਾਇਉ' ਆ ਬਿਚ...!''

ਆਹਮੋ ਸਾਹਮਣੇ ਰੋਟੀ ਖਾਣ ਬੈਠੇ ਸਾਰੇ ਜੀਅ ਭੌਰ ਭੌਰ ਜਿਹੇ ਹੋ ਕੇ ਇੱਕ ਦੂਜੇ ਵੱਲ ਝਾਕਣ ਲੱਗ ਪਏ!!

ਰਿਸ਼ਤੇਦਾਰਾਂ ਦੀਆਂ ਬਣੀਆਂ ਹੋਈਆਂ 'ਸਵਾਲੀਆ ਨਜ਼ਰਾਂ' ਅਤੇ ਆਪਣੀ ਸ਼ਰਮਿੰਦਗੀ 'ਤੇ ਪਰਦਾ ਪਾਉਣ ਲਈ ਮੈਂ ਉਸ ਵੇਲੇ ਭਾਈਆ ਜੀ ਦੀ ਆਲੂਆਂ ਪ੍ਰਤੀ ਨਫ਼ਰਤ ਦਾ ਕਿੱਸਾ ਸੁਣਾਇਆ!

ਕੁੱਝ ਦਿਨ ਪਹਿਲਾਂ ਸਾਡਾ ਪੋਤਰਾ ਜਦ ਮੇਰੇ ਮੋਹਰੇ ਆਹ ਥਾਲ ਰੱਖ ਕੇ ਗਿਆ ਤਾਂ ਆਲੂ-ਬੈਂਗਣ ਦੀ ਸਬਜ਼ੀ ਦੇਖ ਕੇ ਮੈਨੂੰ ਉਪਰੋਕਤ ਵਾਰਤਾ ਯਾਦ ਆ ਗਈ!!

ਤਰਲੋਚਨ ਸਿੰਘ ਦੁਪਾਲ ਪੁਰ
917814692724

# ਰੈੱਡ ਕਰਾਸ ਨਵਾਂਸ਼ਹਿਰ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸੈਕਟਰੀ ਇੰਡੀਅਨ ਰੈੱਡ ਕਰਾਸ ਸੋਸਾਇਟੀ ਪੰਜਾਬ ਰਾਜ ਸ਼ਾਖਾ ਚੰਡੀਗੜ, ਸ: ਸ਼ਿਵਦੁਲਾਰ ਸਿੰਘ ਢਿੱਲੋਂ ਆਈ.ਏ.ਐਸ. ਸੇਵਾਮੁਕਤ ਅਤੇ ਰੈੱਡ ਕਰਾਸ ਡੀ.ਡੀ.ਸੀ. ਨਵਾਂਸ਼ਹਿਰ ਦੇ ਪ੍ਰੋਜੈਕਟ ਡਾਇਰੈਕਟਰ ਚਮਨ ਸਿੰਘ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਹ ਅੰਤਰਰਾਸ਼ਟਰੀ ਯੋਗ ਦਿਵਸ ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ ਤਾਂ ਜੋ ਯੋਗਾ ਅਭਿਆਸ ਦੇ ਕਈ ਲਾਭਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਹ ਦਿਨ ਯੋਗਾ ਦੁਆਰਾ ਪੇਸ਼ ਕੀਤੀ ਗਈ ਤੰਦਰੁਸਤੀ ਲਈ ਸੰਪੂਰਨ ਪਹੁੰਚ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸ ਸਾਲ ਦੇ ਅੰਤਰਰਾਸ਼ਟਰੀ ਯੋਗਾ ਦਿਵਸ 2024 ਲਈ



ਚੁਣਿਆ ਗਿਆ ਥੀਮ ਹੈ ''ਸਵੈ ਅਤੇ ਸਮਾਜ ਲਈ ਯੋਗ'', ਅੰਤਰਰਾਸ਼ਟਰੀ ਯੋਗਾ ਦਿਵਸ ਦੀ ਮਹੱਤਤਾ ਸਰੀਰਕ ਅਤੇ ਮਾਨਸਿਕ ਸਿਹਤ ਲਈ ਯੋਗਾ ਦੇ ਬਹੁਤ ਸਾਰੇ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਯੋਗਾ ਇੱਕ ਮਨ-ਸਰੀਰ ਅਭਿਆਸ ਹੈ ਜੋ ਹਜ਼ਾਰਾਂ ਸਾਲ ਪਹਿਲਾਂ ਭਾਰਤ ਵਿੱਚ ਸ਼ੁਰੂ ਹੋਇਆ ਸੀ। ਇਹ ਸਰੀਰਕ ਆਸਣ, ਸਾਹ ਲੈਣ ਦੀਆਂ ਕਸਰਤਾਂ, ਅਤੇ ਧਿਆਨ ਨੂੰ ਜੋੜਦਾ ਹੈ। ਯੋਗਾ ਨੂੰ ਲਚਕਤਾ, ਤਾਕਤ, ਸੰਤੁਲਨ ਅਤੇ ਧੀਰਜ ਵਿੱਚ ਸੁਧਾਰ ਕਰਨ ਲਈ ਦਿਖਾਇਆ ਗਿਆ ਹੈ। ਇਹ ਤਣਾਅ, ਚਿੰਤਾ ਅਤੇ ਉਦਾਸੀ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦਾ ਹੈ।

ਇਸ ਮੌਕੇ ਸੈਂਟਰ ਵਿੱਚ ਮੌਜੂਦ ਸਟਾਫ਼ ਮੈਂਬਰ ਦੀਪਕ ਚੋਪੜਾ ਨੇ ਦੱਸਿਆ ਕਿ ਯੋਗ ਦਿਵਸ ਹਰ ਸਾਲ 21 ਜੂਨ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅੱਜ ਦਾ ਦਿਨ ਸਭ ਤੋਂ ਲੰਬਾ ਦਿਨ ਹੋਣ ਕਰਕੇ ਯੋਗ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਯੋਗਾ ਸਿਰਫ਼ ਸਰੀਰਕ ਸਿਹਤ ਲਈ ਹੀ ਨਹੀਂ ਸਗੋਂ ਮਾਨਸਿਕ ਸਿਹਤ ਲਈ ਵੀ ਚੰਗਾ ਹੈ। ਇਸ ਮੌਕੇ ਉਨ੍ਹਾਂ ਕੇਂਦਰ ਵਿੱਚ ਦਾਖ਼ਲ ਮਰੀਜ਼ਾਂ ਨੂੰ ਵੱਖ-ਵੱਖ ਤਰ੍ਹਾਂ ਦੇ ਯੋਗ ਆਸਣ ਕਰਵਾਏ ਅਤੇ ਹਰੇਕ ਆਸਣ ਦੇ ਸਰੀਰ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ ਵੀ ਦੱਸਿਆ। ਇਸ ਮੌਕੇ ਸਟਾਫ਼ ਮੈਂਬਰ ਦਿਨੇਸ਼ ਕੁਮਾਰ, ਮਨਜੋਤ, ਕਮਲਾ ਰਾਣੀ ਅਤੇ ਦਿਨੇਸ਼ ਬੱਧਨ ਸਮੇਤ ਮਰੀਜ਼ ਹਾਜ਼ਰ ਸਨ।

# ਫ਼ਕਰ ਤੇ ਮਸਤ ਮੌਲਾ ਸਰਬਾਂਗੀ ਪੁਆਧੀ ਸਾਹਿਤਕਾਰ : ਚਰਨ ਪੁਆਧੀ



ਉਜਾਗਰ ਸਿੰਘ
91-94178 13072

ਪਟਿਆਲਾ ਜ਼ਿਲ੍ਹਾ ਅਤੇ ਖਾਸ ਕਰਕੇ ਪਟਿਆਲਾ ਸ਼ਹਿਰ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਿੰਦੂ ਹੈ। ਇਸ ਜ਼ਿਲ੍ਹੇ ਵਿੱਚ ਲਗਪਗ ਦੋ ਦਰਜਨ ਸਾਹਿਤ ਸਭਾਵਾਂ ਹਨ, ਜਿਨ੍ਹਾਂ ਦੇ ਸਾਹਿਤਕ ਸਮਾਗਮ ਲਗਾਤਾਰ ਹੁੰਦੇ ਰਹਿੰਦੇ ਹਨ। ਪੰਜਾਬੀ ਯੂਨੀਵਰਸਿਟੀ ਵਿੱਚ ਪੰਜਾਬੀ ਦੇ ਵਿਦਵਾਨ ਹੋਣ ਕਰਕੇ ਸਾਹਿਤਕ ਸਰਗਰਮੀਆਂ ਪੁਸਤਕਾਂ ਦੀ ਘੁੰਡ ਚੁਕਾਈ ਦੇ ਸਮਾਗਮ ਲਗਪਗ ਹਰ ਦੂਜੇ ਦਿਨ ਸਕੂਲਾਂ, ਕਾਲਜਾਂ, ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਵਿੱਚ ਹੁੰਦੇ ਰਹਿੰਦੇ ਹਨ। ਵਰਲਡ ਪੰਜਾਬੀ ਸੈਂਟਰ ਵੀ ਸਾਹਿਤਕ ਸਮਾਗਮਾ ਦਾ ਕੇਂਦਰੀ ਬਿੰਦੂ ਹੈ। ਹੈਰਾਨੀ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਸਾਰੇ ਸਮਾਗਮਾ ਵਿੱਚ ਚਰਨ ਪੁਆਧੀ ਹਾਜ਼ਰ ਹੁੰਦਾ ਹੈ। ਗੋਦੜੀ ਦਾ ਲਾਲ ਫ਼ਕਰ ਤੇ ਮਸਤ ਮੌਲਾ ਸਰਬਾਂਗੀ ਪੁਆਧੀ ਸਾਹਿਤਕਾਰ ਚਰਨ ਪੁਆਧੀ ਦੀਆਂ ਦਰਸ਼ਕ ਪੁਆਧੀ ਕਵਿਤਾਵਾਂ ਦਾ ਆਨੰਦ ਮਾਣਦੇ ਰਹਿੰਦੇ ਹਨ। ਉਸ ਦਾ ਕਵਿਤਾ ਕਹਿਣ ਦਾ ਢੰਗ ਵੀ ਨਿਰਾਲਾ ਹੈ। ਉਸਦਾ ਵਿਅੰਗ ਤਿੱਖਾ ਹੁੰਦਾ ਹੈ ਪ੍ਰੰਤੂ ਖੁਦ ਸੰਜੀਦਾ ਰਹਿੰਦਾ ਹੈ। ਚਰਨ ਪੁਆਧੀ ਉਰਫ ਚਰਨਜੀਤ ਸਿੰਘ ਹਰਫ਼ਨ ਮੌਲਾ ਬਹੁ-ਭਾਸ਼ੀ ਤੇ ਬਹੁ-ਪੱਖੀ ਸਰਬਾਂਗੀ ਸਾਹਿਤਕਾਰ ਹੈ। ਉਸ ਦੀ ਵਿਦਵਤਾ ਵੀ ਬਹੁ-ਪੱਖੀ ਹੈ। ਉਸ ਦੇ ਕਿਸੇ ਇੱਕ ਪੱਖ ਬਾਰੇ ਜਾਣਕਾਰੀ ਦੇ ਕੇ ਉਸ ਦੇ ਵਿਅਕਤਿਵ ਨਾਲ ਬੇਇਨਸਾਫ਼ੀ ਹੋਵੇਗੀ। ਉਸ ਨੂੰ 'ਵਨ ਇਨ ਟਵੈਲਵ' ਕਿਹਾ ਜਾ ਸਕਦਾ ਹੈ। ਉਹ ਪੰਜਾਬੀ ਤੇ ਹਿੰਦੀ ਦਾ ਕਵੀ, ਕਲਾਕਾਰ, ਅਦਾਕਾਰ, ਗੀਤਕਾਰ, ਨਾਵਲਿਸਟ, ਪੇਂਟਰ, ਚਿਤਰਕਾਰ, ਕਾਰਟੂਨਿਸਟ, ਨਕਸ਼ਾ ਨਵੀਸ, ਮੂਰਤੀਕਾਰ, ਡਾਕ ਟਿਕਟਾਂ, ਮਾਚਸਾਂ, ਸਿੱਕਿਆਂ, ਵਿਜ਼ਿਟਿੰਗ ਕਾਰਡ, ਸੱਦਾ ਪੱਤਰ, ਰੈਪਰ, ਅੰਕੜਿਆਂ ਅਤੇ ਨੋਟਾਂ ਦਾ ਸੰਗ੍ਰਹਿ ਕਰਤਾ, ਲਾਇਬਰੇਰੀਅਨ, ਪੱਤਰਕਾਰ, ਸਿੱਖ ਧਰਮ ਦਾ ਅਧਿਐਨਕਾਰ ਅਤੇ ਕਲਮਕਾਰ ਹੈ। ਉਹ ਬੋਤਲਾਂ ਵਿੱਚ ਚਿਤਰਕਾਰੀ ਕਰਨ ਦਾ ਵੀ ਮਾਹਿਰ ਹੈ। ਚਰਨ ਪੁਆਧੀ ਦੀ ਲਾਇਬਰੇਰੀ ਵਿੱਚ 40 ਬੋਲੀਆਂ ਦੀਆਂ ਇਕ ਸੌ ਤੋਂ ਵੱਧੇਰੇ ਪੁਸਤਕਾਂ ਅਤੇ 250 ਪੰਜਾਬੀ ਅਤੇ 400 ਹਿੰਦੀ ਰਸਾਲੇ ਵੀ ਹਨ। ਉਸ ਦੀਆਂ ਪੰਜਾਬੀ ਤੇ ਹਿੰਦੀ ਵਿੱਚ 32 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ 16 ਮੌਲਿਕ ਅਤੇ 10 ਸੰਪਾਦਿਤ ਪੁਸਤਕਾਂ ਹਨ। ਇਨ੍ਹਾਂ ਵਿੱਚ 7 ਕਾਵਿ ਸੰਗ੍ਰਹਿ, 3 ਨਾਵਲ, 8 ਬਾਲ ਪੁਸਤਕਾਂ, 2 ਲੋਕ ਬੋਲੀਆਂ ਸੰਗ੍ਰਹਿ, 2 ਪੁਆਧੀ ਗੀਤ ਸੰਗ੍ਰਹਿ ਅਤੇ 2 ਚੁਟਕਲਾ ਸੰਗ੍ਰਹਿ ਸ਼ਾਮਲ ਹਨ। ਇਸ ਤੋਂ ਇਲਾਵਾ 22 ਸਾਂਝੇ ਕਾਵਿ ਸੰਗ੍ਰਹਿ ਜਿਨ੍ਹਾਂ ਵਿੱਚ 14 ਪੰਜਾਬੀ ਅਤੇ 8 ਹਿੰਦੀ ਵਿੱਚ ਵੀ ਉਸ ਦੀਆਂ ਰਚਨਾਵਾਂ ਪ੍ਰਕਾਸ਼ਤ ਹੋਈਆਂ ਹਨ। ਉਸ ਦੀ ਨਵੀਂ ਪੁਸਤਕ 'ਘੱਗਰ ਕੇ ਢਾਹੇ ਢਾਹੇ' ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਤੋਂ ਇਲਾਵਾ ਲਗਪਗ 4 ਦਰਜਨਾ ਪੁਸਤਕਾਂ ਦਾ ਮੈਟਰ ਤਿਆਰ ਹੈ, ਜੋ ਆਰਥਿਕ ਤੰਗੀਆਂ ਤਰੁਸ਼ੀਆਂ ਕਰਕੇ ਲਟਕਿਆ ਹੋਇਆ ਹੈ। ਉਹ ਪਟਿਆਲਾ ਵਿਖੇ ਹੋਣ ਵਾਲੇ ਸਾਹਿਤਕ ਸਮਾਗਮਾ ਦਾ ਸ਼ਿੰਗਾਰ ਹੁੰਦਾ ਹੈ। ਸਰੋਤੇ ਉਸ ਦੀ ਪੁਆਧੀ ਬੋਲੀ ਦੀਆਂ ਕਵਿਤਾਵਾਂ ਦਾ ਹਮੇਸ਼ਾ ਆਨੰਦ ਮਾਣਦੇ ਹਨ। ਉਸ ਦਾ ਚਿਹਰਾ ਮੋਹਰਾ ਇਕ ਸਾਊ ਇਨਸਾਨ ਦਾ ਪ੍ਰਗਟਾਵਾ ਕਰਦਾ ਹੈ ਪ੍ਰੰਤੂ



ਉਸ ਦੀ ਕਵਿਤਾ ਵਿੱਚ ਸਾਧਾਰਣਤਾ ਨਾਲ ਤਿੱਖਾ ਵਿਅੰਗ ਹੁੰਦਾ, ਜੋ ਹਾਸਿਆਂ ਦੇ ਫੁਹਾਰੇ ਛੱਡਦਾ ਹੈ। ਇਸ ਤੋਂ ਇਲਾਵਾ ਉਹ ਨਾਟਕਾਂ ਅਤੇ ਦਸਤਾਵੇਜ਼ੀ ਪੁਆਧੀ ਫਿਲਮਾ ਵਿੱਚ ਅਦਾਕਾਰੀ ਵੀ ਕਰਦਾ ਹੈ। ਹੁਣ ਤੱਕ ਉਹ ਇਕ ਦਰਜਨ ਪੁਆਧੀ ਫਿਲਮਾ ਵਿੱਚ ਅਦਾਕਾਰੀ ਕਰ ਚੁੱਕਿਆ ਹੈ। ਉਹ ਗੁਜਰਤੀ, ਬੰਗਾਲੀ ਅਤੇ ਉਰਦੂ ਵੀ ਲਿਖ ਤੇ ਪੜ੍ਹ ਸਕਦਾ ਹੈ ਪ੍ਰੰਤੂ ਹਿੰਦੀ, ਪੰਜਾਬੀ, ਹਰਿਆਣਵੀ ਅਤੇ ਪੁਆਧੀ ਪੜ੍ਹਨ ਲਿਖਣ ਤੋਂ ਇਲਾਵਾ ਆਮ ਬੋਲ ਚਾਲ ਲਈ ਵੀ ਵਰਤ ਸਕਦਾ ਹੈ। ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ। ਉਸ ਤੋਂ ਬਾਅਦ ਉਸ ਨੇ ਉਰਦੂ ਦਾ ਡਿਪਲੋਮਾ, ਦੋ ਸਾਲਾ ਸਿੱਖ ਅਧਿਐਨ ਕੋਰਸ ਅਤੇ ਪੱਤਰਕਾਰੀ ਦਾ ਕੋਰਸ ਕੀਤਾ। ਕਿੱਤੇ ਦੇ ਤੌਰ 'ਤੇ ਉਹ ਦੁਕਾਨਦਾਰੀ ਕਰਦਾ ਹੈ। ਉਸ ਦਾ ਇਕ ਬੈਹਿਰਾ ਨਾਮ ਦਾ ਪੈਲਸ ਵੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਸ ਦਾ ਸਾਹਿਤਕ ਮਸ ਉਸ ਨੂੰ ਟਿਕ ਕੇ ਦੁਕਾਨਦਾਰੀ ਵੀ ਨਹੀਂ ਕਰਨ ਦਿੰਦਾ। ਉਸ ਦੇ ਪੈਰਾਂ ਵਿੱਚ ਐਸੀ ਘੁੰਮਣਘੇਰੀ ਹੈ ਕਿ ਉਹ ਹਰ ਰੋਜ਼ ਕਿਸੇ ਨਾ ਕਿਸੇ ਸਾਹਿਤਕ ਰੁਝੇਵੇਂ ਲਈ ਤੁਰਿਆ ਹੀ ਰਹਿੰਦਾ ਹੈ। ਉਸ ਨੂੰ ਪੈਰਾਂ ਦਾ ਵੈਰੀ ਕਿਹਾ ਜਾ ਸਕਦਾ ਹੈ। ਬੱਸਾਂ ਦਾ ਸਫਰ ਵੀ ਉਸ ਨੂੰ ਤਕਲੀਫ਼ ਨਹੀਂ ਦਿੰਦਾ ਪ੍ਰੰਤੂ ਤਕਲੀਫ ਉਦੋਂ ਹੁੰਦੀ ਹੈ, ਜਦੋਂ ਉਸ ਨੂੰ ਕਵਿਤਾ ਕਹਿਣ ਦਾ ਮੌਕਾ ਨਾ ਮਿਲੇ। ਕਵਿਤਾ ਕਹਿਣ ਲਈ ਉਹ ਮੀਲਾਂ ਦਾ ਸਫਰ ਤਹਿ ਕਰ ਸਕਦਾ ਹੈ। ਉਸ ਦੀ ਰਹਿਣੀ ਬਹਿਣੀ ਬਹੁਤ ਹੀ ਸਾਧਾਰਨ ਹੈ। ਉਹ ਪਹਿਰਾਵੇ ਲਈ ਬਹੁਤਾ ਸ਼ੌਕੀਨ ਨਹੀਂ ਹੈ। ਸਾਧਾਰਣ ਦਿੱਖ ਵਾਲਾ ਚਰਨ ਪੁਆਧੀ ਸਿਆਣਪ ਅਤੇ ਵਿਦਵਤਾ ਦਾ ਮੁਜੱਸਮਾ ਹੈ। ਉਸ ਦਾ ਕਵਿਤਾ ਕਹਿਣ ਦਾ ਢੰਗ ਵੀ ਨਿਰਾਲਾ ਹੀ ਹੈ, ਉਹ ਮਲੂਕ ਜਿਹੇ ਢੰਗ ਨਾਲ ਗੁੱਝਾ ਵਿਅੰਗ ਮਾਰ ਜਾਂਦਾ ਹੈ, ਜਿਸ ਦਾ ਦਰਸ਼ਕ ਆਨੰਦ ਮਾਣਦੇ ਰਹਿੰਦੇ ਹਨ। ਚਰਨ ਪੁਆਧੀ ਦੇ ਸ਼ੌਕ ਵੀ ਵਿਲੱਖਣ ਹਨ। ਕਈ ਗੱਲਾਂ ਵਿੱਚ ਉਹ ਚਮਤਕਾਰੀ ਲੱਗਦਾ ਹੈ। ਉਹ ਪੁੱਠੇ ਹੱਥ ਨਾਲ ਸਿੱਧਾ ਅਤੇ ਸਿੱਧੇ ਹੱਥ ਨਾਲ ਪੁੱਠਾ ਲਿਖ ਸਕਦਾ ਹੈ। ਨਿੰਮ ਦੇ ਪੱਤੇ ਵਿੱਚੋਂ ਦੀ ਪੈਪਸੀ ਦੀ ਵੱਡੀ ਬੋਤਲ ਕੱਢ ਦਿੰਦਾ ਹੈ। ਉਸ ਦੀ ਇੱਕ ਕਵਿਤਾ 'ਵੋਟਾਂ ਆਈਆਂ ਫੇਰ' ਦੇਸ਼ ਦੀਆਂ ਸਿਆਸੀ ਪਾਰਟੀਆਂ ਅਤੇ ਸਿਆਤਦਾਨਾ ਦੇ ਆਪਣੇ ਵੋਟਰਾਂ ਬਾਰੇ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦੀ ਹੈ:

ਦੇਖੋ ਵੋਟਾਂ ਆਈਆਂ ਫੇਰ, ਗਊਆਂ ਮਾਰ ਰੁਸ਼ਨਾਈਆਂ ਫੇਰ।
ਕੰਧਾਂ ਪਰ ਇਸ਼ਤਿਹਾਰਾਂ ਚਿਪਕਾਈਆਂ, ਵਰਕਰ ਝੰਡੀਆਂ ਵੰਡੀਆਂ ਜਾਵਾਂ।
ਬੈਜ ਗੇਜਾਂ ਪਰ ਟੰਗੀ ਜਾਵਾਂ, ਝੰਡੀਆਂ ਪਕੜਾਈਆਂ ਫੇਰ।
ਦੇਖੋ ਵੋਟਾਂ ਆਈਆਂ ਫੇਰ.. .. .
ਚਿੱਟੇ ਲੀੜੇ ਨੇਤਾ ਆਵਾਂ, ਹਾਲ ਵੇਖਕੇ ਹੰਝੂ ਵਹਾਵਾਂ।
ਘੁੱਟ ਜੱਫੀਆਂ ਪਾਈਆਂ ਫੇਰ, ਦੇਖੋ ਵੋਟਾਂ ਆਈਆਂ ਫੇਰ.. ..।
ਗੈਲ ਬੈਠ ਕੇ ਰੋਟੀਆਂ ਖਾਵਾਂ, ਪਾਣੀ ਪੀਵਾਂ ਚਾਹ ਬਣਵਾਵਾਂ।
ਫੋਟੋ ਗੈਲ ਖਿਚਵਾਈਆਂ ਫੇਰ, ਧੋਖਾ ਖਾ ਕੇ ਪਿਛਲੀ ਵਾਰੀ।
ਤਹਾਂ ਨਹੀਂ ਸੀ ਸਰਕਾਰ ਹਮਾਰੀ, ਦਿਕਤਾਂ ਗਿਣਵਾਈਆਂ ਢੇਰ ਫੇਰ।
ਦੇਖੀਆਂ ਸੜਕਾਂ ਗੋਹਰਾਂ ਲੀਹਾਂ, ਕੱਚੇ ਕੋਠੜੇ ਨਾਲੀਆਂ ਬੀਹਾਂ।
ਸਹੂਲਤਾਂ ਦੇਣੀਆਂ ਗਿਣਵਾਈਆਂ ਫੇਰ.. ..
ਪਿਛਲੀ ਜੋ ਸਰਕਾਰ ਸੀ ਰੱਦੀ, ਉਹ ਬਹਿ ਗਈ ਮੱਲ ਕੇ ਗੱਦੀ।
ਗਾਲਾਂ ਖੂਬ ਛਕਾਈਆਂ ਫੇਰ, ਇਵ ਧੋਖਾ ਨਾ ਖਾਵਾਂਗੇ।
ਭਲੇ ਕਾ ਬਟਨ ਦਬਾਇਓ ਵੀਰ, ਇਵ ਨਾ ਧੋਖਾ ਲਿਓ ਵੀਰ।
ਪੁਆਧੀ ਲਿਸਟਾਂ ਬਣਾਈਆਂ ਫੇਰ.. ..।

ਚਰਨ ਪੁਆਧੀ ਦਾ ਇੱਕ ਹੋਰ ਵੱਡਾ ਗੁਣ ਹੈ ਕਿ ਉਹ ਪੰਜਾਬ ਦੇ ਪਿੰਡਾਂ ਦੇ ਬਲਾਕਾਂ, ਜ਼ਿਲ੍ਹਿਆਂ ਦੀ ਵਿਰਾਸਤ, ਰਹਿਤਲ, ਪਹਿਰਾਵਾ ਅਤੇ ਸਭਿਆਚਾਰ ਬਾਰੇ ਟੱਪੇ ਲਿਖੇ ਹਨ, ਜਿਹੜੇ ਬਹੁਤ ਹੀ ਦਿਲਚਸਪ ਹਨ। ਉਸ ਨੂੰ ਬਹੁਤ ਸਾਰੀਆਂ ਸਾਹਿਤਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸਨਮਾਨਤ ਕੀਤਾ ਹੈ, ਜਿਨ੍ਹਾਂ ਵਿੱਚ ਪਟਿਆਲਾ ਸਥਿਤ ਸਾਹਿਤਕ ਸੰਸਥਾਵਾਂ, ਮਾਨਸਰੋਵਰ ਪੰਜਾਬੀ ਸਾਹਿਤ ਅਕਾਦਮੀ ਰਾਜਸਥਾਨ, ਲਖਵੀਰ ਸਿੰਘ ਜੱਸੀ ਯਾਦਗਾਰੀ ਪੁਰਸਕਾਰ ਨਾਲ ਵੀ ਸਨਮਾਨਤ ਕੀਤਾ ਗਿਆ ਹੈ।

ਚਰਨ ਪੁਆਧੀ ਦਾ ਜਨਮ ਮਾਤਾ ਦਲਬੀਰ ਕੌਰ ਪਿਤਾ ਜੋਗਿੰਦਰ ਸਿੰਘ ਰੈਹਲ ਦੇ ਘਰ 9 ਜਨਵਰੀ 1967 ਨੂੰ ਸੰਗਰੂਰ ਜ਼ਿਲ੍ਹੇ ਦੇ ਭਵਾਨੀਗੜ੍ਹ ਵਿਖੇ ਹੋਇਆ। ਇਹ ਉਸ ਦਾ ਸਾਹਿਤਕ ਨਾਮ ਹੈ। ਸਰਕਾਰੀ ਰਿਕਾਰਡ ਵਿੱਚ ਉਸ ਦਾ ਨਾਮ ਚਰਨਜੀਤ ਸਿੰਘ ਹੈ। ਉਸ ਦਾ ਬਚਪਨ ਸੰਗਰੂਰ ਜਿਲ੍ਹੇ ਦੇ ਭਵਾਨੀਗੜ੍ਹ ਕਸਬੇ ਵਿੱਚ ਬੀਤਿਆ। ਇਸ ਸਮੇਂ ਉਹ ਆਪਣੀ ਪਤਨੀ ਮਨਜੀਤ ਕੌਰ ਦੋ ਬੱਚੇ ਸੁਖਮਣੀ ਅਤੇ ਇਸ਼ਮੀਤ ਨਾਲ ਹਰਿਆਣਾ ਦੇ ਕੈਥਲ ਨੇੜੇ ਅਰਨੌਲੀ ਭਾਈ ਕੇ ਪਿੰਡ ਵਿੱਚ ਰਹਿ ਰਿਹਾ ਹੈ। ਚਰਨ ਪੁਆਧੀ ਦੀ ਜਦੋਜਹਿਦ ਵਾਲੀ ਜ਼ਿੰਦਗੀ ਨੂੰ ਵੇਖਦਿਆਂ ਦਾਦ ਦੇਣੀ ਬਣਦੀ ਹੈ ਕਿ ਇਤਨੀਆਂ ਤੰਗੀਆਂ ਹੋਣ ਦੇ ਬਾਵਜੂਦ ਉਹ ਗੋਦੜੀ ਦੇ ਲਾਲ ਦੀ ਤਰ੍ਹਾਂ ਰੌਸ਼ਨੀ ਦੇ ਰਿਹਾ ਹੈ। ਉਹ ਪੱਲੇਦਾਰੀ, ਦਿਹਾੜੀ ਦੱਪਾ, ਵੈਲਡਿੰਗ, ਕੰਬਾਇਨਾਂ ਤੇ ਹੈਲਪਰ, ਟਰੱਕ ਕਲੀਨਰੀ, ਜੈਨਰੇਟਰੀ ਅਪ੍ਰੇਟਰੀ ਅਤੇ ਫਿਰ ਪ੍ਰਾਈਵੇਟ ਸਕੂਲ ਦੀ ਨੌਕਰੀ ਕਰਕੇ ਆਪਣਾ ਸਾਹਿਤਕ ਸ਼ੌਕ ਪਾਲਦਾ ਰਿਹਾ। ਇਸ ਤੋਂ ਬਾਅਦ ਫ਼ੋਟੋਗ੍ਰਾਫ਼ੀ, ਪੇਂਟਿੰਗ, ਨਕਸ਼ਾ ਨਵੀਸੀ, ਕੰਧਾਂ ਤੇ ਸਲੋਗਨ ਲਿਖਣੇ, ਦੁਕਾਨਾ ਦੇ ਬੋਰਡ ਫਿਰ 1997 ਵਿੱਚ ਕਿਤਾਬਾਂ ਤੇ ਪੇਂਟਿੰਗ ਦੀ ਦੁਕਾਨ 'ਪਪਰਾਲਾ ਪੁਸਤਕ ਭੰਡਾਰ ਅਰਨੌਲੀ' ਖੋਲ੍ਹ ਲਈ। ਇਹ ਦੁਕਾਨ ਨੇ ਬਹੁਤ ਨਾਮਣਾ ਖੱਟਿਆ। ਪਿੰਡਾਂ ਦੇ ਲੋਕਾਂ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕੀਤੀ। ਲੋਕਾਂ ਦੇ ਮਨ ਭਾਉਂਦੇ ਸਟਿਕਰ ਬਣਾਕੇ ਵੀ ਵੇਚਦਾ ਰਿਹਾ ਇਤਨੀ ਆਰਥਿਕ ਕਮਜ਼ੋਰੀ ਹੋਣ ਦ ਬਾਵਜੂਦ ਆਪਣੇ ਸਾਹਿਤਕ ਸ਼ੌਕ ਦੀ ਪੂਰਤੀ ਕਰਨ ਤੋਂ ਪਾਸਾ ਨੀਂ ਵੱਟਿਆ। ਇਸ ਸਮੇਂ ਵੀ ਘਰ ਫੂਕ ਕੇ ਤਮਾਸ਼ਾ ਵੇਖ ਰਿਹਾ ਹੈ। ਉਸ ਨੂੰ ਲਿਖਣ ਦੀ ਚੇਟਕ 15 ਸਾਲ ਦੀ ਉਮਰ ਵਿੱਚ ਸਕੂਲ ਵਿੱਚ ਪੜ੍ਹਦਿਆਂ ਹੀ ਲੱਗ ਗਈ ਸੀ। ਸ਼ੁਰੂ ਵਿੱਚ ਦੋ ਗਾਣਾ, ਕਵੀਸ਼ਰੀ ਅਤੇ ਅਖ਼ੀਰ ਵਿੱਚ ਸ਼ਾਇਰੀ ਦੇ ਖੇਤਰ ਵਿੱਚ ਪਿੜ ਮੱਲ ਲਿਆ, ਜੋ ਹੋਰ ਕਲਾਵਾਂ ਤੋਂ ਇਲਾਵਾ ਅਜੇ ਤੱਕ ਜ਼ਾਰੀ ਹੈ। ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ।

# ਆਪਣੀ ਵੱਖਰੀ ਪਛਾਣ ਵਾਲੀ ਫੁੱਲਾਂ ਦੀ ਘਾਟੀ, ਹੇਮਕੁੰਟ ਸਾਹਿਬ



ਇੰਜੀ ਸਤਨਾਮ ਸਿੰਘ ਮੱਟੂ
9779708257

ਉੱਤਰਾਖੰਡ ਸੂਬੇ ਦੇ ਚਮੋਲੀ ਜ਼ਿਲ੍ਹੇ ਚ ਸਥਿਤ ਸਿੱਖ ਧਰਮ ਨਾਲ ਸਬੰਧਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਰਸਤੇ ਚ ਗੋਬਿੰਦ ਧਾਮ ਤੋਂ ਇੱਕ ਰਸਤਾ ਫੁੱਲਾਂ ਦੀ ਘਾਟੀ ਨੂੰ ਜਾਂਦਾ ਹੈ। ਫੁੱਲਾਂ ਦੀ ਘਾਟੀ ਰਾਸ਼ਟਰੀ ਪਾਰਕ ਆਪਣੀ ਸੁੰਦਰਤਾ ਕਾਰਨ ਵਿਸ਼ਵ ਚ "ਫੁੱਲਾਂ ਦੀ ਘਾਟੀ" ਕਰਕੇ ਮਸ਼ਹੂਰ ਹੈ।ਇਹ ਗੋਬਿੰਦ ਧਾਮ/ਘਾਂਗਰੀਆ ਤੋਂ ਲਗਭਗ 4 ਕਿਮੀ ਦੀ ਦੂਰੀ ਤੇ ਸਥਿਤ ਹੈ। ਇਹ ਘਾਟੀ ਨੰਦਾ ਦੇਵੀ ਪਾਰਕ ਦਾ ਹੀ ਹਿੱਸਾ ਹੈ ਅਤੇ ਇੱਥੇ ਕੁਦਰਤੀ ਤੌਰ ਤੇ ਹੀ ਫੁੱਲਾਂ ਦੇ ਬੀਜ ਕਿਰ ਜਾਣ ਕਰਕੇ ਮਾਨਸੂਨ ਦੀ ਪਹਿਲੀ ਬਾਰਸ਼ ਨਾਲ ਆਪਣੇ ਆਪ ਹੀ ਕੁਦਰਤੀ ਤੌਰ ਤੇ ਹਰ ਸਾਲ ਬੂਟੇ ਉੱਗ ਆਉਂਦੇ ਹਨ ਅਤੇ ਸਮਾਂ ਆਉਣ ਤੇ ਰੰਗ ਬਿਰੰਗੇ ਵੱਖ ਵੱਖ ਕਿਸਮਾਂ ਦੇ ਫੁੱਲਾਂ ਨਾਲ ਭਰ ਜਾਂਦੇ ਹਨ। ਪਹਿਲਾਂ ਪਹਿਲ ਇਸ ਬਾਬਤ ਸਿਰਫ ਸਥਾਨਕ ਬਸ਼ਿੰਦਿਆਂ ਨੂੰ ਹੀ ਪਤਾ ਸੀ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਇਹ ਘਾਟੀ ਦੂਰ ਸੀ, ਕਿਉਂਕਿ ਇਹ ਘਾਟੀ ਸਾਲ ਚ ਨਵੰਬਰ ਤੋਂ ਮਈ ਤੱਕ ਬਰਫ਼ ਨਾਲ ਢੱਕੀ ਰਹਿੰਦੀ ਹੈ।

ਪੁਸਤਕਾਂ ਦੇ ਹਵਾਲਿਆਂ ਨਾਲ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਜੋਸ਼ੀ ਮੱਠ ਦੇ ਪ੍ਰਬੰਧਕ ਸ੍ਰ ਭੁਪਿੰਦਰ ਸਿੰਘ ਜੀ ਨੇ ਦੱਸਿਆ ਕਿ ਫੁੱਲਾਂ ਦੀ ਘਾਟੀ ਦੀ ਖੋਜ ਬਰਤਾਨਵੀ ਪਰਬਤ ਆਰੋਹੀ ਫਰੈਂਕ ਐਸ ਸਮਿੱਥ,ਐਰਿਕ ਸ਼ਿਪਟਮ ਅਤੇ ਉਸਦੇ ਸਾਥੀ ਆਰ ਐਲ ਹੋਲਡਸਵਰਥ ਨੇ 1931 ਵਿਚ ਕੀਤੀ ਸੀ।ਉਹ ਕਮੇਟ ਪਰਬਤ ਨੂੰ ਸਰ ਕਰਨ ਤੋਂ ਬਾਅਦ ਰਸਤੇ ਤੋਂ ਭਟਕ ਗਏ ਸਨ ਅਤੇ ਇਸ ਫੁੱਲਾਂ ਦੀ ਘਾਟੀ ਵਿੱਚ ਆ ਗਏ ਸਨ। ਉਹ ਇੱਥੇ ਐਨੇ ਤਰ੍ਹਾਂ ਦੇ ਫੁੱਲਾਂ ਅਤੇ ਖ਼ੁਸ਼ਬੋਈਆਂ ਤੱਕ ਕੇ ਬਹੁਤ ਹੀ ਅਚੰਭਿਤ ਹੋਏ। ਬਰਤਾਨਵੀ ਹਕੂਮਤ ਦੇ ਸਮੇਂ ਇਸੇ ਸੁੰਦਰਤਾ ਨੂੰ ਮਾਣਨ ਲਈ ਫਰੈਂਕ ਐਸ ਸਮਿੱਥ ਦੁਬਾਰਾ 1937 ਵਿਚ ਫਿਰ ਵਾਪਿਸ ਆਇਆ ਅਤੇ ਤਿੰਨ ਮਹੀਨੇ ਇੱਥੇ ਹੀ ਰਹਿ ਕੇ ਇਸ ਬਾਬਤ ਡੂੰਘਾਈ ਨਾਲ ਖੋਜ ਭਰਪੂਰ ਜਾਣਕਾਰੀ ਇਕੱਤਰ ਕਰਦਾ ਰਿਹਾ। ਉਸਨੇ ਇਸ ਘਾਟੀ ਦੀ ਫੁੱਲਾਂ ਦੀ ਮਹੱਤਤਾ ਕਾਰਨ ਸੁੰਦਰਤਾ ਦਾ ਵਰਨਣ ਕਰਦੀ 1938 ਵਿਚ ਇੱਕ ਪੁਸਤਕ "ਵੈਲੀ ਆਫ ਫਲਾਵਰਜ਼" ਲਿਖੀ ਜਿਸਨੂੰ ਵਿਸ਼ਵ ਚ ਪ੍ਰਸਿੱਧੀ ਹਾਸਲ ਹੋ ਗਈ। ਇੱਕ ਲੇਖ ਦੇ ਹਵਾਲੇ ਮੁਤਾਬਿਕ ਉੱਤਰਾਖੰਡ ਸੂਬੇ ਨੂੰ ਦੇਵ ਭੂਮੀ ਦਾ ਦਰਜਾ ਹਾਸਲ ਹੋਣ ਕਰਕੇ ਇਸ ਸਥਾਨ ਦਾ ਸੰਬੰਧ ਰਮਾਇਣ ਅਤੇ ਮਹਾਂਭਾਰਤ ਵਿਚ "ਨੰਦਕਾਨਨ" ਨਾਲ ਹੋਣਾ ਮੰਨਿਆ ਜਾਂਦਾ ਹੈ।ਲੰਕਾ ਪਤੀ ਰਾਵਣ ਨਾਲ ਯੁੱਧ ਚ ਜਦੋਂ ਰਾਮ ਚੰਦਰ ਗੰਭੀਰ ਜ਼ਖ਼ਮੀ ਹੋ ਗਏ ਸਨ ਤਾਂ ਹਨੂੰਮਾਨ ਜੀ,ਰਾਮ ਚੰਦਰ ਲਈ ਸੰਜੀਵਨੀ ਬੂਟੀ ਇਸੇ ਸਥਾਨ ਤੋਂ ਲੈ ਕੇ ਗਏ ਸਨ।

ਬਰਫੀਲੇ ਪਹਾੜਾਂ ਚ ਘਿਰੀ ਚਮੋਲੀ ਜ਼ਿਲ੍ਹੇ ਚ ਪੈਂਦੇ ਨੰਦਾ ਦੇਵੀ ਪਾਰਕ ਦਾ ਹਿੱਸਾ ਇਹ ਫੁੱਲਾਂ ਦੀ ਘਾਟੀ ਖੋਜਾਰਥੀਆਂ, ਵਾਤਾਵਰਨ ਪ੍ਰੇਮੀਆਂ, ਫੁੱਲਾਂ ਦੇ ਸ਼ੌਕੀਨਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ।

ਸਮੁੰਦਰੀ ਤਲ ਤੋਂ 3352 ਮੀਟਰ ਤੋਂ 3658 ਮੀਟਰ ਦੀ ਉਚਾਈ ਤੇ ਸਥਿਤ ਇਹ ਫੁੱਲਾਂ ਦੀ ਘਾਟੀ ਨੈਸ਼ਨਲ ਪਾਰਕ ਦਾ ਕੋਮਲ ਲੈਂਡਸਕੇਪ ਪੂਰਬ ਵੱਲ ਨੰਦਾ ਦੇਵੀ ਨੈਸ਼ਨਲ ਪਾਰਕ ਦੇ ਰੁੱਖੇ ਪਹਾੜੀ ਉਜਾੜ ਨੂੰ ਪੂਰਾ ਕਰਦਾ ਹੈ।ਇਹ ਦੋਵੇਂ ਮਿਲ ਕੇ ਜ਼ਾਂਸਕਰ ਅਤੇ ਮਹਾਨ ਹਿਮਾਲਿਆ ਦੀਆਂ ਪਹਾੜੀ ਸ਼੍ਰੇਣੀਆਂ ਦੇ ਵਿਚਕਾਰ ਇੱਕ ਵਿਲੱਖਣ ਪਰਿਵਰਤਨ ਖੇਤਰ ਨੂੰ ਘੇਰਦੇ ਹਨ। ਇਹ ਘਾਟੀ 87.50 ਹੈਕਟੇਅਰ ਜਾਂ 33.8 ਵਰਗ ਮੀਲ ਤੋਂ ਵੱਧ ਖੇਤਰ ਚ ਫੈਲੀ ਹੋਈ ਹੈ ਅਤੇ ਇਹ ਕੁਦਰਤੀ ਸੁੰਦਰਤਾ ਭਰਪੂਰ ਖੇਤਰ ਲਗਭਗ 8 ਕਿਲੋਮੀਟਰ ਲੰਬਾ ਅਤੇ 2 ਕਿਲੋਮੀਟਰ ਚੌੜਾ ਹੈ। ਇਹ ਪੂਰੀ ਤਰ੍ਹਾਂ ਤਪਸ਼ ਵਾਲੇ ਐਲਪਾਈਨ ਜ਼ੋਨ ਵਿੱਚ ਸਥਿਤ ਹੈ। ਦੋਵੇਂ ਪਾਰਕ ਨੰਦਾ ਦੇਵੀ ਬਾਇਓਸਫੇਅਰ ਰਿਜ਼ਰਵ ਖੇਤਰ 223,674 ਹੈਕਟੇਅਰ ਵਿੱਚ ਘਿਰੇ ਹੋਏ ਹਨ ਜੋ ਅੱਗੇ ਇੱਕ ਬਫਰ ਜ਼ੋਨ 5,148।57 ਹੈਕਟੇਅਰ ਨਾਲ ਘਿਰਿਆ ਹੋਇਆ ਹੈ।ਨੰਦਾ ਦੇਵੀ ਨੈਸ਼ਨਲ ਪਾਰਕ ਰਿਜ਼ਰਵ ਯੂਨੈਸਕੋ ਵਰਲਡ ਨੈੱਟਵਰਕ ਆਫ ਬਾਇਓਸਫੇਅਰ ਰਿਜ਼ਰਵ ਵਿੱਚ ਹੈ।



ਇਸ ਘਾਟੀ ਦੀ ਦੁਨੀਆਂ ਭਰ ਚ ਸਭ ਤੋਂ ਵੱਧ ਕੁਦਰਤੀ ਸੁੰਦਰਤਾ ਅਤੇ ਵਿਲੱਖਣਤਾ ਨੂੰ ਦੇਖਦਿਆਂ 6 ਸਤੰਬਰ 1986 ਨੂੰ ਫੁੱਲਾਂ ਦੀ ਘਾਟੀ ਨੈਸ਼ਨਲ ਪਾਰਕ ਐਲਾਨਿਆ ਗਿਆ ਸੀ। ਇਸਦੀ ਕੁਦਰਤੀ ਵਾਤਾਵਰਨ ਅਤੇ ਭੂਗੋਲਿਕ ਮਹੱਤਤਾ ਨੂੰ ਦੇਖਦੇ ਹੋਏ 14 ਜੁਲਾਈ 2005 ਨੂੰ ਯੂਨੈਸਕੋ ਵੱਲੋਂ ਕੁਦਰਤੀ ਵਿਸ਼ਵ ਵਿਰਾਸਤ ਦਾ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ।

ਇਹ ਘਾਟੀ ਸਿਰਫ਼ ਜੂਨ ਤੋਂ ਅਕਤੂਬਰ ਤੱਕ ਗਰਮੀਆਂ ਦੌਰਾਨ ਹੀ ਖੁੱਲ੍ਹਦੀ ਹੈ ਅਤੇ ਬਾਕੀ ਸਾਰਾ ਸਾਲ ਭਾਰੀ ਬਰਫ਼ ਨਾਲ ਢੱਕੀ ਰਹਿੰਦੀ ਹੈ।

ਇਸ ਘਾਟੀ ਵਿਚ ਰਹਿਣ ਜਾਂ ਠਹਿਰਣ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਸ਼ਾਮ 5 ਵਜੇ ਵਾਪਸ ਗੋਬਿੰਦ ਧਾਮ ਆਉਣਾ ਪੈਂਦਾ ਹੈ।

ਬਾਗਵਾਨੀ ਵਿਭਾਗ ਮਾਹਿਰਾਂ ਅਤੇ ਵਾਤਾਵਰਨ ਵਿਭਾਗ ਮੁਤਾਬਕ ਇੱਥੇ ਵਿਦੇਸ਼ੀ ਫੁੱਲ ਜਿਵੇਂ ਕਿ ਆਰਚਿਡ, ਪੋਪੀਜ਼, ਪ੍ਰਿਮੁਲਾ, ਮੈਰੀਗੋਲਡ, ਡੇਜ਼ੀ ਅਤੇ ਐਨੀਮੋਨਸ ਆਦਿ ਲਗਭਗ 514 ਕਿਸਮ ਦੇ ਫੁੱਲ ਖਿੜਦੇ ਹਨ ਅਤੇ ਇਨਸਾਨੀ ਧਿਆਨ ਆਕਰਸ਼ਿਤ ਕਰਦੇ ਹਨ। ਇੱਥੇ ਖਿੜਨ ਵਾਲੇ ਵੱਖ ਵੱਖ ਕਿਸਮ ਦੇ ਅਲੌਕਿਕ ਫੁੱਲਾਂ ਦੇ ਰੰਗ ਚ 15 ਦਿਨਾਂ ਬਾਅਦ ਤਬਦੀਲੀ ਆ ਜਾਂਦੀ ਹੈ।

ਉੱਤਰਾਖੰਡ ਸੂਬੇ ਦਾ ਰਾਜ ਦਰਜਾ ਪ੍ਰਾਪਤ ਫੁੱਲ "ਬ੍ਰਹਮ ਕਮਲ" ਵੀ ਇਸੇ ਘਾਟੀ ਵਿਚ ਖਿੜਦਾ ਹੈ। ਕੁਦਰਤੀ ਕ੍ਰਿਸ਼ਮਾ ਦੇਖੋ, ਕਮਲ ਦੇ ਫੁੱਲ ਨੂੰ ਖਿੜਨ ਲਈ ਇਹਦੀ ਜੜ ਪਾਣੀ ਹੋਣੀ ਜ਼ਰੂਰੀ ਹੈ ਅਤੇ ਬੂਟਾ ਪਾਣੀ ਚ ਹੋਣਾ ਜ਼ਰੂਰੀ ਹੈ,ਪਰ ਇਹ ਬ੍ਰਹਮ ਕਮਲ ਫੁੱਲ ਪੱਥਰਾਂ ਚ ਉੱਗਦਾ ਅਤੇ ਖਿੜਦਾ ਹੈ।ਇਹ ਦੁਰਲੱਭ ਫੁੱਲ ਸਤੰਬਰ ਮਹੀਨੇ ਖਿੜਦਾ ਹੈ ਅਤੇ ਇਹ ਦੂਰ ਤੱਕ ਹਲਕੀ ਖ਼ੁਸ਼ਬੂ ਬਿਖੇਰਦਾ ਹੈ। ਫੁੱਲਾਂ ਦੀ ਘਾਟੀ ਦਾ ਅਲੌਕਿਕ ਨਜ਼ਾਰਾ ਪੇਸ਼ ਕਰਦੇ ਇਹ ਫੁੱਲ ਪੂਰੀ ਦੁਨੀਆਂ ਵਿੱਚ ਕਿਤੇ ਵੀ ਨਹੀਂ ਮਿਲਦੇ ਨਾ ਹੀ ਮਿਲਣਗੇ।

ਇੱਥੇ ਇੱਕ ਹੋਰ ਜਾਪਾਨੀ ਮੂਲ ਦੀ ਕਿਸਮ ਦਾ ਕੁਦਰਤੀ ਸੁੰਦਰਤਾ ਭਰਪੂਰ ਫੁੱਲ ਨੀਲਾ ਪੋਸਤ ਹੈ। ਇਸਨੂੰ "ਹਿਮਾਲਿਆ ਦੇ ਫੁੱਲਾਂ ਦੀ ਰਾਣੀ" ਕਿਹਾ ਜਾਂਦਾ ਹੈ।ਸ਼ਾਇਦ ਇਸੇ ਕੁਦਰਤੀ ਸੁੰਦਰਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦੇ ਸਲੋਕ

"ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥"

ਚ ਪ੍ਰਸਤੁਤ ਕੀਤਾ ਹੈ।

ਜੈਵਿਕ ਵਿਭਿੰਨਤਾ ਲਈ ਪ੍ਰਸਿੱਧ ਇਸ ਫੁੱਲਾਂ ਦੀ ਘਾਟੀ ਦੇ ਫੁੱਲਾਂ ਨੂੰ ਭਾਰਤੀ ਅਤੇ ਵਿਦੇਸ਼ੀ ਬਹੁਤ ਪਸੰਦ ਕਰਦੇ ਹਨ।ਇਸ ਫੁੱਲਾਂ ਦੀ ਘਾਟੀ ਵਿੱਚ ਜੀਵਾਂ ਦੀ ਪ੍ਰਜਾਤੀਆਂ ਦੇ ਹੋਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।ਰੰਗ ਬਿਰੰਗੇ ਫੁੱਲਾਂ ਉੱਤੇ ਤਿਤਲੀਆਂ ਅਤੇ ਕੀਟ ਪਤੰਗਿਆਂ ਦਾ ਆਉਣਾ ਕੁਦਰਤੀ ਹੈ।ਇਸ ਤੋਂ ਇਲਾਵਾ ਹੋਰ ਵੀ ਬਹੁਤ ਕਿਸਮਾਂ ਦੇ ਜੀਵ ਜੰਤੂ, ਮੱਖੀਆਂ,ਭੂੰਡ ਆਦਿ ਇਸ ਘਾਟੀ ਵਿੱਚ ਫੁੱਲਾਂ ਤੇ ਮੰਡਰਾਉਂਦੇ ਆਮ ਦੇਖਣ ਨੂੰ ਮਿਲਦੇ ਹਨ।ਇਸ ਘਾਟੀ ਵਿੱਚ ਜਾਕੇ ਆਨੰਦ ਮਾਣਨ ਦਾ ਸਭ ਤੋਂ ਵਧੀਆ ਸਮਾਂ ਜੁਲਾਈ-ਅਗਸਤ ਹੈ। ਇਸ ਘਾਟੀ ਦੀ ਸੁੰਦਰਤਾ ਨੂੰ ਬਿਆਨ ਕਰਦੀ ਸ਼ਾਇਰੀ ਮਨ ਦੀ ਉਡਾਰੀ ਦੇ ਹਵਾਲੇ ਜ਼ਿਕਰ ਵੀ ਕਰ ਰਿਹਾ ਹਾਂ:-

ਕੁਦਰਤ ਦੀ ਬੁੱਕਲ ਵਿਚ ਬਹਿ ਸਭ ਭੁੱਲ ਜਾਵਣ ਚਿੰਤਾਵਾਂ
ਜੰਨਤ ਦਾ ਅਹਿਸਾਸ ਹੋਵੇ ਜਦੋਂ ਖਹਿਣ ਸ਼ੁੱਧ ਹਵਾਵਾਂ
ਨੀਲੇ ਨੀਲੇ ਉੱਤੇ ਪਹਾੜਾਂ ਲਾਉਣ ਉਡਾਰੀ ਕੂੰਜਾਂ
ਮਿਲੇ ਸਕੂਨ ਹੋ ਅੰਤਰ ਆਤਮਾ ਨਾਲ ਕੁਦਰਤੀ ਗੂੰਜਾਂ
ਤੂੰ ਤੂੰ ਕਹਿ ਕੇ ਮੈਂ ਕੁਦਰਤੀ ਗੂੰਜਾਂ ਦੇ ਸੰਗ ਗਾਵਾਂ
ਦਿਲ ਕਰਦਾ ਫਿਰ ਜੰਨਤ ਛੱਡ ਕੇ ਹੋਰ ਕਿਤੇ ਨਾ ਜਾਵਾਂ
ਰੁੱਖਾਂ ਦੇ ਪੱਤਿਆਂ ਦੀ ਖੜ ਖੜ,ਪੰਛੀ ਰੰਗ ਬਿਰੰਗੇ
ਕੱਚ ਤੋਂ ਸਾਫ ਝਰਨੇ ਦਾ ਪਾਣੀ ਮਿੱਟੀ ਚੁੰਮਦਾ ਲੰਘੇ
ਪੱਥਰਾਂ ਦੇ ਨਾਲ ਖਹਿ ਖਹਿ ਪਾਣੀ ਬਣੇ ਸੰਗੀਤ ਰਸਭਿੰਨਾ
ਕਿਸੇ ਸਾਜ਼ ਦਾ ਨਹੀਂ ਸੰਗੀਤ ਵੀ ਦਿਲ ਨੂੰ ਟੁੰਬਦਾ ਇੰਨਾਂ
ਸਿਖਰ ਪਹਾੜਾਂ ਨੂੰ ਸਰ ਕਰਨਾ ਲੋਚਣ ਮਨ ਇੱਛਾਵਾਂ
ਦਿਲ ਕਰਦਾ ਫਿਰ ਜੰਨਤ ਛੱਡ ਕੇ ਹੋਰ ਕਿਤੇ ਨਾ ਜਾਵਾਂ
ਜੜੀ ਬੂਟੀਆਂ ਅਤੇ ਦਰੱਖਤਾਂ ਚੋਂ ਆਵਣ ਖ਼ੁਸ਼ਬੋਈਆਂ
ਭਰ ਜੋਬਨ ਹੋ ਜਾਣ ਹਸਰਤਾਂ ਫਿਰ ਜੀਵਣ ਦੀਆਂ ਮੋਈਆਂ
ਬੀਂਬੜ ਵਾਲਿਆਂ ਕੁਦਰਤ ਨੱਚਦੀ ਲੱਗੇ ਚਾਰ ਚੁਫੇਰੇ
ਸਾਫ ਆਕਾਸ਼ ਦੇ ਵਰਗਾ ਖੇੜ੍ਹਾ ਆ ਜੇ ਉੱਤੇ ਚਿਹਰੇ
ਫੁੱਲਾਂ ਦੇ ਰੰਗਾਂ ਜਿਹੀਆਂ ਤਿਤਲੀਆਂ ਨਾਲ ਉਡਾਰੀ ਲਾਵਾਂ
ਦਿਲ ਕਰਦਾ ਫਿਰ ਜੰਨਤ ਛੱਡ ਕੇ ਹੋਰ ਕਿਤੇ ਨਾ ਜਾਵਾਂ।

ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲਦੀ ਇਸ ਫੁੱਲਾਂ ਦੀ ਘਾਟੀ ਦਾ ਪ੍ਰਬੰਧ ਨੰਦਾ ਦੇਵੀ ਨੈਸ਼ਨਲ ਪਾਰਕ ਅਥਾਰਟੀ ਕੋਲ ਹੈ ਅਤੇ ਇਸ ਘਾਟੀ ਵਿਚ ਜਾਣ ਦੀ ਭਾਰਤੀਆਂ ਲਈ 150/- ਰੁਪਏ ਅਤੇ ਵਿਦੇਸ਼ੀ ਸੈਲਾਨੀਆਂ ਲਈ 650/- ਰੁਪਏ ਪ੍ਰਤੀ ਵਿਅਕਤੀ ਮਾਮੂਲੀ ਫੀਸ ਨਿਰਧਾਰਤ ਹੈ।

ਇਸ ਘਾਟੀ ਚੋਂ ਕੁਦਰਤੀ ਸੁੰਦਰਤਾ ਭਰੇ ਫੁੱਲਾਂ ਦਾ ਆਨੰਦ ਮਾਣ ਕੇ ਆਉਣਾ ਕਿਸੇ ਸੁਵਰਗ ਵਰਗੇ ਅਹਿਸਾਸ ਤੋਂ ਘੱਟ ਨਹੀਂ ਹੈ।

# ਬਦਲ ਰਹੀ ਹੈ ਮਾਂ ਦੀ ਪਰਿਭਾਸ਼ਾ

ਮੰਮੀ, ਮੇਰਾ ਰਿਬਨ ਕਿੱਥੇ ਹੈ? ਅੱਠ ਸਾਲ ਦੀ ਪਿੰਕੀ ਚੀਕ ਪਈ। ਉਸ ਦੀ ਆਵਾਜ਼ ਵਿਚ ਸ਼ਾਮਲ ਹੋ ਕੇ, "ਮੰਮੀ, ਸੁਨੀਤਾ ਨੇ ਪਿੰਕੀ ਦੀ ਰਿਵਾਨ ਨੂੰ ਬਾਹਰ ਕੱਢਿਆ ਤਾਂ ਉਸ ਨੇ ਸੁਨੀਤਾ ਨੂੰ ਬਹੁਤ ਗੁੱਸੇ ਵਿਚ ਪਾਇਆ ਇੱਕ ਮਿੰਟ ਬਰਬਾਦ ਹੋ ਸਕਦਾ ਸੀ ਕਿਉਂਕਿ ਉਸਨੇ ਬੱਚਿਆਂ ਦੇ ਨਾਸ਼ਤੇ ਦੇ ਡੱਬੇ ਨੂੰ ਭਰਨਾ ਸੀ ਅਤੇ ਉਹਨਾਂ ਲਈ ਚਾਹ ਵੀ ਤਿਆਰ ਕਰਨੀ ਸੀ, ਉਸ ਤੋਂ ਬਾਅਦ, ਖਾਣਾ ਬਣਾਉਣਾ, ਕੱਪੜੇ ਧੋਣਾ, ਮੇਰੇ ਦਫਤਰ ਲਈ ਤਿਆਰ ਹੋਣਾ ਬਹੁਤ ਸਾਰਾ ਕੰਮ ਸੀ।



ਬਜ਼ੁਰਗਾਂ ਦੀਆਂ ਨਜ਼ਰਾਂ ਵਿੱਚ ਅੱਜ ਦੀਆਂ ਮਾਵਾਂ ਦੀ ਮਾਨਤਾ ਹੀ ਇਹੋ ਜਿਹੀ ਹੈ, ਅੱਜ ਦੀਆਂ ਕੁੜੀਆਂ ਦੀ ਕਦਰ ਹੀ ਨਹੀਂ ਸਮਝਦੀ, ਦਿਨ ਵੇਲੇ ਉਹ ਆਪਣੇ ਬੈਗ ਚੁੱਕ ਕੇ ਕੰਮ 'ਤੇ ਜਾਂਦੀਆਂ ਹਨ, ਰਾਤ ਨੂੰ ਇੱਥੇ ਪਾਰਟੀ ਹੁੰਦੀ ਹੈ, ਉੱਥੇ ਇੱਕ ਫਿਲਮ, ਉਨ੍ਹਾਂ ਦੇ ਬੱਚੇ ਯਕੀਨੀ ਤੌਰ 'ਤੇ ਖਰਾਬ ਹੋ ਜਾਣਗੇ। ਉਹ ਬੱਚਿਆਂ ਦੀ ਕਿੱਥੇ ਪਰਵਾਹ ਕਰਦੇ ਹਨ? ਅਸੀਂ ਬੱਚਿਆਂ ਨੂੰ ਵੀ ਪਾਲਿਆ।

ਪੰਜਾਹ ਸਾਲ ਦੀ ਮਿਸਿਜ਼ ਸ਼ਰਮਾ ਕਹਿੰਦੀ ਹੈ, ਸਾਡਾ ਮੁੰਨਾ ਸੱਚਮੁੱਚ ਇੰਨਾ ਸਾਦਾ ਹੈ ਕਿ ਪੁੱਛੋ ਨਹੀਂ। ਪਰ ਇਹ ਨੂੰਹ? ਉਹ ਉਸ ਨੂੰ ਦੋ ਚੁਟਕੀ ਦਿੱਤੇ ਬਿਨਾਂ ਪੜ੍ਹਾ ਵੀ ਨਹੀਂ ਸਕਦੀ।" ਸ਼੍ਰੀਮਤੀ ਸ਼ਰਮਾ ਸੱਚ ਕਹਿ ਰਹੀ ਸੀ, ਉਸ ਦਾ ਪੋਤਾ ਮੁੰਨਾ ਅਸਲ ਵਿੱਚ ਬਹੁਤ ਹੁਸ਼ਿਆਰ ਹੈ। ਉਹ ਪੜ੍ਹਾਈ ਵਿੱਚ ਤੇਜ਼ ਹੈ ਅਤੇ ਖੇਡਾਂ ਵਿੱਚ ਵੀ ਹੁਸ਼ਿਆਰ ਹੈ। ਐਨੀ ਛੋਟੀ ਉਮਰ ਵਿੱਚ ਤੈਰਾਕੀ ਵੀ ਸਿੱਖ ਗਿਆ ਹੈ। ਪਰ ਪੜ੍ਹਾਈ ਦੌਰਾਨ ਇਕ ਥਾਂ 'ਤੇ ਦੋ ਘੰਟੇ ਬੈਠਣਾ ਉਸ ਲਈ ਸਜ਼ਾ ਤੋਂ ਘੱਟ ਨਹੀਂ ਹੈ।

ਜਦੋਂ ਵੀ ਸੁਨੀਤਾ ਆਪਣੇ ਰੁਝੇਵਿਆਂ ਵਿੱਚੋਂ ਬਹੁਤ ਸਾਰਾ ਸਮਾਂ ਆਪਣੇ ਬੇਟੇ ਨੂੰ ਘੋੜਾ ਪੜ੍ਹਾਉਣ ਲਈ ਕੱਢਦੀ ਹੈ, ਤਾਂ ਉਹ ਉਸ ਦੀਆਂ ਚੁਟਕਲਿਆਂ ਵਾਲੀਆਂ ਹਰਕਤਾਂ ਤੋਂ ਚਿੜ ਜਾਂਦੀ ਹੈ। 'ਮੰਮੀ, ਦੇਖੋ ਮੈਂ 'ਟ' ਕਿਵੇਂ ਲਿਖਿਆ ਹੈ। ਇਹ ਕਹਿ ਕੇ ਉਹ ਉੱਡ ਰਿਹਾ ਹੈ, ਬੰਟੀ ਉੱਡਣ ਦਾ ਬਹਾਨਾ ਲਗਾਉਣ ਲੱਗ ਜਾਂਦਾ ਹੈ ਅਤੇ ਇੱਥੇ ਸੁਨੀਤਾ ਚਿੜ ਜਾਂਦੀ ਹੈ ਅਤੇ ਉਸਦੀ ਗੱਲ੍ਹ ਚੱਟਦੀ ਹੈ।

ਹੁਣ ਛੋਟੇ ਮੁੰਨੇ ਨੂੰ ਕੌਣ ਸਮਝਾਵੇ ਕਿ ਉਸ ਨੇ ਜੋ ਅੰਗਰੇਜ਼ੀ ਅੱਖਰ ਲਿਖੇ ਹਨ ਉਹ ਸੱਚ ਹਨ? ਉਨ੍ਹਾਂ ਨੂੰ ਦੇਖ ਕੇ ਕੁਦਰਤੀ ਤੌਰ 'ਤੇ ਇੱਕ ਉੱਡਦੇ ਪੰਛੀ ਬਾਰੇ ਸੋਚਦਾ ਹੈ ਅਤੇ ਇਹ ਬਿੰਦੂ ਇੱਕ ਪਿਆਰ ਕਰਨ ਵਾਲੀ ਮਾਂ ਲਈ ਖੁਸ਼ ਹੋਣਾ ਅਤੇ ਮੁਸਕਰਾਉਣਾ ਹੈ। ਮੈਂ ਬੱਚੇ ਦੇ ਗਲ ਨੂੰ ਥਪਥਪਾਉਣਾ ਚਾਹੁੰਦਾ ਹਾਂ, ਪਰ ਸੁਨੀਤਾ ਕਿਵੇਂ ਮੁਸਕਰਾ ਸਕਦੀ ਹੈ, ਰਾਤ ਦੇ 8:30 ਹੋ ਚੁੱਕੇ ਹਨ। ਠੀਕ ਨੌਂ ਵਜੇ ਮਾਂ ਨੇ ਖਾਣਾ ਪਰੋਸਣਾ ਹੈ ਤੇ ਸਬਜ਼ੀ ਤਿਆਰ ਕਰਨੀ ਬਾਕੀ ਹੈ। ਪਿੰਕੀ ਦੀ ਸਕਰਟ ਦੀ ਹੁੱਕ ਨੂੰ ਸਿਲਾਈ ਕਰਨੀ ਪੈਂਦੀ ਹੈ। ਤੁਹਾਨੂੰ ਆਪਣੇ ਪਤੀ ਦੀ ਪੈਂਟ ਨੂੰ ਆਇਰਨ ਕਰਨਾ ਪੈਂਦਾ ਹੈ ਅਤੇ ਫਿਰ ਤੁਹਾਨੂੰ ਸ਼ੈਤਾਨ ਮੁੰਨਾ ਨੂੰ ਸੌਣ ਲਈ ਕੁਝ ਦੇਰ ਲਈ ਉਸ ਨਾਲ ਲੇਟਣਾ ਪੈਂਦਾ ਹੈ।

ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਇਨ੍ਹਾਂ ਸਾਰੇ ਨੁਕਤਿਆਂ 'ਤੇ ਅੱਜ ਦੀ ਮਾਂ ਦਾ ਅਕਸ ਅੱਜ ਦੀ ਅਗਾਂਹਵਧੂ ਔਰਤ ਦੇ ਅਕਸ ਨਾਲ ਟਕਰਾਉਂਦਾ ਹੈ। ਅਤੇ ਇੱਕ ਅਣਜਾਣ ਦਰਦ ਦਿਮਾਗ ਵਿੱਚ ਧੜਕਣ ਲੱਗਦਾ ਹੈ। ਦੋਹਾਂ ਦੇ ਦਿਲ ਵਿਚ ਕੁਝ ਟੁੱਟਣ ਦਾ ਦਰਦ ਮਹਿਸੂਸ ਹੁੰਦਾ ਹੈ, ਕਦੇ ਮਾਂ ਨੂੰ ਦੁੱਖ ਹੁੰਦਾ ਹੈ ਅਤੇ ਕਦੇ ਅੱਜ ਦੀ ਐਨਡੀਏ ਔਰਤ ਆਪਣੇ ਅੰਦਰ ਬੈਠੀ ਹੈ।

ਇਹ ਸੱਚ ਹੈ ਕਿ ਪਹਿਲਾਂ ਔਰਤਾਂ ਦਾ ਕਾਰਜ ਖੇਤਰ ਸੀਮਤ ਸੀ ਅਤੇ ਉਨ੍ਹਾਂ ਦੇ ਕਿੱਤੇ ਵੱਖ-ਵੱਖ ਕਿਸਮ ਦੇ ਸਨ। ਖਾਣਾ ਪਕਾਉਣ ਅਤੇ ਪਰੋਸਣ ਅਤੇ ਸਾਰਿਆਂ ਨੂੰ ਖੁਆਉਣ ਦਾ ਕੰਮ ਉਸ ਨੇ ਕਰਨਾ ਸੀ। ਘਰ ਦੀ ਸੰਭਾਲ ਕਰਨੀ ਪਈ। ਬੱਚਿਆਂ ਦਾ ਪਾਲਣ-ਪੋਸ਼ਣ ਬਹੁਤ ਹੀ ਪਿਆਰ ਭਰੇ ਵਿਹਾਰ ਨਾਲ ਕਰਨਾ ਪੈਂਦਾ ਸੀ ਅਤੇ ਇੱਕ ਸੁਚੱਜੇ ਘਰ ਦੀ ਲਕਸ਼ਮੀ ਦੀ ਮੂਰਤ ਬਣਾਈ ਰੱਖਣੀ ਪੈਂਦੀ ਸੀ। ਕਈ ਮੌਕਿਆਂ 'ਤੇ, ਉਸ ਨੂੰ ਆਪਣੇ ਪਤੀ, ਸੱਸ ਦੇ ਦਬਾਅ ਹੇਠ ਰਹਿਣਾ ਪਿਆ ਅਤੇ ਆਪਣੇ ਬੱਚੇ ਨੂੰ ਪਿਆਰ ਕਰਨ ਤੋਂ ਵੀ ਝਿਜਕਦੀ ਸੀ।

ਪਰ ਅੱਜ ਦੀ ਮਾਂ ਆਪਣੇ ਹੱਕਾਂ ਨੂੰ ਜਾਣਦੀ ਹੈ। ਠੀਕ ਹੈ ਉਹ ਘਰੋਂ ਬਾਹਰ ਜਾ ਕੇ ਪੈਸੇ ਕਮਾਉਂਦੀ ਹੈ। ਸਾਡਾ ਸ਼ਖਸੀਅਤ ਦੇ ਹਰ ਪਹਿਲੂ ਨੂੰ ਸੁੰਦਰ ਬਣਾਉਂਦਾ ਹੈ। ਪਰ ਇਸ ਦੌੜ ਵਿੱਚ ਕੀ ਉਸ ਨੇ ਸਿਰਫ਼ ਹਾਸਲ ਕੀਤਾ ਹੈ ਜਾਂ ਉਸ ਨੇ ਕੁਝ ਗੁਆਇਆ ਹੈ? ਅੱਜ ਵੀ ਕਈ ਘਰਾਂ ਵਿੱਚ ਔਰਤਾਂ ਅਤੇ ਮਾਵਾਂ ਨਾਲ ਅਸਲ ਵਿੱਚ ਦੁਰਵਿਵਹਾਰ ਕੀਤਾ ਜਾਂਦਾ ਹੈ।

ਕੀ ਤੁਹਾਨੂੰ ਇਸ ਨੂੰ ਸਹਿਣ ਦੀ ਲੋੜ ਨਹੀਂ ਹੈ? ਅਤੇ ਅੱਜ ਵੀ ਕਈ ਘਰਾਂ ਵਿੱਚ ਔਰਤਾਂ ਉਸ ਨੂੰ ਸ਼ਾਇਦ ਹੀ ਕਿਸੇ ਮਰਦ ਦੇ ਬਰਾਬਰ ਸਮਝਿਆ ਜਾਵੇ। ਅੱਜ ਅਸੀਂ ਇਹ ਦਿਖਾਉਣ ਲਈ ਆਪਣਾ ਟੀਚਾ ਮਿੱਥਿਆ ਹੈ ਕਿ ਅਸੀਂ ਕਿਸੇ ਵੀ ਪੱਖੋਂ ਮਰਦਾਂ ਤੋਂ ਘੱਟ ਨਹੀਂ ਹਾਂ। ਲਗਭਗ ਹਰ ਕੰਮ ਜੋ ਉਹ ਕਰ ਸਕਦੇ ਹਨ, ਅਸੀਂ ਵੀ ਕਰ ਸਕਦੇ ਹਾਂ। ਅਤੇ ਇਹ ਸਭ ਕਰ ਕੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਅਸਲ ਵਿੱਚ ਨਵੇਂ ਯੁੱਗ ਦੀ ਪਹਿਲੀ ਮੰਗ ਹੈ ਕਿ ਪਹਿਲਾਂ ਆਪਣੇ ਆਪ ਨੂੰ ਅਤੇ ਫਿਰ ਆਪਣੇ ਰਿਸ਼ਤਿਆਂ ਨੂੰ ਮਹੱਤਵ ਦਿਓ।


**-ਤਰਸੇਮ ਬੱਧਣ**

## ਪੁਸਤਕ ਸਮੀਖਿਆ

**ਬਿਸਮਿੱਲਾਹ ਖਾਂ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਸ਼ਿਵੇਂਦਰ ਕੁਮਾਰ ਸਿੰਘ,**
**ਚਿੱਤਰ: ਇਸਮਾਈਲ ਲਹਿਰੀ**
**ਅਨੁਵਾਦਕ: ਰਾਜਵੰਤ ਕੌਰ ਪੰਜਾਬੀ**
**ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ ਇੰਡੀਆ**
**ਨਵੀਂ ਦਿੱਲੀ, ਮੁੱਲ: 90 /-**

ਸਾਹਿਤ ਸਿਰਜਣਾ ਦੇ ਖੇਤਰ ਵਿੱਚ ਡਾ. ਰਾਜਵੰਤ ਕੌਰ ਪੰਜਾਬੀ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਹਨਾਂ ਦਰਜਨਾਂ ਪੁਸਤਕਾਂ ਦੀ ਸਿਰਜਣਾ ਅਤੇ ਸੰਪਾਦਨਾ ਤੋਂ ਬਾਅਦ ਅਨੁਵਾਦ ਦੇ ਖੇਤਰ ਵਿੱਚ ਵੀ ਸ਼ਾਨਦਾਰ ਕਾਰਜ ਕੀਤਾ ਹੈ। ਉਹਨਾਂ ਵੱਲੋਂ ਵਿਰਾਸਤੀ ਵਸਤਾਂ ਅਤੇ ਸੱਭਿਆਚਾਰਕ ਵੰਨਗੀਆਂ ਤੇ ਕੀਤੀਆਂ ਖੋਜਾਂ ਨੂੰ ਵੀ ਭਰਪੂਰ ਮਾਣ ਸਤਿਕਾਰ ਮਿਲਿਆ ਹੈ। ਸਾਹਿਤ ਦੀਆਂ ਭਿੰਨ ਭਿੰਨ ਵਿਧਾਵਾਂ ਤੇ ਉਹਨਾਂ ਗਹਿਰ ਗੰਭੀਰ ਤਜਰਬੇ ਕੀਤੇ ਹਨ ਜੋ ਖੋਜਾਰਥੀਆਂ ਲਈ ਰਾਹ ਦਸੇਰੇ ਦਾ ਕੰਮ ਕਰਦੇ ਹਨ। ਉਹਨਾਂ ਵੱਲੋਂ ਸਿਰਜੀਆਂ ਸੰਦਲੀ ਪੈੜਾਂ ਤੇ ਤੁਰਨ ਲਈ ਨਵੇਂ ਸਾਹਿਤਕਾਰ ਤਤਪਰ ਰਹਿੰਦੇ ਹਨ। ਉਹਨਾਂ ਵਲੋਂ ਪੰਜਾਬੀ ਵਿੱਚ ਕੀਤੇ ਅਨੁਵਾਦ ਵੀ ਪਾਠਕਾਂ ਵੱਲੋਂ ਬਹੁਤ ਸਲਾਹੇ ਜਾਂਦੇ ਹਨ।

'ਬਿਸਮਿਲਾਹ ਖਾਂ' ਨਾਮੀ ਪੁਸਤਕ ਨੈਸ਼ਨਲ ਬੁੱਕ ਟਰਸਟ ਇੰਡੀਆ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਜਿਸ ਵਿੱਚ ਬਿਸਮਿੱਲਾ ਖਾਂ ਦੀ ਜੀਵਨੀ ਨੂੰ ਸਰਲ ਭਾਸ਼ਾ ਵਿੱਚ ਬੱਚਿਆਂ ਵਾਸਤੇ ਪੇਸ਼ ਕੀਤਾ ਗਿਆ ਹੈ। ਇਸਮਾਈਲ ਲਹਿਰੀ ਦੇ ਰੰਗਦਾਰ ਚਿੱਤਰਾਂ ਨਾਲ ਸ਼ਿੰਗਾਰੀ ਇਹ ਪੁਸਤਕ ਬਾਲ ਪਾਠਕਾਂ ਦੇ ਦਿਲ ਦੀਆਂ ਗਹਿਰਾਈਆਂ ਤੱਕ ਲਹਿ ਜਾਂਦੀ ਹੈ। ਇਹ ਪੁਸਤਕ ਪੜ੍ਹਦਿਆਂ ਪਾਠਕ ਨੂੰ ਗੀਤ ਸੰਗੀਤ ਦਾ ਅਜਿਹਾ ਆਨੰਦ ਮਿਲਦਾ ਹੈ ਕਿ ਉਹ ਮੰਤਰ ਮੁਗਧ ਹੋਇਆ ਅੱਗੇ ਤੋਂ ਅੱਗੇ ਪੜ੍ਹਦਾ ਹੀ ਜਾਂਦਾ ਹੈ। ਉਹ ਇਲਾਹੀ ਸੁਰ ਨਾਲ ਇੱਕ ਮਿੱਕ ਹੋ ਜਾਂਦਾ ਹੈ ਜਿਵੇਂ ਬਿਸਮਿੱਲਾ ਖਾਂ ਜੀ ਆਖਿਆ ਕਰਦੇ ਸਨ।





ਬਿਸਮਿੱਲਾ ਖਾਂ ਦਾ ਬਚਪਨ ਦਾ ਨਾਂ ਅਮੀਰੂਦੀਨ ਸੀ ਉਹਨਾਂ ਸ਼ਹਿਨਾਈ ਵਾਦਨ ਦੀ ਸਿੱਖਿਆ ਆਪਣੇ ਨਾਨਾ ਜੀ ਤੋਂ ਕਾਂਸ਼ੀ ਵਿੱਚ ਪ੍ਰਾਪਤ ਕੀਤੀ। ਉਹਨਾਂ ਆਪਣਾ ਸਾਰਾ ਜੀਵਨ ਸ਼ਹਿਨਾਈ ਵਾਦਨ ਨੂੰ ਅਰਪਿਤ ਕਰਕੇ ਭਾਰਤ ਰਤਨ ਤੱਕ ਸਨਮਾਨ ਹਾਸਿਲ ਕੀਤੇ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਲਾਲ ਕਿਲੇ ਵਿੱਚ ਸਭ ਤੋਂ ਪਹਿਲਾਂ ਸ਼ਹਿਨਾਈ ਵਾਦਨ ਬਿਸਮਿੱਲਾ ਖਾਂ ਦੁਆਰਾ ਹੀ ਕੀਤਾ ਗਿਆ। 21 ਅਗਸਤ 2006 ਨੂੰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

ਡਾ. ਰਾਜਵੰਤ ਕੌਰ ਪੰਜਾਬੀ ਦੁਆਰਾ ਕੀਤਾ ਅਨੁਵਾਦ ਬਾਲ ਪਾਠਕਾਂ ਨੂੰ ਪ੍ਰੇਰਨਾ ਦਿੰਦਾ ਹੋਇਆ ਗੀਤ ਸੰਗੀਤ ਨਾਲ ਜੋੜਦਾ ਹੈ। ਉਹਨਾਂ ਵੱਲੋਂ ਵਰਤੀ ਗਈ ਭਾਸ਼ਾ ਬਾਲ ਮਨਾਂ ਦੀ ਹਾਣੀ ਹੋਣ ਕਰਕੇ ਹਰ ਪਾਠਕ ਨੂੰ ਟੁੰਬਦੀ ਹੈ। ਨਹਿਰੂ ਪੁਸਤਕ ਮਾਲਾ ਤਹਿਤ ਪ੍ਰਕਾਸ਼ਿਤ ਕੀਤੀ 32 ਪੰਨਿਆਂ ਦੀ ਇਸ ਪੁਸਤਕ ਦੇ ਕਿਸੇ ਪੰਨੇ ਤੇ ਵੀ ਪੰਨਾ ਨੰਬਰ ਦਰਜ ਨਹੀਂ ਕੀਤਾ ਗਿਆ। ਇਹ ਪੁਸਤਕ ਗੀਤ ਸੰਗੀਤ ਦੀ ਦੁਨੀਆਂ ਬਾਰੇ ਰੌਚਕ ਜਾਣਕਾਰੀ ਪ੍ਰਦਾਨ ਕਰਦੀ ਹੋਈ ਬਿਸਮਿੱਲਾ ਖਾਂ ਦੇ ਸ਼ਹਿਨਾਈ ਵਾਦਨ ਬਾਰੇ ਚਰਚਾ ਕਰਦੀ ਹੈ।

---

**ਏ ਜ਼ਮਾਨੇ ਬਤਾ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਸੁਭਾਸ਼ ਪਾਰਸ,**
**ਸੰਪਾਦਕ: ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ**
**ਪ੍ਰਕਾਸ਼ਕ: ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ,**
**ਪੰਨੇ: 135, ਮੁੱਲ: 200/-**

ਸੁਭਾਸ਼ ਪਾਰਸ ਇੱਕ ਉਹ ਹਸਤੀ ਹੈ ਜੋ ਮੰਜੇ ਤੇ ਪਈ ਹੋਈ ਪੂਰੀ ਦੁਨੀਆਂ ਦੀ ਸੈਰ ਕਰਦੀ ਅਤੇ ਦੁਨੀਆ ਵਿੱਚ ਵਾਪਰ ਰਹੇ ਵਰਤਾਰਿਆਂ ਦਾ ਦਿਨ ਰਾਤ ਵਿਸ਼ਲੇਸ਼ਣ ਕਰਦੀ ਹੈ। ਉਹ ਖੁਦ ਚੱਲ ਫਿਰ ਨਹੀਂ ਸਕਦਾ ਤੇ ਸਿਰਫ ਤੇ ਸਿਰਫ ਦਿਮਾਗ ਸਮੁੰਦਰ ਦੀਆਂ ਗਹਿਰਾਈਆਂ ਮਾਪਣ ਦੇ ਸਮਰੱਥ ਹੈ। ਉਸਦੀ ਹਿੰਮਤ ਅੱਗੇ ਸਭ ਦਾ ਸਿਰ ਝੁਕਦਾ ਹੈ। ਗੰਭੀਰ ਬਿਮਾਰੀ ਕਾਰਨ ਮੰਜੇ ਤੇ ਪੈ ਕੇ ਪੰਜਾਬੀ, ਹਿੰਦੀ ਅਤੇ ਉਰਦੂ ਦਾ ਗਿਆਨ ਹਾਸਲ ਕਰਨਾ ਕਿਸੇ ਐਰੇ ਗਰੇ ਦਾ ਕੰਮ ਨਹੀਂ। ਉਸਨੇ ਸਿਰਫ ਭਾਸ਼ਾਈ ਗਿਆਨ ਹੀ ਹਾਸਲ ਨਹੀਂ ਕੀਤਾ ਸਗੋਂ ਇਹਨਾਂ ਭਾਸ਼ਾਵਾਂ ਵਿਚ ਸਾਹਿਤ ਸਿਰਜਣਾ ਵੀ ਕੀਤੀ ਹੈ। ਉਹ ਪੰਜਾਬੀ, ਹਿੰਦੀ, ਉਰਦੂ ਵਿੱਚ ਬਹੁਤ ਹੀ ਸ਼ਾਨਦਾਰ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਦੀ ਸਿਰਜਣਾ ਵਿੱਚ ਜੁਟਿਆ ਹੋਇਆ ਹੈ। ਉਹ ਮੰਜੇ ਤੇ ਪਿਆ ਹੈ, ਇੰਟਰਨੈਟ ਦੇ ਆਸਰੇ ਪੂਰੀ ਦੁਨੀਆਂ ਦੇ ਕਾਵਿ ਜਗਤ ਵਿੱਚ ਉਸ ਦਾ ਨਾਂ ਚੱਲ ਰਿਹਾ ਹੈ। ਉਸ ਦੇ ਸ਼ਰਧਾਲੂ, ਕਿਰਪਾਲੂ ਤੇ ਦਿਆਲੂ ਹਰ ਖੇਤਰ ਵਿੱਚ ਮੌਜੂਦ ਹਨ। ਪ੍ਰਿੰ. ਪ੍ਰੋਮਿਲਾ ਅਰੋੜਾ, ਡਾ. ਧਰਮਪਾਲ ਸਾਹਿਲ ਅਤੇ ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ ਦੇ ਸੰਚਾਲਕਾਂ ਨੇ ਉਸਦੀ ਕਲਾ ਨੂੰ ਵਿਸ਼ਵ ਵਿਆਪੀ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। 'ਏ ਜਮਾਨੇ ਬਤਾਫ਼' ਉਸਦੀ ਤੀਸਰੀ ਪੁਸਤਕ ਹੈ। ਜਿਸ ਵਿੱਚ ਹਿੰਦੀ ਦੀਆਂ ਇਕ ਸੌ ਗਜ਼ਲਾਂ ਅਤੇ ਨਜ਼ਮਾਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਾਵਿ ਸੰਗ੍ਰਹਿ ਪਾਠਕਾਂ ਨੂੰ ਦੇਸ਼ ਦੁਨੀਆਂ ਦੀ ਸੈਰ ਕਰਵਾਉਂਦਾ ਹੋਇਆ ਤਲਖ ਹਕੀਕਤਾਂ ਦੇ ਰੂਬਰੂ ਕਰਦਾ ਹੈ।




ਇਸ ਕਾਵਿ ਸੰਗ੍ਰਹਿ ਵਿੱਚ ਸੁਭਾਸ਼ ਪਾਰਸ ਨੇ ਮਨੁੱਖਤਾ ਦੇ ਦਰਦ ਨੂੰ ਬਿਆਨਣ ਦਾ ਉਪਰਾਲਾ ਕੀਤਾ ਹੈ। ਦੇਸ਼ ਅਤੇ ਸਮਾਜ ਵਿੱਚ ਫੈਲੀਆਂ ਵਿਸੰਗਤੀਆਂ ਦਾ ਉਸਨੂੰ ਦਰਦ ਹੈ। ਇਸੇ ਕਰਕੇ ਉਹ ਜਮਾਨੇ ਅੱਗੇ ਕਈ ਸਵਾਲ ਰੱਖਦਾ ਹੈ ਕਿ ਅਜਿਹਾ ਵਰਤਾਰਾ ਕਿਉਂ ਵਰਤ ਰਿਹਾ ਹੈ? ਉਹ ਮੌਕੇ ਦੇ ਹਾਕਮਾਂ ਨੂੰ ਵੀ ਨਹੀਂ ਬਖਸ਼ਦਾ ਸਗੋਂ ਉਹਨਾਂ ਨੂੰ ਆਪਣੇ ਗਿਰੇਬਾਨ ਅੰਦਰ ਝਾਤੀ ਮਾਰਨ ਲਈ ਤਿਆਰ ਕਰਦਾ ਹੈ। ਧੀ ਭੈਣ ਦੀ ਲੁੱਟੀ ਜਾ ਰਹੀ ਇੱਜਤ ਦਾ ਮੰਜਰ ਵੇਖ ਉਹ ਕੁਰਲਾ ਉੱਠਦਾ ਹੈ। ਗਰੀਬੀ ਅਨਪੜ੍ਹਤਾ ਬੇਰੁਜ਼ਗਾਰੀ ਅਨਿਆਂ ਅਤੇ ਨਾ ਬਰਾਬਰੀ ਵਰਗੇ ਵਿਸ਼ਿਆਂ ਨੂੰ ਉਸਨੇ ਆਪਣੀਆਂ ਕਵਿਤਾਵਾਂ ਵਿੱਚ ਬਾਖੂਬੀ ਚਿਤਰਿਆ ਹੈ।ਉਹ ਇੱਕ ਦਰਿਆ ਵਾਂਗ ਵਗਦਾ ਹੋਇਆ ਹਰ ਕਿਸੇ ਦੇ ਦਰਦਾਂ ਨੂੰ ਖਤਮ ਕਰਨਾ ਲੋਚਦਾ ਹੈ। ਇੱਥੇ ਇਹ ਸਤ੍ਹਰਾਂ ਕਾਬਲੇ ਗੌਰ ਹਨ:

ਏਕ ਦਰਿਆ ਹੂੰ ਮੈਂ ਸੁਬਹ ਔਰ ਸ਼ਾਮ ਬਹਿਨਾ ਚਾਹਤਾ ਹੂੰ /ਹਰ ਘੜੀ ਨਏਂ ਸਫਰ ਕੀ ਧੁਨ ਮੇਂ ਰਹਿਨਾ ਚਾਹਤਾ ਹੂੰ /ਪਰਬਤੋਂ ਕਾ ਨਾਪ ਸੀਨਾ ਟੋਹ ਲੂੰ ਮੈਂ ਆਸਮਾ ਕੋ / ਪੰਛੀ ਬਨ ਕਰ ਸਰਹੱਦੋਂ ਕੇ ਪਾਰ ਉਡਨਾ ਚਾਹਤਾ ਹੂੰ । ਇਸ ਤਰ੍ਹਾਂ ਦੀ ਰਚਨਾਤਮਿਕ ਸੋਚ ਨਾਲ ਉਹ ਆਪਣੀ ਸਿਰਜਣਾ ਕਰਦਾ ਹੈ। ਉਸਦੀ ਕਵਿਤਾ ਦੱਬੇ ਕੁਚਲੇ, ਮਿਹਨਤ ਮਜ਼ਦੂਰੀ ਕਰ ਰਹੇ, ਭੁੱਖ ਨਾਲ ਲੜ ਰਹੇ ਲੋਕਾਂ ਦੀ ਆਵਾਜ਼ ਬਣਦੀ ਹੈ। ਕਵੀ ਸਿਰਫ ਮਸਲਿਆਂ ਨੂੰ ਪੇਸ਼ ਹੀ ਨਹੀਂ ਕਰਦਾ ਸਗੋਂ ਉਹਨਾਂ ਦੇ ਹੱਲ ਵੀ ਦਰਸਾਉਂਦਾ ਹੈ। ਉਹ ਦੇਸ਼ ਦੇ ਆਗੂਆਂ ਨੂੰ ਵੰਗਾਰਦਾ ਹੋਇਆ ਆਖਦਾ ਹੈ ਕਿ ਦੇਖੋ ਤੁਸੀਂ ਰੱਜੇ ਪੁੱਜੇ ਹੋ ਤੇ ਜਨਤਾ ਭੁੱਖ ਨਾਲ ਮਰ ਰਹੀ ਹੈ। ਦੇਸ਼ ਵਿੱਚੋਂ ਖਤਮ ਹੋ ਰਹੀ ਇਮਾਨਦਾਰੀ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਪੈ ਰਿਹਾ ਕਾਲ ਵੀ ਉਸ ਦੇ ਦਿਲ ਨੂੰ ਹਲੂਣਦਾ ਹੈ। ਕਵੀ ਦੀ ਤੀਸਰੀ ਅੱਖ ਖੁੱਲ੍ਹੀ ਹੋਣ ਕਰਕੇ ਉਸ ਅੰਦਰ ਸਾਹਿਤ ਦਾ ਦਰਿਆ ਵਗ ਰਿਹਾ ਹੈ। ਉਹ ਹਰ ਕਿਸੇ ਨੂੰ ਇਨਸਾਨੀਅਤ ਦੀ ਪਹਿਰੇਦਾਰੀ ਦਾ ਸਬਕ ਸਿਖਾਉਂਦਾ ਹੈ। ਰਿਸ਼ਤਿਆਂ ਵਿੱਚ ਆਈਆਂ ਗਰਜਾਂ ਕਾਰਨ ਪੈ ਰਹੀਆਂ ਦਰਾੜਾਂ ਦਾ ਵੀ ਉਸ ਨੂੰ ਅਹਿਸਾਸ ਹੈ।ਮਤਲਬ ਪ੍ਰਸਤੀ ਕਾਰਨ ਹੀ ਸਭ ਕੁਝ ਟੁੱਟ ਭੱਜ ਰਿਹਾ ਹੈ।

ਸਮਾਜ ਵਿਚ ਹੁਣ ਵਿਅਕਤੀਵਾਦ ਉਭਰ ਰਿਹਾ ਹੈ। ਦੇਸ਼ ਦੀ ਆਰਥਿਕ, ਸਮਾਜਿਕ, ਰਾਜਨੀਤਿਕ, ਨਿਆਇਕ ਅਤੇ ਪਰਿਵਾਰਿਕ ਵਿਵਸਥਾ ਇਹਨਾਂ ਕਵਿਤਾਵਾਂ ਦੇ ਮੁੱਖ ਵਿਸ਼ੇ ਹਨ। ਘਰ ਨਾਮੀ ਕਵਿਤਾ ਸਾਨੂੰ ਘਰ ਪਰਿਵਾਰ ਅਤੇ ਸਮਾਜ ਦੀਆਂ ਵਿਸ਼ੇਸ਼ਤਾਵਾਂ ਦਰਸਾਉਂਦੀ ਹੋਈ ਇਸ ਇਕਾਈ ਨੂੰ ਕਾਇਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਹ ਗ਼ਜ਼ਲਾਂ ਤੇ ਨਜ਼ਮਾਂ ਜਿੱਥੇ ਸਮਾਜ ਦੇ ਦੁੱਖਾਂ ਦਰਦਾਂ ਨੂੰ ਫਰੋਲਦੀਆਂ ਹਨ ਉੱਥੇ ਸਾਡੇ ਅੰਦਰ ਹੌਸਲਾ ਵੀ ਭਰਦੀਆਂ ਹਨ। ਇੱਕ ਹਿਮਤੀ ਇਨਸਾਨ ਹੀ ਇਸ ਤੰਤਰ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ। ਇਸ ਲਈ ਕਵੀ ਨੌਜਵਾਨਾਂ ਨੂੰ ਸਮਾਜ ਸੁਧਾਰ ਲਈ ਤਿਆਰ ਰਹਿਣ ਲਈ ਕਹਿੰਦਾ ਹੈ। ਜੀਵਨ ਦੇ ਵੰਨ-ਸਵੰਨੇ ਰੰਗਾਂ ਨਾਲ ਭਰਪੂਰ ਇਹ ਕਾਵਿ ਸੰਗ੍ਰਹਿ ਜਿੱਥੇ ਉੱਚ ਪਾਏ ਦਾ ਮਨੋਰੰਜਨ ਪ੍ਰਦਾਨ ਕਰਦਾ ਹੈ ਉਥੇ ਸਾਡੇ ਗਿਆਨ ਵਿੱਚ ਵੀ ਵਾਧਾ ਕਰਦਾ ਹੈ। ਮਨੁੱਖ ਨੂੰ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੋਇਆ ਜਿੰਮੇਵਾਰ ਲੋਕਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਾ ਹੈ। ਕਵੀ ਕੋਲ ਕਾਵਿ ਜੁਗਤਾਂ ਹੋਣ ਕਰਕੇ ਹਰ ਸਤ੍ਹਰ ਪਾਠਕ ਦੇ ਦਿਲ ਦੇ ਡੂੰਘੇ ਕੋਨਿਆਂ ਤੱਕ ਲਹਿ ਜਾਂਦੀ ਹੈ। ਜਸਪਾਲ ਸਿੰਘ ਦਸੂਵੀ ਅਨੁਸਾਰ ਸੁਭਾਸ਼ ਪਾਰਸ ਇੱਕ ਕਵੀ ਹੀ ਨਹੀਂ ਸਗੋਂ ਸੰਘਰਸ਼ ਕਰਨ ਵਾਲੇ ਲੋਕਾਂ ਲਈ ਇਕ ਰਾਹ ਦਸੇਰਾ ਵੀ ਹਨ। ਇਹ ਕਾਵਿ ਸੰਗ੍ਰਹਿ ਸਾਬਤ ਸਬੂਤੇ ਬੰਦਿਆਂ ਨੂੰ ਸੱਚੋ ਸੱਚ ਬਿਆਨਣ ਲਈ ਅਤੇ ਸੱਚਾਈ ਤੇ ਪਹਿਰਾ ਦੇਣ ਲਈ ਤਿਆਰ ਕਰਦਾ ਹੈ।

## नीति और नियत

चाचा जो, बदले- बदले नजर आ रहे हैं।
मोदी तो, मुंह- छुपाए नजर आ रहे हैं

नालंदा का पूरा- क्रेड़िट कैसे दे - दें?।
नीतेश- कांग्रेस साए नजर आ रहे हैं

जिस- मोदी का दब-दबा रहा हर- तरफ यहां।
राहुल के आगे, बौने नजर आ रहे हैं

समय- बदला है, झूंठी- हकीकतें खुलेंगीं।
वो- अब अन्यायों से ड़रे नजर आ रहे हैं

नीति और नियत पे, सरकार बोलेगी कब? ।
इंड़िया से सभी- लड़ते नजर आ रहे हैं

हकीकत- क्या है मोदी की यहां 'गौतम' ।
झूंठे- नारों के लहजे नजर आ रहे हैं

डा. आर. बी. गौतम 'आरजी'
(न्यू जरसी, अमेरिका)

## ਜੂਨ 19 ਦੀ ਰਾਸ਼ਟਰੀ (ਫ਼ੈਡਰਲ) ਛੁੱਟੀ

ਜੂਨ 19, 1860 ਨੂੰ ਅਫ਼ਰੀਕਨ ਸਿਆਹ ਲੋਕਾਂ ਨੇ ਆਜ਼ਾਦੀ ਮਿਲਣ ਉਪਰੰਤ ਯੂ.ਐਸ.ਏ. ਦੇ ਟੈਕਸਸ ਸੂਬੇ ਵਿੱਚ ਜਸ਼ਨ ਮਨਾਏ। ਸਿਆਹ ਲੋਕਾਂ ਵੱਲੋਂ ਮਨੁੱਖ ਹੋਣ ਦੀ ਮਾਨਤਾ ਦੇ ਕੀਤੇ ਸੰਘਰਸ਼ ਦੀ ਜਿੱਤ ਸਦਕਾ ਜੂਨ 19 2021 ਨੂੰ ਯੂ.ਐਸ.ਏ. (ਅਮਰੀਕਾ) ਦੇ ਰਾਸ਼ਟਰਪਤੀ ਸ੍ਰੀ ਜੋਅ ਬਾਈਡਨ ਨੇ ਸਿਆਹ ਲੋਕਾਂ ਦੀ ਹੋਈ ਜਿੱਤ ਦੀ ਯਾਦ ਵਿੱਚ ਜੂਨ 19 ਦੀ ਰਾਸ਼ਟਰੀ (ਫ਼ੈਡਰਲ) ਛੁੱਟੀ ਦਾ ਐਲਾਨ ਕੀਤਾ, ਜਿਸ ਨੂੰ ਜੂਨ 19 ਟੀਨ ਕਹਿਕੇ ਨਾਮ ਦਿੱਤਾ।

ਆਜ਼ਾਦੀ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਮਨੁੱਖ ਦੀ ਹੋਂਦ ਨੂੰ ਰੰਗ ਭੇਦ, ਊਚ-ਨੀਚ, ਜਾਤ-ਪਾਤ ਅਤੇ ਗਰੀਬੀ-ਅਮੀਰੀ ਦੇ ਅਧਾਰ ਦੁਆਰਾ ਟੋਟੇ ਕਰਨ ਜਾਂ ਵੰਡਣ ਵਾਲੇ ਲੁਟੇਰੇ ਪ੍ਰਬੰਧ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ।

ਸੰਸਾਰ ਭਰ ਦੇ ਮਨੁੱਖੀ ਆਜ਼ਾਦੀ ਦੇ ਸੰਘਰਸ਼ ਵਿੱਚ ਹੋਏ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**ਵੱਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ।**
**ਮਨਮੋਹਨ ਪੂਨੀ**

ਜਦੋਂ ਮਨੁੱਖ ਦੇ ਅੰਤਰੀਵ (Inner-self) 'ਚੋਂ ਨਿਕਲੇ ਸ਼ਬਦ ਕਿਰਤੀ-ਵਰਗ (ਕਿਸਾਨ , ਮਜ਼ਦੂਰ ਅਤੇ ਮੁਲਾਜ਼ਮ) ਦੇ ਜੀਵਨ ਸੰਘਰਸ਼ ਨੂੰ ਦਰਸਾਉਣਗੇ , ਫਿਰ ਪੂਰਨ ਆਜ਼ਾਦੀ (ਬਰਾਬਰਤਾ ਅਤੇ ਸਮਾਜੀ ਖ਼ੁਸ਼ਹਾਲੀ) ਨੂੰ ਆਉਣ ਤੋਂ ਵੱਡੀ ਤੋਂ ਵੱਡੀ ਤਾਕਤ ਵੀ ਰੋਕ ਨਹੀਂ ਸਕਦੀ।

**ਮਨਮੋਹਨ ਪੂਨੀ (ਨਿਊਯਾਰਕ)**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

(ਮੀਂਹ ਦੀ ਹਰ ਤਿੱਪ ਸਾਂਭਣੀ ਪਵੇਗੀ)

# ਵਿਰਾਟ 'ਜਲ-ਸੰਕਟ' ਵੱਲ ਵੱਧ ਰਹੇ ਹਾਂ, ਅਸੀਂ



ਵਿਜੈ ਬੰਬੇਲੀ
91-94634-39075

ਪਾਣੀ; ਸਾਡੀ ਸਮਾਜਿਕ, ਆਰਥਿਕ ਤੇ ਰਾਜਨੀਤਕ ਸ਼ਕਤੀ ਹੈ।ਕੁਦਰਤ ਦਾ ਅਦਭੁੱਤ ਕ੍ਰਿਸ਼ਮਾ, ਜ਼ਿੰਦਗੀ ਦਾ ਧਰੋਹਰ। ਕਦੇ, ਅਸੀਂ ਜਲ ਨਾਲ ਸ਼ਰਸਾਰ ਸਾਂ। ਹੁਣ; ਦੁਨੀਆਂ ਦੀ ਕੁੱਲ ਵਸੋਂ ਦਾ 18% ਸਾਡੇ ਦੇਸ਼ 'ਚ ਵਸਦਾ ਹੈ ਪਰ ਧਰਤੀ ਦੇ ਕੁੱਲ ਜਲ-ਸਰੋਤਾਂ 'ਚੋਂ ਸਾਡੇ ਕੋਲ ਮਸਾਂ 4% ਹਨ। 2030 ਤੱਕ ਜਿਹੜੇ 33 ਮੁਲਕ ਗੰਭੀਰ ਜਲ-ਸੰਕਟ ਦੇ ਸ਼ਿਕਾਰ ਹੋ ਜਾਣਗੇ, ਭਾਰਤ ਉਹਨਾਂ ਵਿੱਚੋਂ ਇੱਕ ਹੈ। ਭਾਰਤ ਦੇ ਜਿਹਨਾਂ 13 ਰਾਜਾਂ 'ਚ ਗੰਭੀਰ ਜਲ ਸੰਕਟ ਪਨਪ ਰਿਹਾ ਹੈ, ਪੰਜਾਬ ਉਹਨਾਂ ਵਿੱਚ ਇੱਕ ਹੈ। ਮੁਲਕ ਦੇ ਜਿਹੜੇ 258 ਜ਼ਿਲਿਆਂ 'ਚ ਗੰਭੀਰ ਜਲ ਸੰਕਟ ਹੋਣ ਜਾ ਰਿਹਾ ਹੈ, ਪੰਜਾਬ ਦੇ 17 ਜ਼ਿਲੇ ਉਹਨਾਂ ਵਿੱਚ ਸ਼ੁਮਾਰ ਹਨ।'ਨੈਸ਼ਨਲ ਗਰੀਨ ਟ੍ਰਬਿਊਨਲ' ਅਨੁਸਾਰ ਪੰਜਾਬ ਦੇ ਜਲ-ਵਹਿਣ ਸੁੱਕ ਚੱਲੇ ਹਨ ਅਤੇ ਇਸਦੀ ਧਰਤੀ ਹੇਠ ਸਿਰਫ 17 ਵਰ੍ਹਿਆਂ ਦੀ ਵਰਤੋਂ ਯੋਗਾ ਹੀ ਪਾਣੀ ਬਚਿਆ ਹੈ, ਉਹ ਵੀ ਬੇਅੰਤ ਡੂੰਘਾਂ।

ਬੀਤੀ ਸਦੀ ਦੇ ਸ਼ੁਰੂ 'ਚ ਪ੍ਰਤੀ ਵਿਅਕਤੀ ਜਲ-ਉਪਲੱਬਧੀ 8192 ਘਣ ਮੀਟਰ ਹਰ ਸਾਲ ਸੀ।ਜਿਹੜੀ ਆਜ਼ਾਦੀ ਤੋਂ ਅੱਧੀ ਸਦੀ ਬਾਅਦ ਹੀ 5694 ਘ.ਮੀ. ਰਹਿ ਗਈ ਸੀ। ਕਾਰਨ; ਆਬਾਦੀ ਵਾਧਾ ਅਤੇ ਪਾਣੀ ਦਾ ਦੁਰ-ਪ੍ਰਬੰਧ/ਦੁਰ-ਪ੍ਰਬੰਧ। ਡਗਰ ਇਹੀ ਰਹੀ, ਤਾਂ; 2050 ਤਾਂਈ ਇਹ 158 ਕਰੋੜ ਹੋ ਜਾਵੇਗੀ। ਇੰਜ ਪ੍ਰਤੀ ਸਾਲ ਹਰ ਵਿਅਕਤੀ ਦੇ ਹਿੱਸੇ ਔਸਤਨ 1235 ਘ.ਮੀ ਪਾਣੀ ਹੀ ਰਹਿ ਜਾਵੇਗਾ, ਜਿਹੜਾ ਤਾ-ਕਿਸਮ ਦੀ ਵਿਅਕਤੀਗਤ ਲੋੜ (2500 ਘਣ ਮੀਟਰ) ਦਾ ਅੱਧ ਹੈ। ਉਦਾਹਰਣ ਵਜੋਂ; ਕਿੱਲੋ ਚੀਨੀ ਹਿੱਤ 2000 ਲੀਟਰ, ਇੱਕ ਕਿੱਲੋ ਚੋਲਾਂ ਲਈ ਔਸਤਨ 4000 ਲੀਟਰ, ਇੱਕ ਟਨ ਸੀਮਿੰਟ ਬਨਾਉਣ ਲਈ 8000 ਅਤੇ ਟਨ ਲੋਹਾ ਨਿਰਮਾਣ ਲਈ ਤਕਰੀਬਨ 20000 ਲੀਟਰ ਪਾਣੀ ਦੀ ਲੋੜ ਪੈਂਦੀ ਹੈ। ਹਾਂ;ਹੁਣ ਬਹੁਤੀਆਂ ਵਸਤਾਂ ਵਗੈਰ, ਕੁੱਝ-ਇਕ ਤੋਂ ਬਿਨਾਂ, ਜੀਵਨ ਨਿਰਬਾਹ ਸੰਭਵ ਨਹੀਂ ਪਰ ਸੰਜਮੀ ਵਰਤੋਂ ਤਾਂ ਕੀਤੀ ਜਾ ਸਕਦੀ ਹੈ। ਭਲਾ! ਲੀਟਰ ਕੁ ਸਾਫਟ ਡਰਿੰਕ ਬਨਾਉਣ ਲਈ 80 ਲੀਟਰ ਤੱਕ ਜਲ-ਖੱਪਤ ਅਤੇ ਮਹਿਜ਼ ਇੱਕ ਗਲਾਸੀ ਬੀਅਰ/ਵਾਈਨ ਬਦਲੇ 250 ਲੀਟਰ ਪਾਣੀ ਵਰਤਣਾ ਉੱਜਡਪੁਣਾ ਨਹੀਂ?

ਸੰਨ '50 ਤੱਕ, ਡੇਢ ਅਰਬ ਢਿੱਡ ਭਰਨ ਲਈ, ਭਾਰਤੀ ਧਰਤੀ (ਜਲ-ਜੰਗਲ-ਜ਼ਮੀਨ ਅਤੇ ਸਮੁੰਦਰ ਤੇ ਪਹਾੜਾਂ) 'ਤੇ ਬੇਹਤਾਸ਼ਾ ਬੋਝ ਵਧੇਗਾ। ਸਿੱਟੇ ਵਜੋਂ; ਬੇਹੱਦ ਅਲਾਮਤਾਂ ਦਰਪੇਸ਼ ਹੋਣਗੀਆਂ। ਮੈਂ ਸਿਰਫ ਪਾਣੀ,ਖਾਸ ਕਰਕੇ ਧਰਤੀ ਹੇਠਲੇ, ਨੂੰ ਹੀ ਸੰਬੋਧਿਤ ਹੋਵਾਂਗਾ। ਸਿਰਫ ਖੇਤੀ-ਸਿੰਚਾਈ ਲਈ ਹੀ ਲੋੜੀਂਦੇ 808 ਅਰਬ ਘਣ ਮੀਟਰ ਪਾਣੀ ਹਿੱਤ ਵਗਦੇ ਜਾਂ ਖੜ੍ਹੇ ਜਲ-ਸੋਮਿਆਂ (ਜਿਹੜੇ ਤੇਜ਼ੀ ਨਾਲ ਘੱਟਦੇ ਜਾ ਰਹੇ ਹਨ) ਦੀ ਬੇਕਿਰਕ/ਸੰਭਾਵਿਤ ਵਰਤੋਂ ਤੋਂ ਬਿਨਾਂ ਭਾਰਤੀ ਧਰਤੀ ਵਿੱਚੋਂ ਹੀ ਕਰੀਬ 447 ਅਰਬ ਘਣ ਮੀਟਰ, ਖ਼ਤਰਨਾਕ ਹੱਦ ਤੋਂ ਕਿਤੇ ਜ਼ਿਆਦਾ, ਪਾਣੀ ਖਿੱਚਿਆ ਜਾਵੇਗਾ। ਨਤੀਜਾ; ਜਲ-ਤੱਗੀ ਤਹਿਸ਼-ਨਹਿਸ਼ ਹੋ ਜਾਵੇਗੀ। ਬੀਤੇ ਦੋ ਦਹਾਕੇ ਵਿਚ ਹੀ ਭਾਰਤ ਵਿਚ ਜ਼ਮੀਨੀ ਪਾਣੀ ਕੱਢਣ ਦੀ ਦਰ ਵਿਚ 10 ਗੁਣਾਂ ਵਾਧਾ ਹੋਇਆ ਹੈ। ਕੁੱਲ ਬਿਜਲੀ ਉਤਪਾਦਨ ਦਾ 5ਵਾਂ ਹਿੱਸਾ (20%) ਇਸੇ ਕਾਰਜ਼ ਵਿੱਚ ਖਪਤ ਹੋ ਜਾਂਦਾ ਹੈ।ਜਿਥੇ ਪਾਣੀ ਅਤੇ ਸਿੰਚਾਈ ਬਿਜਲੀ ਮੁਫਤ ਹੈ,ਉਥੇ ਹਾਲਤਾਂ ਬੇਹੱਦ ਦੁੱਭਰ ਹਨ।ਚਾਹੀਦਾ ਇਹ ਹੈ ਕਿ ਬਿਜਲੀ ਦੀ ਸਪਲਾਈ ਨਿਰੰਤਰ ਕਰਕੇ ਵਾਜ਼ਬ ਰੇਟਾਂ 'ਤੇ ਪਾਣੀ ਦੀ ਵਿਗਿਆਨਕ ਅਤੇ ਸੰਜ਼ਮੀ ਵਰਤੋਂ ਹੋਵੇ।ਦਰ-ਹਕੀਕਤ; ਸਾਮਰਾਜ, ਧੰਨ ਕੁਬੇਰਾਂ ਅਤੇ ਉਹਨਾਂ ਦੀਆਂ ਦਲਾਲ ਹਾਕਮ ਜਮਾਤਾਂ ਨੇ "ਹਰੇ ਇਨਕਲਾਬ" ਦੇ ਨਾਂਅ ਹੇਠ "ਵਿਉਂਤਬੱਧ ਚਾਲ", 'ਅਖੌਤੀ ਆਰਥਿਕ ਚੋਗਾ ਅਤੇ ਪੜੁੱਲ ਬੰਨਵੀਂ ਬੱਲੇ-ਬੱਲੇ', ਨਾਲ ਸਾਡੀ ਰਿਵਾਇਤੀ ਖੇਤੀ ਤਬਾਹ ਕਰਕੇ, ਆਪਣੇ ਹਿੱਤਾ ਨੂੰ ਰਾਸ ਆਉਂਦਾ ਅਜਿਹਾ ਫਸਲੀ ਚੱਕਰ ਸ਼ੁਰੂ ਕਰਵਾਇਆ ਜਿਸਨੇ ਪੰਜਾਬ ਦਾ ਸਾਵਾਂ ਜਲਵਾਯੂ, ਕੁਦਰਤਰਨ ਜਰਖੇਜ਼ ਮਿੱਟੀ ਅਤੇ ਜਲ ਸੋਮੇ ਨਿਗਲ ਲਏ।

ਵਰਖੇਈ ਅਤੇ ਵਗਦੇ-ਖੜ੍ਹੋਤੇ ਪਾਣੀਆਂ ਨਾਲ,ਹਰ ਵਰ੍ਹੇਂ, ਸਾਡੀ ਜਿੰਨੀ ਕੁ ਜਲ ਤੱਗੀ ਜ਼ਰਖੇਜ਼ ਹੁੰਦੀ ਹੈ ਉਹ ਸਿਰਫ 17 ਅਰਬ ਘਣ ਮੀਟਰ ਹੈ। ਪਰ, ਮੌਜੂਦਾ ਸਮੇਂ ਪੰਜਾਬ 28 ਅਰਬ ਘਣ ਮੀਟਰ ਪਾਣੀ ਧਰਤੀ ਹੇਠੋਂ ਖਿੱਚਦਾ ਹੈ। ਜਿਸ ਨਾਲ ਕਈ ਹੋਰ ਕੁਦਰਤੀ ਅਲਾਮਤਾਂ, ਮਿੱਟੀ ਦਾ ਗਰਕਣਾ, ਭੁਚਾਲ ਅਤੇ ਬੇਹੱਦ ਤਪਸ਼ ਆਦਿ, ਸ਼ੁਰੂ ਹੋ ਜਾਣਗੀਆਂ। ਸ਼ਾਇਦ; ਤੁਹਾਨੂੰ ਨਹੀਂ ਪਤਾ ਕਿ; ਧਰਤੀ ਦੀਆਂ ਅੰਦਰੂਨੀ ਪਲੇਟਾਂ ਦੀਆਂ



ਵਿਰਲਾਂ ਵਿਚ ਭਰਿਆ ਪਾਣੀ ਧਰਤੀ ਨੂੰ ਬੋਚਕੇ ਰੱਖਦਾ ਹੈ,ਸਾਵੇਂ ਮੌਸਮਾਂ ਦਾ ਨਿਆਂਈ ਹੈ ਅਤੇ ਧਰਤੀ ਨੂੰ ਠੰਡਾ ਰੱਖਦਾ ਹੈ।ਠੀਕ ਹੈ ਕਿ ਕਈ ਉਦਯੋਗ ਬੇਹਤਾਸ਼ਾ ਜ਼ਮੀਨ ਦੋਜ਼ ਪਾਣੀ ਖਿੱਚਦੇ, ਗੰਧਲਾਉਂਦੇ ਅਤੇ ਉਸਦੀ ਦੁਰਵਰਤੋਂ ਕਰਦੇ ਹਨ ਪਰ ਪੰਜਾਬ ਵਿਚ ਕਿੰਨੇ ਕੁ ਉਦਯੋਗ ਹਨ? ਇਕ ਸਰਵੇ ਮੁਤਾਬਿਕ,ਪੰਜਾਬ ਖੇਤੀ ਲਈ 70%,ਘਰੇਲੂ ਵਰਤੋਂ ਲਈ 11%, ਉਦਯੋਗਾਂ ਹਿੱਤ 8.ਗ ਅਤੇ ਹੋਰ ਕਾਰਜ਼ਾ ਲਈ 5 ਫੀਸਦੀ ਵਰਤੋਂ ਕਰਦਾ ਹੈ।ਚੇਤੇ ਰੱਖੋ;ਜੇ 30% ਜ਼ਮੀਨ ਦੋਜ਼ ਪਾਣੀ ਵਰਤੀਏ ਤਦ 70% ਰੀਚਾਰਜ਼ ਦੀ ਲੋੜ ਹੈ, ਇਸੇ ਨਾਲ ਹੀ ਸਾਵਾਂਪਨ ਬਰਕਰਾਰ ਰਹਿੰਦਾ ਹੈ। ਫੀਸਦੀ 40 ਦੀ ਵਰਤੋਂ ਖ਼ਤਰੇ ਦੀ ਨਿਸ਼ਾਨੀ ਹੈ। ਜੇ ਵਰਤੋਂ 70% ਹੋ ਜਾਵੇ ਤਦ ਇਹ ਭਿਅੰਕਰ ਹਾਲਾਤ ਹਨ। ਪਰ; ਪੰਜਾਬ ਤਾਂ 156 ਫੀਸਦੀ ਧਰਤੀ ਹੇਠੋਂ ਪਾਣੀ ਖਿੱਚ ਰਿਹਾ ਹੈ। ਜਾਣੀ ਆਮਦਨ 100 ਰੁਪਈਆ ਅਤੇ ਖਰਚਾ 156 ਰੁਪੈ। ਅਰਥਾਤ; ਪੈਰ ਹੀ ਚਾਦਰ ਤੋਂ ਬਾਹਰ ਨਹੀਂ ਧੜ ਹੀ ਚਾਦਰ ਤੋਂ ਬਾਹਰ ਹੋ ਗਿਆ ਹੈ।

ਖੇਤੀ, ਪੰਜਾਬ ਦੀ ਸਾਹ-ਰਗ ਹੈ, ਇਸਦਾ ਜ਼ਿੰਦਾ ਰਹਿਣਾ ਬੇਹੱਦ ਜਰੂਰੀ ਹੈ। ਤੁਰਤ ਪੈਰੀਂ ਬਹੁਪਰਤੀ ਖੇਤੀ ਕਰਨ ਅਤੇ ਫਸ.ਲੀ ਚੱਕਰ ਬਦਲਣ ਦੀ ਲੋੜ ਹੈ, ਜਿਸ ਲਈ ਹਰ ਤਰ੍ਹਾਂ ਦੀ ਪੈਦਾਵਾਰ ਦੀ ਯਕੀਨੀ ਖਰੀਦ ਅਤੇ ਵਾਜ਼ਬ ਮੁੱਲ ਨਿਰਧਾਰਤ ਕਰਨੇ ਚਾਹੀਦੇ ਹਨ। ਇਹੀ ਨਹੀਂ,ਵਿਗਿਆਨਕ ਸਿੰਚਾਈ ਅਤੇ ਵਰਖਾ ਨੂੰ ਸਾਂਭਣ-ਸਲੂਟਣ ਅਤੇ ਮੀਂਹ ਦੀ ਸੁਯੋਗ ਵਰਤੋਂ ਕਰਨੀ ਵੀ ਨਿਹਾਇਤ ਜਰੂਰੀ ਹੈ। ਪੰਜਾਬ, ਸਿੰਚਾਈ ਹਿੱਤ ਫਲੱਡ ਇਰੀਗੇਸ਼ਨ ਕਰਦਾ ਹੈ,ਜਿਸ ਨਾਲ ਮੁੱਖ ਕੱਚੀਆ ਖਾਲਾਂ ਅਤੇ ਢਲਾਣੀ ਤੇ ਵੱਡੇ ਕਿਆਰਿਆ ਨਾਲ ਬਹੁਤਾ ਪਾਣੀ ਵੱਖ-ਵੱਖ ਕਾਰਕਾ ਤਹਿਤ ਅੰਜਾਈ ਚਲੇ ਜਾਂਦਾ ਹੈ। ਇਸ ਵਿਧੀ ਨਾਲ 100% 'ਚੋਂ ਸਿਰਫ 40% ਪਾਣੀ ਹੀ ਅਸਲ ਮੁਕਾਮ 'ਤੇ ਪਹੁੰਚਦਾ ਹੈ। ਜਾਣੀ 60% ਸਿੰਚਾਈ ਪਾਣੀ (ਆਡਾਂ ਰਾਹੀਂ 25%, ਦੋਸ਼ਪੁਰਨ ਢੰਗ ਤਹਿਤ 20% ਅਤੇ ਖੇਤ 'ਚ ਪਹੁੰਚਣ ਤੱਕ 15%) ਪਹਿਲਾਂ ਹੀ ਬੇਅਰਥ ਹੋ ਜਾਂਦਾ ਹੈ। ਬਾਕੀ 40% ਵਿਚੋਂ (15% ਜੀਰ ਜਾਂਦਾ ਹੈ, 20% ਵਾਪਸ਼ੀਕਰਨ ਨਾਲ ਉੱਡ ਜਾਂਦਾ ਹੈ) ਸਿਰਫ 5% ਪਾਣੀ ਦੀ ਹੀ ਪੌਦਾ ਵਰਤੋਂ ਕਰ ਸਕਦਾ ਹੈ। ਦਰ-ਹਕੀਕਤ;ਇਸ ਸਾਰੇ ਤੋਂ ਮੁਕੰਮਲ ਬਚਿਆ ਨਹੀਂ ਜਾ ਸਕਦਾ। ਹਾਂ;ਜ਼ਮੀਨ ਦੋਜ਼ ਪੱਕੀ ਨਾਲੀ 25-35%, ਫੁਆਰਾਂ ਸਿੰਚਾਈ 50-60% ਅਤੇ ਤੁਪਕਾ ਸਿੰਚਾਈ 70-80% ਸਿੰਚਾਈ ਪਾਣੀ ਬਚਾਉਂਦੀ ਹੈ। ਮੌੜਵ੍ਹੇਂ ਰੂਪ 'ਚ ਊਰਜਾ, ਸਰਕਾਰੀ-ਗੈਰਸਰਕਾਰੀ ਅਸਾਸਿਆ ਸਮੇਤ, ਸਮਾਂ ਅਤੇ ਖਾਲਾਂ ਹੇਠਲੀ ਜ਼ਮੀਨ ਦੀ ਬੱਚਤ ਸਮੇਤ ਨਦੀਨਾਂ/ਨਦੀਨ ਨਾਸ਼ਕਾਂ, ਕੀਟਾਂ/ਕੀਟ ਨਾਸ਼ਕਾਂ, ਟੁੱਟ-ਭੱਜ ਅਤੇ ਵਾਤਾਵਰਣ ਦੀ ਵੀ ਬੇਹੱਦ ਬੱਚਤ ਹੁੰਦੀ ਹੈ। "ਬਿਜਲੀ-ਪਾਣੀ ਮੁਫਤ" ਦੀ ਬਜਾਏ 'ਸਰਕਾਰ' ਵਿਗਿਆਨਕ ਸਿੰਚਾਈ ਪ੍ਰਨਾਲੀਆਂ ਦੇ ਸਸਤੀਕਰਨ ਸਮੇਤ ਮੀਂਹ ਦੇ ਪਾਣੀ ਨੂੰ ਸਾਂਭਣ-ਵਰਤਣ ਦੇ ਪੁਖਤਾ ਪ੍ਰਬੰਧ ਕਰੇ।

ਵਰਖਾ, ਜੋ ਪਾਣੀ ਦਾ ਮੁੱਢਲਾਂ ਸੋਮਾ ਹੈ, ਵਜੋਂ ਕੁਦਰਤ ਸਾਡੇ 'ਤੇ ਬੜੀ ਦਿਆਲ ਸੀ/ਹੈ। ਪਰ, ਅਸੀਂ ਇਸਦੀ ਕਦਰ ਨਹੀਂ ਕਰਦੇ। ਸਾਡੇ ਦੇਸ਼ ਵਿੱਚ ਹਰ ਸਾਲ ਕਰੀਬ 4000 ਅਰਬ ਘਣ ਮੀਟਰ ਮੀਂਹ ਪੈਂਦਾ ਸੀ/ਹੈ। ਭਾਰਤ ਵਿੱਚ ਔਸਤਨ ਸਾਲਾਨਾ ਵਰਖਾ 1200 ਮਿ.ਮੀ. ਪੈਂਦੀ ਸੀ/ਹੈ। ਪ੍ਰੰਤੂ; ਇਸਦਾ 70% ਹਿੱਸਾ ਬਰਸਾਤਾਂ ਦੇ ਮਾਤਰ 100 ਕੁ ਦਿਨਾਂ ਵਿੱਚ ਹੀ ਵਰ੍ਹ ਜਾਂਦਾ ਹੈ। ਭੂਗੋਲਿਕ ਅਤੇ ਬਨਸਪਤਨ ਸਥਿਤੀਆ ਅਨੁਸਾਰ ਕਿਤੇ ਬਹੁਤਾ, ਕਿਤੇ ਮੂਲੋਂ ਘੱਟ। ਇਸਦਾ ਅੱਧਾ ਮਹਿਜ਼ 50-100 ਘੜੀਆਂ ਵਿੱਚ ਹੀ, ਜਿਸਨੂੰ ਮੁਸਲੇਧਾਰ ਮੀਂਹ ਕਿਹਾ ਜਾਂਦਾ ਹੈ। ਇਹੀ ਪਾਣੀ ਸਾਨੂੰ ਰੋੜ੍ਹਦਾ, ਖੋਰ੍ਹਦਾ, ਨੁਕਸਾਨਦਾ ਹੈ। ਸਾਡੀਆਂ ਨਲਾਇਕੀਆਂ-ਲਾਲਸਾਵਾਂ ਕਾਰਨ ਵਰਖਾ ਅਤੇ ਜਲ-ਵਹਿਣ ਗੜਬੜਾ ਗਏ ਹਨ। ਸਾਂਵੀ ਵਰਖਾ ਲਈ ਸਾਨੂੰ ਉਹ ਕਾਰਕ ਵੀ ਮੁੜ-ਸਿਰਜਣੇ ਪੈਣੇ ਹਨ, ਜਿਹੜੇ ਵਰਖਾ ਵਰ੍ਹਾਉਣ 'ਚ ਸਹਾਈ ਹੁੰਦੇ ਹਨ ਅਤੇ ਉਹ ਕਾਰਨ ਤੱਜਣੇ ਪੈਣੇ ਹਨ ਜਿਹਨਾਂ ਕਾਰਨ ਵਰਖਾ ਰੁੱਸ ਗਈ ਹੈ।

ਕੀ ਵਰਖਾ ਦੀ ਮੌਜੂਦਾ ਦਰ ਵੀ ਜਾਰੀ ਰਹੇਗੀ? ਇਹ ਵੀ ਅਸੰਭਵ ਜਾਪਦੀ ਹੈ। ਮਨੁੱਖ ਵਲੋਂ ਖੁਦ-ਸਿਰਜੀ ਆਲਮੀ ਤਪਸ਼ ਨੇ ਮੌਸਮ ਗੜ੍ਹਬੜਾ ਦਿੱਤੇ ਹਨ। ਧਰਤੀ ਦਾ ਤਾਪਮਾਨ ਡੇਢ ਡਿਗਰੀ ਵੀ ਵੱਧ ਜਾਵੇ, ਤਦ ਮੀਂਹ ਪੈਣ ਦੀ ਸੰਭਾਵਨਾ 10% ਘੱਟ ਜਾਂਦੀ ਹੈ ਅਤੇ ਜਲ-ਵਹਿਣਾਂ ਦੇ ਵਹਾਅ ਵਿੱਚ 60% ਦੀ ਕਮੀ ਆ ਜਾਂਦੀ ਹੈ। ਦਰ-ਹਕੀਕਤ;ਕੁਦਰਤ, ਇੱਕ ਜਲ-ਚੱਕਰ ਦੇ ਰੂਪ ਵਿੱਚ ਸਾਨੂੰ ਪਾਣੀ ਦਿੰਦੀ ਹੈ। ਅਸੀਂ ਉਸ ਚੱਕਰ ਦਾ ਮਹੱਤਵਪੂਰਨ ਹਿੱਸਾ ਹਾਂ। ਇਸ ਚੱਕਰ ਨੂੰ ਚੱਲਦਾ ਰੱਖਣਾ ਸਾਡੀ ਜ਼ਿਮੇਵਾਰੀ ਹੈ। ਇਹ ਚੱਕਰ ਤਦ ਹੀ ਚਲਦਾ ਰਹਿ ਸਕਦਾ ਹੈ, ਜੇ ਜੰਗਲ, ਪਹਾੜ, ਜਲ-ਵਹਿਣ, ਜਲ-ਸੋਮੇ, ਜੀਵ-ਜੰਤੂ ਭਾਵ ਕੁਦਰਤੀ ਸਮਤੋਲ ਅਤੇ ਸ਼ੁੱਧ ਤੇ ਸਾਂਵੇ ਵਾਤਾਵਰਣ ਸਮੇਤ ਉਹ ਸਾਰੇ ਕਾਰਕ ਜਿਉਂਦੇ ਰਹਿਣ ਜੋ ਸਾਵੀਂ ਮੌਨਸੂਨ (ਜਲ-ਚੱਕਰ) ਲਈ ਨਿਹਾਇਤ ਜਰੂਰੀ ਹਨ। ਇਸ ਚੱਕਰ ਦਾ ਰੁੱਕ ਜਾਣਾ ਜੀਵਨ ਦਾ ਅੰਤ ਹੈ। ਜਲ-ਸੰਕਟ ਦਾ ਹਕੀਕੀ-ਹੱਲ ਲੋਕ-ਪੱਖੀ ਨਿਜ਼ਾਮ ਅਤੇ ਸਾਦੀ ਜੀਵਨ-ਜਾਂਚ ਨਾਲ ਵੀ ਬੱਝਾ ਹੋਇਆ ਹੈ।

ਸਾਡੇ ਦੇਸ਼ ਵਿੱਚ ਮੀਹਾਂ ਤੇ ਬਾਰਾਂ ਮਾਸੀ ਨਦੀਆਂ ਰਾਹੀਂ ਲੱਗਪਗ 5000 ਘਣ ਕਿਲੋਮੀਟਰ ਵਰਖੇਈ ਅਤੇ ਬਰਫਾਨੀ ਪਾਣੀ ਆਉਂਦਾ ਸੀ/ਹੈ। ਪ੍ਰੰਤੂ; ਅਸੀਂ ਸਿਰਫ 8.ਗ (320 ਅ.ਘ.ਮੀ.) ਹੀ ਸਾਂਭਦੇ-ਸਲੂਟਦੇ ਹਾਂ। ਉਪਯੋਗੀ ਲੋੜ 1250 ਹੈ। ਸੋ, ਬਾਕੀ ਧਰਤੀ ਵਿੱਚੋਂ ਕੱਢਿਆ ਜਾਂਦਾ ਹੈ। ਕਰੀਬ 65% ਪਾਣੀ ਖੇਤੀ ਲਈ ਅਤੇ ਥੋੜ੍ਹੇ-ਬਹੁਤੇ ਫਰਕ ਨਾਲ 20% ਉਦਯੋਗਾਂ ਤੇ 15% ਘਰੇਲੂ ਵਰਤੋਂ ਲਈ ਹੋ ਰਿਹਾ ਹੈ। ਬਿਨਾਂ ਸ਼ੱਕ' ਵੱਧ ਵੇਸਟੇਜ਼ ਤੇ ਗੰਧਲਾਂ ਉਦਯੋਗ ਕਰਦੇ ਹਨ ਪਰੰਤੂ ਬਹੁ-ਪਰਤੀ ਹਾਈਬਰੈਡਡ ਘਣੀ-ਖੇਤੀ ਤੇ ਗੈਰ-ਸਿਆਣਪੀ ਸਿੰਚਾਈ ਨੂੰ ਦਰ-ਕਿਨਾਰ ਨਹੀਂ ਕੀਤਾ ਜਾ ਸਕਦਾ।

ਉਦਯੋਗੀ ਧੰਨ-ਕੁਬੇਰਾਂ,ਜਿਹੜੇ ਦਿਨ-ਰਾਤ ਪਤਾਲ 'ਚੋਂ ਮਣਾਂ-ਮੂੰਹੀ ਪਾਣੀ ਖਿੱਚ ਰਹੇ ਹਨ, ਨੂੰ ਨੱਥ ਮਾਰਨ ਸਮੇਤ ਭੂਗੋਲਿਕ ਅਤੇ ਜਲ-ਸਥਿਤੀ ਅਤੇ ਕੁਦਰਤ ਮੇਚਵੀਆਂ ਬਹੁ-ਪਰਤੀ ਫਸਲਾਂ ਅਤੇ ਵਿਗਿਆਨਕ ਤੇ ਮਿਣਵੀਂ ਸਿੰਚਾਈ ਪ੍ਰਨਾਲੀ ਵੱਲ ਤੁਰੰਤ ਮੁੜਨਾ ਪਵੇਗਾ। ਗੈਰ-ਕੁਦਰਤੀ ਦਰਿਆਈ ਸਮਝੋਤੇ ਨਵਿਆ ਜਾਂ ਤੱਜ ਕੇ, ਨਹਿਰੀ ਤਾਣਾ-ਬਾਣਾ, ਜਿਹੜਾ ਮਿੱਟੀ ਨੂੰ ਜਰਖੇਜ਼ ਬਣਾਉਂਦਾ ਹੈ, ਸਿਰਜਣਾ, ਫੌਰੀ ਅਤੇ ਅਹਿਮ ਕਾਰਜ ਹੈ। ਸਾਮਰਾਜੀਆਂ/ਧੰਨ ਕੁਬੇਰਾਂ ਵਲੋਂ ਜਲ ਸੋਮਿਆਂ ਨੂੰ ਹਥਿਆ ਕਿ ਇਸਨੂੰ ਮਹਿੰਗੀ ਜਿਣਸ ਬਣਾਉਣਾ, ਇੱਕ ਹੋਰ ਚੌਕਸੀ ਅਤੇ ਫਿਕਰਮੰਦੀ ਵਾਲਾ ਮਾਜਰਾ ਹੈ। ਇਹਨਾਂ ਵਿਸ਼ਿਆ 'ਤੇ ਕਿਤੇ ਫੇਰ ਸਹੀ। ਇਹ ਲੇਖ ਵਰਖਾ ਨੂੰ ਸੰਬੋਧਿਤ ਹੈ।

ਦਰ-ਹਕੀਕਤ; ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ, ਬਾਕੀ ਸੱਭ ਵਗਦਾ, ਖੜ੍ਹੋਤਾ (ਨਦੀਆਂ-ਝੀਲਾਂ) ਤੇ ਜ਼ਮੀਨ ਹੇਠਲਾਂ ਪਾਣੀ ਸਾਰੇ ਹੀ ਦੋਮ-ਦਰਜ਼ੇ ਦੇ ਅਤੇ ਵਰਖਾ 'ਤੇ ਮੁਨੱਸਰ ਸੋਮੇ ਹਨ। ਸ਼ੁਕਰ ਹੈ, ਕੁਦਰਤੀ ਜਲ-ਚੱਕਰ ਬਦੌਲਤ ਭਾਰਤੀ ਸਤਾਹ ਉੱਤੇ ਅਜੇ ਵੀ ਸਵੱਲਾ ਮੀਂਹ ਵਰਸਦਾ ਹੈ। ਅਵੇਸਲੇਪਨ ਨਾਲ ਇਸਦਾ ਦੋ-ਤਿਹਾਈ ਹਿੱਸਾ ਅੰਜ਼ਾਈ ਵਗਦਾ ਅਤੇ ਨੁਕਸਾਨਦਾ ਹੈ। ਪੰਜਾਬ ਵਿਚ ਹੜ੍ਹਾਂ ਅਤੇ ਜਲ-ਸੰਕਟ ਦਾ ਇਤਿਹਾਸ ਉਦੋਂ ਸ਼ੁਰੂ ਹੋਇਆ ਜਦ ਅਸੀਂ ਛੱਪੜ-ਢਾਬਾਂ-ਛੰਭ ਅਤੇ ਕੁਦਰਤੀ ਜਲ-ਵਹਿਣ ਫਨਾਹ ਕਰ ਦਿੱਤੇ। ਜਲ ਵਹਿਣ, ਕੁਦਰਤੀ ਜਾਂ ਮਸਨੂਈ, ਵਗਦੇ ਅਤੇ ਜੀਰਦੇ ਰਹਿਣੇ ਚਾਹੀਦੇ ਸਨ,ਜਿਹੜੇ ਰੀ-ਚਾਰਜਿੰਗ,ਸਾਵੇਂ ਮੌਸਮਾਂ ਅਤੇ ਵਰਖਾ ਦੇ ਵੀ ਪੂਰਕ ਹਨ।

ਵਰਖਾ ਭਾਵੇਂ ਗੜਬੜਾ ਦਿੱਤੀ ਗਈ ਹੈ, ਪਰ ਇਹ ਜਿੰਨੀ ਵੀ ਅਤੇ ਜਿਥੇ ਵੀ ਪੈਂਦੀ ਹੈ, ਸੰਭਾਲਣ ਤੋਂ ਬਿਨਾਂ ਕੋਈ ਚਾਰਾ ਨਹੀਂ। ਜਲ-ਸੰਕਟ ਨਿਵਾਰਣ, ਭੌਂ-ਖੋਰ ਅਤੇ ਹੜ੍ਹਾਂ ਦੀ ਰੋਕਥਾਮ ਦਾ 'ਰਾਮ ਬਾਣ' ਇਹੀ ਹੈ। ਚੇਤੇ ਰੱਖੋ; ਉਜੇ ਮਿੱਟੀ ਅਤੇ ਪਾਣੀ ਹੈ, ਤਦ ਹੀ ਬਨਸਪਤੀ (ਜੰਗਲ) ਹੈ।'ਜੰਗਲ'; ਵਰਖਾ ਦੇ ਸਾਕਸ਼ੀ ਹਨ। 'ਵਰਖਾ' ਪਾਣੀ ਦਾ ਮੁੱਢਲਾ ਸੋਮਾ ਹੈ। 'ਮਿੱਟੀ ਅਤੇ ਪਾਣੀ'; ਜੀਵਨ ਦੇ ਧਰੋਹਰ ਹਨ।"

ਮੁੱਕਦੀ ਗੱਲ; ਪਾਣੀ 100 ਫੀਸਦੀ ਕੁਦਰਤੀ ਨਿਆਮਤ ਹੈ। ਇਹ ਬਣਾਇਆ ਨਹੀਂ ਜਾ ਸਕਦਾ। ਇਸਦੀ ਸੰਜ਼ਮੀ ਅਤੇ ਭਲੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਸ਼ੁੱਧ ਰੱਖਿਆ ਜਾ ਸਕਦਾ ਹੈ, ਬਚਾਇਆ ਜਾ ਸਕਦਾ ਹੈ। ਵਰ੍ਹਾਇਆ ਅਤੇ ਧਰਤੀ 'ਚ ਭੇਜਿਆ ਜਾ ਸਕਦਾ ਹੈ।

# ਜਲ ਸੰਕਟ: ਇਹ ਨਾਹਰਾ ਡੂੰਘੇ ਅਰਥ ਸਮੋਈ ਬੈਠਾ ਹੈ

**ਵਿਜੈ ਬੰਬੇਲੀ**

ਭਾਰਤ ਵਿੱਚ ਔਸਤਨ ਸਾਲਾਨਾ ਵਰਖਾ 1200 ਮਿ.ਮੀ. ਪੈਂਦੀ ਸੀ/ ਹੈ,ਖਿੱਤਾ ਵਿਸ਼ੇਸ 200 ਤੋਂ 11000 ਮੀ.ਮੀ. ਪ੍ਰੰਤੂ; ਇਸਦਾ 70% ਹਿੱਸਾ ਬਰਸਾਤਾਂ 'ਚ ਮਾਤਰ 100 ਕੁ ਦਿਨਾਂ ਵਿੱਚ ਹੀ ਵਰ੍ਹ ਜਾਂਦਾ ਹੈ। ਇਸਦਾ ਅੱਧਾ ਮਹਿਜ਼ 50-100 ਘੜੀਆਂ ਵਿੱਚ ਹੀ, ਜਿਸਨੂੰ ਮੋਹਲੇਧਾਰ ਮੀਂਹ ਕਿਹਾ ਜਾਂਦਾ ਹੈ। ਆਪਣੀਆਂ ਅਸਮਰਥਾਵਾਂ ਅਤੇ ਨਾਲਾਇਕੀਆਂ ਕਾਰਨ ਬਰਸਾਤਾਂ 'ਚ ਅਸੀਂ ਹੜ੍ਹਦੇ ਹਾਂ ਅਤੇ ਗਰਮੀਆਂ 'ਚ ਸੁੱਕਦੇ। ਅਸੀਂ ਮੌਸਮ ਗੜਬੜ੍ਹਾ ਦਿੱਤੇ ਹਨ। ਸਾਵੀਂ ਵਰਖਾ ਅਤੇ ਸਾਵੇਂ ਮੌਸਮਾਂ ਹਿੱਤ ਬ੍ਰਿਛ ਕੁੰਜੀਵਤ ਹਿੱਸਾ ਪਾ ਸਕਦੇ ਹਨ। ਸ਼ਾਇਦ; ਸਾਨੂੰ ਨਹੀਂ ਪਤਾ:

ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਜੰਗਲਾਂ-ਮੀਹਾਂ ਦੇ ਢਹਿ-ਢੇਰੀ ਹੋਣ ਦਾ ਅਸਲ ਕਾਰਨ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ। ਅਸੀਂ ਹੱਥੀ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੋਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ-ਟਿੱਬਿਆਂ ਵਿਚ ਬਦਲ ਗਿਆ ਜਦ ਜੰਗਲ ਅਤੇ ਪਹਾੜ ਰੁੱਸ ਗਏ। ਮੌਜੂਦਾ ਮਾਰੂਥਲ ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਕੀ; ਅਸੀਂ ਬਚੇ ਰਹਾਂਗੇ?

ਜੇ ਮਿੱਟੀ ਅਤੇ ਪਾਣੀ ਹੈ,
ਤਦ ਹੀ ਬਨਸਪਤੀ (ਜੰਗਲ) ਹੈ।
'ਜੰਗਲ'; ਵਰਖਾ ਦੇ ਸਾਕਸ਼ੀ ਹਨ।
'ਵਰਖਾ'; ਪਾਣੀ ਦਾ ਮੁੱਢਲਾ ਸੋਮਾ ਹੈ।
'ਪਾਣੀ ਅਤੇ ਮਿੱਟੀ'; ਜੀਵਨ ਦਾ ਧਰੋਹਰ ਹਨ।"

ਸਾਡੇ ਪੁਰਖੇ, ਪਹਾੜਾਂ ਨੂੰ ਨਮਸਕਾਰਦੇ ਸਨ,ਰੁੱਖਾਂ ਨੂੰ ਮੌ-ਲੀਆਂ ਬੰਨਦੇ ਸਨ ਅਤੇ ਜਲ-ਕੁੰਡਾਂ ਕੰਢੇ ਦੀਵਾ-ਵੱਟੀ ਕਰਦੇ ਸਨ। ਸਾਡੀਆਂ ਸੱਭਿਆਤਾਵਾਂ ਨਦੀਆਂ ਕਿਨਾਰੇ ਹੀ ਵਿਗਸੀਆਂ। ਤ੍ਰਵੇਣੀਆਂ ਲਾਣਾ ਅਤੇ ਜੀਵਾਂ-ਜਨੌਰਾਂ ਨੂੰ ਚੋਗਾ ਪਾਉਣਾ ਵੀ ਸਾਡੀ ਰਹਿਤਲ ਵਿੱਚ ਪਿਆ ਹੋਇਆ ਹੈ, ਅਸੀਂ ਹੀ ਇਸ ਨੂੰ ਭੁੱਲ-ਭੁਲਾਅ ਗਏ ਹਾਂ। ਵੇਲਾ ਹੈ:

"ਬਿਰਖਾਂ ਦੀ ਗੱਲ ਕਰੀਏ,
ਪਹਾੜਾਂ ਦੀ ਕਦਰ ਕਰੀਏ,
ਦਰਿਆਵਾਂ ਦੀ ਬਾਂਹ ਫੜ੍ਹੀਏ,
ਧਰਤੀ ਦਾ ਅਦਬ ਕਰੀਏ।"

ਕੁਦਰਤੀ ਜਲ-ਚੱਕਰ ਬਦੌਲਤ ਭਾਰਤੀ ਸਤਾਹ ਉੱਤੇ ਅਜੇ ਵੀ 40000 ਘਣ ਕਿ.ਮੀ. ਪਾਣੀ ਵਰਸਦਾ ਹੈ। ਅਵੇਸਲੇਪਨ ਨਾਲ ਇਸਦਾ ਦੋ-ਤਿਹਾਈ ਹਿੱਸਾ ਵਗ ਜਾਂਦਾ ਹੈ। ਜਿਹੜਾ ਸਾਨੂੰ ਰੋੜ੍ਹਦਾ, ਖੋਰਦਾ ਅਤੇ ਨੁਕਸਾਨਦਾ ਹੈ। ਹਾਲੇ ਵੀ ਕੁਦਰਤੀ ਜਲ-ਕੁੰਡਾ ਅਤੇ ਜ਼ਮੀਨੀ ਰਿਸਾਵ ਨਾਲ ਖੁਦ-ਬਖੁਦ 14000 ਘਣ ਕਿ.ਮੀ. ਸੰਭਾਲ ਹੋ ਜਾਂਦਾ ਹੈ। ਪਰ, ਕੀ ਭਵਿੱਖ 'ਚ ਵੀ ਐਨਾ ਕੁ ਹੁੰਦਾ ਰਹੇਗਾ, ਮੌਜੂਦਾ ਸਥਿਤਿਆਂ/ਪ੍ਰਸਥਿਤੀਆਂ ਮੁਤਾਬਿਕ ਇਹ ਅਸੰਭਵ ਜਾਪਦਾ ਹੈ। ਪਹਿ-ਲਕਦਮੀ; ਜਿਹੜੀ ਤੁਰੰਤ ਕਰਨ ਦੀ ਲੋੜ ਹੈ:

"ਮਿੱਟੀ ਦਾ ਹਰ ਕਣ,
ਬਣ ਦੀ ਹਰ ਪੌਦ,
ਵਰਖਾ ਦੀ ਹਰ ਬੂੰਦ ਸਾਂਭ-ਸਲੂਟ ਲਓ।
ਸਾਡੇ ਵਾਰਸਾਂ ਦੇ ਕੰਮ ਆਵੇਗੀ।"

ਨਿੱਜੀ ਤਜੁਰਬਿਆਂ 'ਤੇ ਆਧਾਰਤ ਇੱਕ ਕਮਾਲ ਦੀ ਉਦਾਹਰਣ,'ਸਦੰਰਭ ਕੰਢੀ ਖਿੱਤਾ', ਮੈਂ ਤੁਹਾਡੇ ਨਾਲ ਸਾਂਝੀ ਕਰਾਂਗਾ:

"ਵੱਖ-ਵੱਖ, ਸੋਖੀਆ ਤੇ ਸਸਤੀਆਂ, ਵਿਧੀਆਂ ਵਰਤ-ਉਸਾਰ ਕੇ, ਪੰਜਾਬ ਦਾ ਕੰਢੀ ਖਿੱਤਾ ਵਰਖੇਈ ਪਾਣੀ ਰੋਕਣ-ਖਲਾਰਨ ਅਤੇ ਧਰਤੀ 'ਚ ਗਰਕਾਉਣ ਹਿੱਤ ਬੜਾ ਢੁੱਕਵਾਂ ਹੈ। ਪੰਜਾਬ ਦਾ ਕੁਲ ਰਕਬਾ 54 ਲੱਖ ਹੈਕਟੇਅਰ ਹੈ।ਜਿਸਦਾ 10%, ਭਾਵ 5.4 ਲੱਖ ਹੈਕ. ਕੰਢੀ ਖੇਤਰ 'ਚ ਪੈਂਦਾ ਹੈ। ਭਾਰਤ ਦੀ ਔਸਤਨ ਸਾਲਾਨਾ ਵਰਖਾ 1200 ਐਮ. ਐਮ. ਹੈ। ਮੌਜੂਦਾ ਹਾਲਾਤਾ ਤਹਿਤ ਪੰਜਾਬ ਦੀ 800 ਐਮ. ਐਮ. ਮੰਨ ਲਵੋ। ਹਾਲ ਦੀ ਘੜੀ, ਤੁਸੀਂ ਕੰਢੀ ਦਾ ਚੌਥਾ ਹਿੱਸਾ (25%), ਜਾਣੀ 1.35 ਲੱਖ ਹੈਕ., ਹੀ ਲਵੋ ਅਤੇ ਰੋੜ੍ਹਵੀਂ ਵਰਖਾ ਵੀ 50%, ਭਾਵ 400 ਐਮ. ਐਮ,ਹੀ ਮੰਨਕੇ ਚਲੋ।ਜੇ ਅਸੀਂ ਕੰਢੀ ਦੇ ਚੌਥੇ ਹਿੱਸੇ ਵਿੱਚ ਹੀ ਵਰਖਾ ਦਾ ਮਹਿਜ਼ ਅੱਧ ਹੀ ਰੋਕ-ਖੜ੍ਹਾ ਕੇ ਵਰਤ-ਗਰਕਾ ਲਈਏ ਤਦ ਵੀ ਬਰਸਾਤ ਦੇ ਇੰਜ ਕਮਾਏ ਹੋਏ ਪਾਣੀ ਦੀ ਮਿਕਦਾਰ 54 ਹਜ਼ਾਰ ਹੈਕ. ਲੀਟਰ ਬਣ ਜਾਵੇਗੀ। ਜਿਹੜਾ ਐਨਾ ਹੈ ਕਿ ਤੁਸੀਂ ਸਾਰੇ ਪੰਜਾਬ ਵਿੱਚ, ਜੇ ਇਹ ਬਿੱਲਕੁਲ ਸਾਂਵਾ-ਪੱਧਰਾ ਹੋਵੇ, ਇੱਕ-ਇੱਕ ਗਿੱਠ (10 ਸੈਂਟੀ ਮੀ.) ਪਾਣੀ ਖੜ੍ਹਾ ਸਕਦੇ ਹੋ। ਜਲ-ਸੰਕਟ ਦੇ ਨਿਵਾਰਨ ਹਿੱਤ ਕੰਢੀ 'ਚ ਭੂਮੀ ਤੇ ਜਲ ਸੰਭਾਲ ਗਤੀ-ਵਿੱਧੀਆ ਅਤੇ ਬਾਕੀ ਪੰਜਾਬ 'ਚ ਟੌਭ੍ਹੇ ਤੇ ਵੱਟ ਬੰਦੀਆਂ"।

ਪਰ; ਕੀ ਵਰਖਾ ਦੀ ਮੌਜੂਦਾ ਦਰ ਵੀ ਜਾਰੀ ਰਹੇਗੀ? ਇਹ ਵੀ ਅਸੰਭਵ ਜਾਪਦੀ ਹੈ। ਮਨੁੱਖ ਵਲੋਂ ਖੁਦ-ਸਿਰਜੀ ਆਲਮੀ ਤਪਸ਼ ਨੇ ਮੌਸਮ ਗੜ੍ਹਬੜਾ ਦਿੱਤੇ ਹਨ। ਧਰਤੀ ਦਾ ਤਾਪਮਾਨ ਡੇਢ ਡਿਗਰੀ ਵੀ ਵੱਧ ਜਾਵੇ, ਤਦ ਮੀਂਹ ਪੈਣ ਦੀ ਸੰਭਾਵਨਾ 10% ਘੱਟ ਜਾਂਦੀ ਹੈ ਅਤੇ ਜਲ-ਵਹਿਣਾਂ ਦੇ ਵਹਾਅ ਵਿੱਚ 60% ਦੀ ਕਮੀ ਆ ਜਾਂਦੀ ਹੈ। ਜਲ-ਸੰਕਟ ਦਾ ਹਕੀਕੀ-ਹੱਲ ਲੋਕ-ਪੱਖੀ ਨਿਜ਼ਾਮ ਅਤੇ ਸਾਦੀ ਜੀਵਨ-ਜਾਂਚ ਨਾਲ ਵੀ ਬੱਝਾ ਹੋਇਆ ਹੈ, ਇਹੀ ਉਹ ਗੱਲ ਹੈ ਜਿਹੜੀ ਬਹੁਤਿਆਂ ਦੇ ਪੱਲੇ ਨਹੀਂ ਪੈਂਦੀ।

ਦਰ-ਹਕੀਕਤ; ਕੁਦਰਤ, ਇੱਕ ਜਲ-ਚੱਕਰ ਦੇ ਰੂਪ ਵਿੱਚ ਸਾਨੂੰ ਪਾਣੀ ਦਿੰਦੀ ਹੈ। ਅਸੀਂ ਉਸ ਚੱਕਰ ਦਾ ਮਹੱਤਵਪੂਰਨ ਹਿੱਸਾ ਹਾਂ। ਇਸ ਚੱਕਰ ਨੂੰ ਚੱਲਦਾ ਰੱਖਣਾ ਸਾਡੀ ਜ਼ਿਮੇਵਾਰੀ ਹੈ।

ਇਹ ਚੱਕਰ ਤਦ ਹੀ ਚਲਦਾ ਰਹਿ ਸਕਦਾ ਹੈ, ਜੇ ਜੰਗਲ, ਪਹਾੜ, ਜਲ-ਵਹਿਣ, ਜਲ-ਸੋਮੇ, ਜੀਵ-ਜੰਤੂ ਭਾਵ ਕੁਦਰਤੀ ਸਮਤੋਲ ਅਤੇ ਸ਼ੁੱਧ ਤੇ ਸਾਵੇਂ ਵਾਤਾਵਰਣ ਸਮੇਤ ਉਹ ਸਾਰੇ ਕਾਰਕ ਜਿਊਂਦੇ ਰਹਿਣ ਜੋ ਸਾਵੀਂ ਮੌਨਸੂਨ (ਜਲ-ਚੱਕਰ) ਲਈ ਨਿਹਾਇਤ ਜਰੂਰੀ ਹਨ। ਇਸ ਚੱਕਰ ਦਾ ਰੁੱਕ ਜਾਣਾ ਜੀਵਨ ਦਾ ਅੰਤ ਹੈ। ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ। ਪਾਣੀ ਦੇ ਬਾਕੀ ਤਾ-ਸੋਮੇ, ਧਰਤੀ ਉਤਲੇ ਤੇ ਧਰਤੀ ਹੇਠਲੇ, ਵਗਦੇ ਜਾਂ ਖੜ੍ਹੇ, ਸਾਰੇ ਦੇ ਸਾਰੇ ਵਰਖੇਈ ਪਾਣੀ ਉੱਤੇ ਹੀ ਮੁਨੱਸਰ ਹਨ। ਪਾਣੀ 100 ਫੀਸਦੀ ਕੁਦਰਤੀ ਨਿਆਮਤ ਹੈ। ਇਹ ਬਣਾਇਆ ਨਹੀਂ ਜਾ ਸਕਦਾ। ਇਸਦੀ ਸੰਜ਼ਮੀ ਅਤੇ ਭਲੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਸ਼ੁੱਧ ਰੱਖਿਆ ਜਾ ਸਕਦਾ ਹੈ,ਬਚਾਇਆ ਜਾ ਸਕਦਾ ਹੈ। ਵਰ੍ਹਾਇਆ ਅਤੇ ਧਰਤੀ 'ਚ ਭੇਜਿਆ ਜਾ ਸਕਦਾ ਹੈ।

ਮੁੱਕਦੀ ਗੱਲ; ਵਰਖਾ ਦੀ ਹਰ ਤਿੱਪ ਨੂੰ ਕਮਾਉਣਾ ਹੀ "ਜਲ ਸੰਕਟ" ਦਾ ਉਰਾਮ ਬਾਣ" ਹੈ। ਮਹਿੰਮ; ਜੋ ਤੁਰੰਤ ਵਿੱਢਣ ਦੀ ਲੋੜ ਹੈ:

"ਖੇਤ ਦਾ ਪਾਣੀ ਖੇਤ 'ਚ,
ਖੇਤ ਦੀ ਮਿੱਟੀ ਖੇਤ 'ਚ,
ਪਿੰਡ ਦੀ ਮਿੱਟੀ ਪਿੰਡ 'ਚ,
ਪਿੰਡ ਦਾ ਪਾਣੀ ਪਿੰਡ ,ਚ"

ਇਹ ਨਾਰ੍ਹਾਂ ਡੂੰਘੇ ਅਰਥ ਅਤੇ ਹਾਂਦਰੂ ਸਿੱਟੇ ਸਮੋਈ ਬੈਠਾ ਹੈ। ਵਰਖਾ ਭਾਵੇਂ ਗੜ੍ਹਬੜਾ ਦਿੱਤੀ ਗਈ ਹੈ, ਪਰ ਇਹ ਜਿੰਨੀ ਵੀ ਅਤੇ ਜਿਥੇ ਵੀ ਪੈਂਦੀ ਹੈ, ਸਭਾਂਲਣ ਤੋਂ ਬਿਨਾਂ ਕੋਈ ਚਾਰਾ ਨਹੀਂ।ਜਲ-ਸੰਕਟ ਦਾ ਅਸਲ ਤੇ ਸਦੀਵੀ ਹੱਲ ਇਹੀ ਹੈ।

# ਇਟਾਵਾ ਸੰਸਦੀ ਸੀਟ ਤੋਂ ਕਾਂਸ਼ੀ ਰਾਮ ਸਾਹਿਬ ਦੀ ਇਤਿਹਾਸਕ ਜਿੱਤ

ਮਈ ਜੂਨ 1991 ਦੀਆਂ ਆਮ ਲੋਕ ਸਭਾ ਦੀਆਂ ਚੋਣਾਂ ਵਿੱਚ 244 ਸੀਟਾਂ ਜਿਤ ਕੇ ਕਾਂਗਰਸ ਪਾਰਟੀ ਇਕੱਲੀ ਸੱਭ ਤੋਂ ਵੱਡੀ ਪਾਰਟੀ ਵਜੋਂ ਉਭਰ ਚੁੱਕੀ ਸੀ ਤੇ ਭਾਰਤੀ ਜਨਤਾ ਪਰਟੀ 120 ਸੀਟਾਂ ਹਾਸਲ ਕਰ ਚੁੱਕੀ ਸੀ। ਕਮਿਊਨਿਸਟ ਪਾਰਟੀ ਆਫ ਇੰਡੀਆ, ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਹੋਰ ਪਾਰਟੀਆਂ ਦੇ ਸਹਿਯੋਗ ਸਦਕਾ ਚਿਤਪਵਨ ਬ੍ਰਾਹਮਣ ਪੀ। ਵੀ। ਨਰਸਿਮ੍ਹਾ ਰਾਓ ਭਾਰਤ ਦੇ ਪ੍ਰਧਾਨ ਮੰਤਰੀ ਬਣ ਚੁਕੇ ਸਨ। ਬਾਈਕਾਟ ਕਰਕੇ ਪੰਜਾਬ ਚ ਕਾਂਗਰਸ ਪਾਰਟੀ ਚੋਣ ਅਮਲ ਚੋਂ ਬਾਹਰ ਸੀ। ਇਸ ਲਈ ਚੋਣ ਤੋਂ ਕੇਵਲ 24 ਘੰਟੇ ਪਹਿਲਾਂ ਪੰਜਾਬ ਦੀ ਚੋਣ ਅਣਮਿਥੇ ਸਮੇਂ ਲਈ ਰੱਦ ਕਰ ਦਿਤੀ ਗਈ। ਭਾਰਤ ਦੇ ਤਤਕਾਲੀ ਮੁੱਖ ਚੋਣ ਕਮਿਸ਼ਨਰ ਸ੍ਰੀ ਕੀ ਐਨ ਸ਼ੇਸ਼ਨ ਨੇ ਉੱਤਰ ਪ੍ਰਦੇਸ਼ ਦੀਆਂ ਅਮੇਠੀ, ਇਟਾਵਾ ਅਤੇ ਬੁਲੰਦ ਸ਼ਹਿਰ ਸੀਟਾਂ ਤੇ ਵੋਟਾਂ ਦੀ ਖ਼ਰੀਦੋ ਫਰੋਖ਼ਤ, ਵੋਟਾਂ ਚੋਰੀ ਕੀਤੇ ਜਾਣ ਵੋਟਾਂ ਲੁੱਟੇ ਜਾਣ ਤੇ ਹੋਰ ਚੋਣ ਧਾਂਦਲੀਆਂ ਕਾਰਨ ਰੱਦ ਕਰ ਦਿਤੀਆਂ ਗਈਆਂ ਸਨ ਅਤ ਉਹਨਾਂ ਸੀਟਾਂ ਤੇ 16 ਨਵੰਬਰ 1991 ਨੂੰ ਦੁਬਾਰਾ ਮਤਦਾਨ ਕਰਵਾਉਣ ਲਈ ਐਲਾਨ ਕਰ ਦਿਤਾ।

ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਦੀਆਂ ਆਮ ਚੋਣਾਂ ਵਿਚ ਕਿਸੇ ਇਕ ਸੀਟ ਤੋਂ ਵੀ ਜਿੱਤ ਹਾਸਲ ਨਾ ਕਰ ਸਕੀ। ਕਾਰਜਕਰਤਾਵਾਂ ਵਿਚ ਇਸ ਕਾਰਨ ਨਿਰਾਸ਼ਤਾ ਆ ਜਾਣੀ ਸੁਭਾਵਕ ਗੱਲ ਸੀ। ਪਾਰਟੀ ਦੀ ਜਨਰਲ ਸਕੱਤਰ ਬੀਬੀ ਮਾਇਆਵਤੀ 1989 ਵਿਚ ਬਿਜਨੌਰ ਸੀਟ ਤੋਂ 1,90,000 ਵੋਟ ਹਾਸਲ ਕਰਕੇ ਸਾਂਸਦ ਬਣ ਗਏ ਸਨ ਪਰ ਇਸ ਵਾਰ 2,34,000 ਵੋਟ ਹਾਸਲ ਕਰਨ ਦੇ ਬਾਵਜੂਦ ਵੱਡੇ ਪੱਧਰ ਤੇ ਹੇਰਾਫੇਰੀ ਕਰਕੇ ਉਨ੍ਹਾਂ ਨੂੰ ਹਰਾ ਦਿਤਾ ਗਿਆ। ਉਹਨਾਂ ਦੀਆਂ 67,000 ਵੋਟਾਂ ਰੱਦ ਕਰ ਦਿਤੀਆਂ ਗਈਆਂ ਇਥੋਂ ਤੱਕ ਕਿ ਇਕੋ ਅਸੰਬਲੀ ਹਲਕੇ ਦੀਆਂ ਹੀ 34,000 ਵੋਟਾਂ ਰੱਦ ਕੀਤੀਆਂ ਗਈਆਂ।

ਪੂਰੇ ਦੇਸ਼ ਦੇ ਕਾਰਜਕਰਤਾ ਤੇ ਆਗੂ ਸਾਹਿਬ ਕਾਂਸ਼ੀ ਰਾਮ ਨੂੰ ਨਿਜੀ ਰੂਪ ਵਿਚ ਮਿਲਕੇ ਸਮਾਜ ਵਿਚ ਆਈ ਨਿਰਾਸ਼ਤਾ ਖਤਮ ਕਰਨ ਲਈ ਜ਼ਿਮਨੀ ਚੋਣ ਵਿਚ ਖੁਦ ਚੋਣ ਲੜਨ ਲਈ ਉਹਨਾਂ ਨੂੰ ਬੇਨਤੀ ਕਰਨ ਲੱਗੇ।

ਵਰਨਣਯੋਗ ਯੋਗ ਹੈ ਕਿ ਇਟਾਵਾ ਚੰਬਲ ਘਾਟੀ ਵਾਲਾ ਉਹ ਖੇਤਰ ਹੈ ਜਿੱਥੇ ਡਕੈਤਾਂ ਦੀ ਭਰਮਾਰ ਸੀ ਤੇ ਉਹ ਮਨੂਵਾਦੀ ਸਥਾਪਤ ਪਾਰਟੀਆਂ ਦੇ ਪੱਖ ਵਿਚ ਵੋਟਾਂ ਭੁਗਤਾਉਣ ਲਈ ਸਰਗਰਮ ਹਿੱਸਾ ਲੈਂਦੇ ਰਹਿੰਦੇ ਸਨ। ਗਰੀਬਾਂ ਤੇ ਭੋਲੇ ਭਾਲੇ ਲੋਕਾਂ ਨੂੰ ਭੈਅ ਭੀਤ ਕਰਕੇ ਮਨਚਾਹੀ ਪਾਰਟੀ ਨੂੰ ਵੋਟ ਪਾਉਣ ਲਈ ਉਹ ਦਬਾਅ ਪਾਉਂਦੇ ਸਨ। ਇਟਾਵਾ ਦੇ ਸਥਾਨਕ ਆਗੂਆਂ ਤੇ ਕਾਰਜਕਰਤਾਵਾਂ ਵਲੋਂ ਸਾਹਿਬ ਕਾਂਸ਼ੀ ਰਾਮ ਨੂੰ ਇਟਾਵਾ ਤੋਂ ਚੋਣ ਲੜਨ ਲਈ ਜ਼ੋਰਦਾਰ ਅਪੀਲ ਕੀਤੀ ਗਈ ਕਿ ਸਮਾਜਿਕ ਪਰਿਵਰਤਨ ਲਹਿਰ ਨੂੰ ਅੱਗੇ ਵਧਾਉਣ ਲਈ ਉਹਨਾਂ ਦਾ ਜਿੱਤ ਕੇ ਸੰਸਦ ਵਿਚ ਜਾਣਾ ਜ਼ਰੂਰੀ ਹੈ ਸਾਥੀਆਂ ਦੀ ਚਾਹਤ ਅਤੇ ਮਿਸ਼ਨ ਦੇ ਹਿਤ ਵਿਚ ਉਹਨਾਂ ਨੇ ਚੋਣ ਲੜਨਾ ਸਵੀਕਾਰ ਕਰ ਲਿਆ। ਭਾਵੇਂ ਕਿ ਉਹਨਾਂ ਦੀ ਆਪਣੀ ਸੋਚ ਇਹ ਰਹੀ ਸੀ ਕਿ ਜਿੰਨਾ ਚਿਰ ਘੱਟੋ ਘੱਟ 50 ਸਾਂਸਦ ਜਿੱਤ ਕੇ ਨਹੀਂ ਜਾਂਦੇ ਉਤਨਾ ਚਿਰ ਉਹ ਸੰਸਦ ਵਿਚ ਨਹੀਂ ਜਾਣਗੇ। ਉਹਨਾਂ ਨੇ 16 ਅਕਤੂਬਰ ਨੂੰ ਆਪਣਾ ਨਾਮਜ਼ਦਗੀ ਪੱਤਰ ਭਰਦਿਆਂ ਐਲਾਨ ਕੀਤਾ ਕਿ ਮੇਰੀ ਚਾਹਤ ਸੀ ਕਿ ਕੋਈ ਸਥਾਨਕ ਆਗੂ ਇਥੋਂ ਚੋਣ ਲੜਦਾ ਪਰ ਸਾਥੀਆਂ ਨੇ ਜ਼ੋਰ ਦੇਕੇ ਆਖਿਆ ਕਿ ਬਹੁਜਨ ਸਮਾਜ ਦੀ ਵਿਗੜੀ ਗੱਲ ਨੂੰ ਅੱਗੇ ਵਧਾਉਣ ਲਈ ਉਹਨਾਂ ਨੂੰ ਖੁਦ ਚੋਣ ਲੜਨੀ ਚਾਹੀਦੀ ਹੈ। ਉਹਨਾਂ ਨੇ ਆਖਿਆ ਕਿ ਇਕ ਵੋਟ ਦੇ ਨਾਲ ਇਕ ਨੋਟ ਦੇਣ ਨਾਲ ਸਾਡੇ ਕੋਲ ਪੈਸੇ ਦੀ ਕਮੀ ਨਹੀਂ ਆਏਗੀ। ਸਾਨੂੰ ਪਾਣੀ ਦੀ ਤਰ੍ਹਾਂ ਪੈਸਾ ਵਹਾਉਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਸਮਾਜ ਕੋਲ 85 ਫੀਸਦੀ ਵੋਟ ਹੈ ਇਸ ਲਈ ਨਾ ਸਾਨੂੰ ਵੋਟਾਂ ਖਰੀਦਣ ਦੀ ਲੋੜ ਹੈ, ਨਾ ਵੋਟਾਂ ਲੁੱਟਣ ਜਾਂ ਚੋਰੀ ਕਰਨ ਦੀ। ਅਜਿਹਾ ਕਰਨ ਦੀ ਉਹਨਾਂ ਨੂੰ ਲੋੜ ਪੈਂਦੀ ਹੈ ਜਿਹਨਾਂ ਕੋਲ ਬਹੁਤ ਘੱਟ ਵੋਟਾਂ ਹਨ। ਇਸ ਲਈ ਉਹ ਗਰੀਬਾਂ ਅਤੇ ਭੋਲੇ ਭਾਲੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪੈਸੇ ਦਾ ਨੰਗਾ ਨਾਚ ਕਰਦੇ ਹਨ। ਉਹ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਦੇ ਹਨ। ਅਗਰ ਵੋਟ ਵਿਕਦਾ ਨਹੀਂ ਤਾਂ ਫਿਰ ਵੋਟਾਂ ਚੋਰੀ ਕਰਨ, ਵੋਟਾਂ ਲੁੱਟਣ ਲਈ ਕਰੋੜਾਂ ਰੁਪਿਆ ਉਹਨਾਂ ਵੱਲੋਂ ਬਰਬਾਦ ਕੀਤਾ ਜਾਂਦਾ ਹੈ। ਪ੍ਰੰਤੂ ਆਪਾਂ ਉਤਨੇ ਪੈਸੇ ਨਾਲ ਹੀ ਚੋਣ ਲੜਕੇ ਵਿਰੋਧੀ ਨੂੰ ਜੰਗ ਦੇ ਮੈਦਾਨ ਵਿੱਚ ਚਿਤ ਕਰ ਸਕਦੇ ਹਾਂ ਜਿੰਨਾਂ ਚੋਣ ਕਮਿਸ਼ਨ ਨੇ ਨਿਰਧਾਰਤ ਕੀਤਾ ਹੈ।

ਪੰਜਾਬ ਦੇ ਚੋਣਵੇਂ ਆਗੂਆਂ ਨੂੰ ਇਟਾਵਾ ਪਹੁੰਚਣ ਦਾ ਨਿਰਦੇਸ਼ ਮਿਲ ਚੁੱਕਾ ਸੀ। ਮੈਂ ਆਪਣੇ ਮਾਮੇ ਦੇ ਲੜਕੇ ਸਤਨਾਮ ਸਿੰਘ ਚੈਨਾ ਨੂੰ ਨਾਲ ਲੈਕੇ ਇਟਾਵਾ ਪੁੱਜ ਗਿਆ। ਮਾਨ ਸਿੰਘ ਮਨਹੇੜਾ, ਬਲਜੀਤ ਸਿੰਘ ਮਚਾਕੀ, ਅਵਤਾਰ ਸਿੰਘ ਕਰੀਮਪੁਰੀ, ਸ਼ਿੰਗਾਰਾ ਰਾਮ ਸਹੂੰਗੜਾ, ਤੇ 25-30 ਹੋਰ ਸਾਥੀ ਪਹਿਲਾਂ ਹੀ ਪੁੱਜ ਗਏ ਸਨ। ਇਟਾਵਾ ਵਿਖੇ ਮੈਂ ਸ਼ਾਮ ਦੇ ਸਮੇਂ ਦੱਸੇ ਸਥਾਨ ਵੱਲ ਵਧ ਰਿਹਾ ਸੀ ਕਿ ਅੱਗੇ ਸਾਹਿਬ ਕਾਂਸ਼ੀ ਰਾਮ ਦੀ ਕਾਰ ਮੇਰੇ ਸਾਹਮਣੇ ਆ ਕੇ ਰੁਕ ਗਈ ਤੇ ਸਾਹਿਬ ਬੋਲ ਰਹੇ ਸਨ "ਲਉ ਬਈ ਸੁਲਹਾਨੀ ਭੀ ਆ ਗਿਆ।" ਉਹਨਾਂ ਦੇ ਮੂੰਹ ਤੋਂ ਆਪਣਾ ਨਾਮ ਸੁਣਕੇ ਮੈਨੂੰ ਬੜੀ ਖੁਸ਼ੀ ਮਹਿਸੂਸ ਹੋਈ। ਉਹ ਆਪਣੀ ਗੱਡੀ ਚ ਬਿਠਾ ਕੇ ਸਾਨੂੰ ਪੰਜਾਬ ਵਾਲੇ ਕੈਂਪ 'ਚ ਛੱਡਕੇ ਆਪਣੇ ਸਾਥੀਆਂ ਸਮੇਤ ਮਿੱਥੇ ਪ੍ਰੋਗਰਾਮ ਵੱਲ ਚਲੇ ਗਏ।

ਸਾਹਿਬ ਕਾਂਸ਼ੀ ਰਾਮ ਇਟਾਵਾ ਦੀਆਂ ਚੋਣ ਸਭਾਵਾਂ ਵਿਚ ਖੁਲ੍ਹੇਆਮ ਪਰਚਾਰ ਕਰਿਆ ਕਰਦੇ ਸਨ ਕਿ "ਅਜੇ ਤੱਕ ਮੈਂ ਸਮਾਜ ਨੂੰ ਤਿਆਰ ਕਰਨ ਲਈ ਜਾਂਜਗੀਰ, ਫੂਲਪੁਰ, ਇਲਾਹਾਬਾਦ ਤੋਂ ਠਾਕੁਰ ਵੀ ਪੀ ਸਿੰਘ, ਅਮੇਠੀ ਤੋਂ ਰਾਜੀਵ ਗਾਂਧੀ ਅਤੇ ਪੂਰਬੀ ਦਿੱਲੀ ਤੋਂ ਐਚ. ਕੇ. ਐਲ. ਭਗਤ ਦੇ ਮੁਕਾਬਲੇ ਚੋਣ ਲੜਿਆ ਹਾਂ, ਹੁਣ ਮੈਂ ਇਟਾਵਾ ਤੋਂ ਚੋਣ ਜਿੱਤਣ ਲਈ ਲੜ ਰਿਹਾ ਹਾਂ। ਇਸ ਲਈ ਉਤਰ ਪਰਦੇਸ ਦੇ ਸਾਰੇ ਸੀਨੀਅਰ ਕਾਰਜ ਕਰਤਾਵਾਂ ਨੂੰ ਜੁਟਾਇਆ ਗਿਆ ਹੈ ਪਾਰਟੀ ਦੇ ਜ਼ਿਆਦਾਤਰ ਵਿਧਾਇਕਾ ਨੇ ਵੀ ਏਥੇ ਡੇਰਾ ਲਾਇਆ ਹੋਇਆ ਹੈ। ਇਹ ਚੋਣ ਹਰ ਹਾਲਤ ਵਿਚ ਜਿੱਤਣੀ ਹੈ ਕਾਰਜਕਰਤਾਵਾਂ ਨੂੰ ਨਿਰਦੇਸ਼ ਹੈ ਕਿ 'ਕਰੋ ਜਾਂ ਮਰੋ' ਅਗਰ ਅਸੀਂ ਇਹ ਨਹੀਂ ਕਰਦੇ ਤਾਂ ਸਮਾਜ ਦਾ ਮਨੋਬਲ ਉੱਚਾ ਨਹੀਂ ਹੋ ਸਕੇਗਾ ਇਸ ਲਈ ਬਹੁਜਨ ਸਮਾਜ ਦਾ ਮਨੋਬਲ ਉਚਾ ਕਰਨ ਲਈ ਸਾਨੂੰ ਆਪਣੀ ਪੂਰੀ ਤਾਕਤ ਲਗਾਉਣੀ ਹੋਵੇਗੀ।"



ਉਹਨਾਂ ਨੇ ਦੱਸਿਆ ਕਿ ਦੇਸ਼ ਭਰ ਚ ਹੋ ਰਹੀਆਂ 16 ਪਾਰਲੀਮੈਂਟਰੀ ਚੋਣਾਂ ਚੋਂ 8 ਅਤੇ ਅਸੰਬਲੀ ਦੀਆਂ 58 ਸੀਟਾਂ ਵਿਚੋਂ 30 ਸੀਟਾਂ ਤੇ ਬਹੁਜਨ ਸਮਾਜ ਪਾਰਟੀ ਚੋਣ ਲੜ ਰਹੀ ਹੈ। ਇਟਾਵਾ ਲੋਕ ਸਭਾ ਅਧੀਨ ਆਉਂਦੇ ਪੰਜ ਵਿਧਾਨਸਭਾ ਹਲਕਿਆਂ ਵਿਚ ਵੀ ਮੁੜ ਚੋਣ ਹੋ ਰਹੀ ਸੀ ਬਸਪਾ ਨੇ ਜਸਵੰਤ ਨਗਰ ਸੀਟ ਜਿਥੋਂ ਮੁਲਾਇਮ ਸਿੰਘ ਯਾਦਵ ਚੋਣ ਲੜੀ ਰਿਹਾ ਸੀ ਉਸ ਦੇ ਮੁਕਾਬਲੇ ਤੋਂ ਬਸਪਾ ਉਮੀਦਵਾਰ ਹਟਾ ਕੇ ਉਸਦੀ ਜਿੱਤ ਲਈ ਰਾਹ ਪਧਰਾ ਕਰ ਦਿਤਾ ਸੀ ਕਿਉਂਕਿ ਸਾਰੀਆ ਮਨੂਵਾਦੀ ਪਾਰਟੀ ਇਹ ਪ੍ਰਚਾਰ ਕਰਦੀਆਂ ਸਨ ਕਿ ਮੁਲਾਇਮ ਸਿੰਘ ਨੂੰ ਕਿਸੇ ਕੀਮਤ ਵਿਧਾਨ ਚ ਜਾਣ ਤੋਂ ਰੋਕਿਆ ਜਾਵੇਗਾ। ਉਹ ਆਖ ਰਹੇ ਸਨ ਕਿ ਸਾਡੇ ਚੋਣ ਲੜਨ ਨਾਲ ਕਿਸੇ ਨਾ ਕਿਸੇ ਨੂੰ ਦਰਦ ਜ਼ਰੂਰ ਹੁੰਦਾ ਹੈ, ਤਕਲੀਫ਼ ਜ਼ਰੂਰ ਹੁੰਦੀ ਹੈ। ਉਹਨਾਂ ਨੇ ਦੱਸਿਆ ਕਿ ਉਤਰ ਪ੍ਰਦੇਸ਼ ਦੀਆਂ ਤਿੰਨ ਸੀਟਾਂ ਤੇ ਉਪ ਚੋਣ ਹੋ ਰਹੀ ਹੈ ਇਟਾਵਾ ਦੀ ਸੀਟ ਤੋਂ ਮੈਂ ਆਪ ਖੜ੍ਹਾ ਹਾਂ। ਮੇਰੇ ਚੋਣ ਲੜਨ ਨਾਲ ਜਿਹਨਾਂ ਲੋਕਾਂ ਨੂੰ ਦਰਦ ਹੁੰਦਾ ਹੈ ਉਹ ਕਹਿੰਦੇ ਹਨ ਕਿ ਕਾਂਸ਼ੀ ਰਾਮ ਸਮਾਜਵਾਦੀ ਪਾਰਟੀ ਨੂੰ ਚੋਣ ਜਿਤਾਉਣ ਲਈ ਖੜ੍ਹਾ ਹੋਇਆ ਹੈ। ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ ਨੂੰ ਜਿਤਾਉਣ ਲਈ ਖੜ੍ਹਾ ਹੈ। ਖਾਸ ਕਰਕੇ ਕਾਂਗਰਸ ਵਾਲੇ ਭਾਈ ਇਹ ਕਹਿੰਦੇ ਹਨ। ਇਹੋ ਕਾਂਗਰਸ ਤੇ ਜਨਤਾ ਦਲ ਵਾਲੇ ਬੁਲੰਦ ਸ਼ਹਿਰ ਵਿਚ ਆਖਦੇ ਹਨ ਬਸਪਾ ਦੀ ਮਾਇਆਵਤੀ ਇਧਰ ਚੋਣ ਲੜਕੇ ਭਾਰਤੀ ਜਨਤਾ ਪਾਰਟੀ ਨੂੰ ਚੋਣ ਜਿਤਾਉਣ ਲਈ ਲੜ ਰਹੀ ਹੈ। ਬੁਲੰਦ ਸ਼ਹਿਰ ਤੇ ਇਟਾਵਾ ਤੋਂ ਇਲਾਵਾ ਤੀਜੀ ਸੀਟ ਅਮੇਠੀ ਤੋਂ ਚੋਣ ਹੋ ਰਹੀ ਹੈ ਅਮੇਠੀ ਤੋਂ ਬਸਪਾ ਚੋਣ ਨਹੀਂ ਲੜ ਰਹੀ ਉਧਰ ਭਾਜਪਾ ਵਾਲੇ ਕਹਿੰਦੇ ਹਨ ਕਿ ਬਸਪਾ ਕਾਂਗਰਸ ਨੂੰ ਜਿਤਾਉਣ ਲਈ ਇਥੋਂ ਚੋਣ ਨਹੀਂ ਲੜ ਰਹੀ। ਇਟਾਵਾ 'ਚ ਕਾਂਗਰਸ ਨੂੰ ਤਕਲੀਫ ਹੋ ਰਹੀ ਹੈ ਬੁਲੰਦ ਸ਼ਹਿਰ ਤੇ ਜਨਤਾ ਦਲ ਨੂੰ ਅਤੇ ਅਮੇਠੀ ਚ ਭਾਜਪਾ ਨੂੰ ਤਕਲੀਫ ਹੈ। ਕਾਂਗਰਸ, ਜਨਤਾ ਦਲ, ਭਾਜਪਾ ਤਿੰਨਾਂ ਨੂੰ ਹੀ ਸਾਡੇ ਚੋਣ ਲੜਨ ਨਾਲ ਵੀ ਤਕਲੀਫ ਹੈ ਅਤੇ ਨਾ ਲੜਨ ਨਾਲ ਵੀ ਤਕਲੀਫ ਹੈ, ਅਸੀਂ ਕੀ ਕਰੀਏ? ਚੋਣ ਲੜੀਏ ਜਾਂ ਨਾ ਲੜੀਏ ਸਾਨੂੰ ਵਿਕਣ ਵਾਲੇ ਕਿਹਾ ਜਾਂਦਾ ਹੈ। ਪਹਿਲੇ ਪਹਿਲੇ ਇਹ ਮੈਨੂੰ ਸੀ ਆਈ ਏ ਦਾ ਏਜੰਟ ਆਖਦੇ ਰਹੇ ਕਿ ਕਾਂਸ਼ੀ ਰਾਮ ਨੂੰ ਪੈਸਾ ਸੀ ਆਈ ਏ ਰਾਹੀਂ ਆਉਂਦਾ ਹੈ। ਇਸ ਲਈ ਮੈਨੂੰ ਬਾਰ ਬਾਰ ਮੰਚਾਂ ਤੋਂ ਕਹਿਣਾ ਪਿਆ ਕਿ ਇਸ ਦੇਸ਼ ਦੀ ਸਰਕਾਰ ਨਿਕੰਮੀ ਹੈ ਇਸ ਦੇਸ਼ ਦੀ ਸਰਕਾਰ ਖੁਸਰਿਆਂ ਦੀ ਸਰਕਾਰ ਹੈ। ਜਿਹੜੀ ਕਾਂਸ਼ੀ ਰਾਮ ਤੇ ਉਹਦੇ ਸਾਥੀਆਂ ਨੂੰ ਫੜਨ ਲਈ ਮਰਦਾਨਗੀ ਨਹੀਂ ਦਿਖਾਉਂਦੀ। ਇਸ ਨਿਕੰਮੀ ਸਰਕਾਰ ਨੂੰ ਤਿਆਰੀ ਕਰਕੇ ਇਕ ਨਾ ਇਕ ਦਿਨ ਬਦਲਨਾ ਹੈ ਨਹੀਂ ਤਾਂ ਇਹ ਦੇਸ਼ ਦਾ ਸਤਿਆਨਾਸ ਕਰ ਦੇਵੇਗੀ। ਜੇ ਅਸੀਂ ਚੋਣ ਲੜਦੇ ਹਾਂ ਤਾਂ ਆਖਦੇ ਹਨ ਇਹ ਪੈਸਾ ਲੈਕੇ ਖੜ੍ਹੇ ਹਨ ਜੇ ਨਹੀਂ ਲੜਦੇ ਤਾਂ ਆਖਦੇ ਹਨ ਇਹ ਪੈਸਾ ਲੈਕੇ ਨਹੀਂ ਲੜ ਰਹੇ। ਉਹ ਸਮਝਦੇ ਹਨ ਇਨ੍ਹਾਂ ਕੋਲ ਪੈਸਾ ਕਿੱਥੇ ਹੈ ਇਨ੍ਹਾਂ ਤੋਂ ਪੈਸਾ ਤਾਂ ਨਿੰਬੂ ਦੀ ਤਰ੍ਹਾਂ ਅਸੀਂ ਨਿਚੋੜ ਲਿਆ ਹੈ। ਇਨ੍ਹਾਂ ਕੋਲ ਕੁਝ ਵੀ ਰਹਿਣ ਨਹੀਂ ਦਿੱਤਾ, ਇਨ੍ਹਾਂ ਦਾ ਸਤਿਆਨਾਸ ਕਰ ਦਿਤਾ ਐ ਫਿਰ ਵੀ ਇਨ੍ਹਾਂ ਕੋਲ ਪੈਸਾ ਕਿਥੋਂ ਆ ਰਿਹਾ ਹੈ। ਪਰ ਮੈਂ ਦੇਖਿਆ ਕਿ ਕਿਸੇ ਨਾ ਕਿਸੇ ਕੋਨੇ ਵਿਚ ਰਸ ਬਚਿਆ ਹੈ ਉਹ ਕੋਨਾ ਮੈਨੂੰ 26 ਲੱਖ ਮੁਲਾਜ਼ਮਾਂ ਦੇ ਰੂਪ ਵਿਚ ਨਜ਼ਰ ਆਇਆ। ਜੋ 10000 ਕਰੋੜ ਕਮਾਉਂਦੇ ਹਨ, ਉਹ ਦਸ ਕਰੋੜ ਵੀ ਇਕਠਾ ਨਹੀਂ ਕਰ ਸਕਦੇ? ਇਸ ਲਈ ਮੁਲਾਜ਼ਮਾਂ ਨੂੰ ਸੰਗਠਤ ਕਰਨਾ ਜ਼ਰੂਰੀ ਸਮਝਿਆ ਗਿਆ ਤਾਂ ਕਿ ਨਿਰਧਨ ਸਮਾਜ ਚੋਂ ਕੁਛ ਧਨ ਪੈਦਾ ਕਰਕੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾ ਸਕੇ। ਇਸ ਕੰਮ ਲਈ ਦਿਮਾਗ ਵੀ ਚਾਹੀਦਾ ਹੈ, ਹੁਨਰ ਚਾਹੀਦਾ ਹੈ, ਪੈਸਾ ਚਾਹੀਦਾ ਹੈ। ਇਹ ਪੜ੍ਹਾਈ ਲਿਖਾਈ ਇਹ ਹੁਨਰ, ਇਹ ਪੈਸਾ ਸਰਕਾਰੀ ਕਰਮਚਾਰੀਆਂ ਨੂੰ ਸੰਗਠਤ ਕਰਕੇ ਪੈਦਾ ਕੀਤਾ ਜਾ ਸਕਦਾ ਹੈ। ਅੱਜ ਜਦੋਂ ਸਾਰੀਆਂ ਪਾਰਟੀਆਂ ਇਕ ਦੂਜੇ ਨੂੰ ਦਲਾਲ ਆਖ ਰਹੀਆਂ ਹਨ ਤਾਂ ਇਹਨਾਂ ਪਾਰਟੀਆਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ, ਅੱਗੇ ਵਧਾਉਣ ਲਈ, ਦੌੜ 'ਚ ਉਤਾਰਨ ਲਈ, ਦੌੜ ਵਿਚ ਐਨਾ ਤੇਜ਼ ਦੌੜਾਉਣ ਲਈ ਕਿ ਉਹ ਮੁੱਠੀ ਭਰ ਲੋਕਾਂ ਨੂੰ ਪਛਾੜ ਸਕੇ ਇਸ ਲਈ ਜਿੰਨਾ ਧਨ ਚਾਹੀਦਾ ਹੈ ਅਸੀਂ ਆਪਣੇ ਸਮਾਜ ਤੋਂ ਪੈਦਾ ਕਰਦੇ ਹਾਂ।

ਅਗਰ ਕਰਮਚਾਰੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ ਤਾਂ ਵੀ ਘਬਰਾਉਣ ਦੀ ਕੋਈ ਗੱਲ ਨਹੀਂ। ਬਹੁਜਨ ਸਮਾਜ 70-75 ਕਰੋੜ ਲੋਕਾਂ ਦਾ ਸਮਾਜ ਹੈ। ਨਿਚੋੜੇ ਗਏ ਲੋਕਾਂ ਦਾ ਸਮਾਜ ਹੈ, ਭਾਵੇਂ ਉਸ ਵਿਚ ਰਸ ਨਹੀਂ ਰਹਿਣ ਦਿੱਤਾ ਗਿਆ ਫੇਰ ਵੀ ਜ਼ਿੰਦਾ ਹੈ, ਜਿੰਦਾ ਰਹਿਣ ਲਈ ਬੇਸ਼ਕ ਸਹੀ ਖਾਣਾ ਨਹੀਂ ਮਿਲਦਾ, ਭੁੱਖੇ ਮਰਦੇ ਹਨ, ਭੁੱਖੇ ਮਰਦੇ ਮਰਦੇ ਵੀ ਰੋਜ਼ਾਨਾ ਤਿੰਨ ਕੁ ਰੁਪਏ ਜ਼ਰੂਰ ਖਾ ਜਾਂਦੇ ਹਨ, ਐਸਾ ਸਰਕਾਰ ਦਾ ਅਨੁਮਾਨ ਹੈ। 70 ਕਰੋੜ ਲੋਕ ਦੋ ਸੌ ਕਰੋੜ ਦਾ ਖਾਣਾ ਹਰ ਰੋਜ਼ ਖਾ ਜਾਂਦੇ ਹਨ। ਦੂਜਿਆਂ ਲਈ ਭੁੱਖੇ ਮਰਨ ਵਾਲੇ ਲੋਕ ਅਗਰ ਆਪਣੇ ਲਈ ਭੁੱਖੇ ਰਹਿ ਜਾਣ ਤਾਂ ਇਕ ਦਿਨ ਦਾ ਦੋ ਸੌ ਕਰੋੜ ਆਪਣੇ ਸਮਾਜ ਨੂੰ ਤਿਆਰ ਕਰਨ ਲਈ ਬਚਾ ਸਕਦੇ ਹਨ। ਸਾਡੇ ਵੱਲ ਉਂਗਲ ਉਠਾਉਣ ਵਾਲ਼ੇ ਭਰਾਵਾਂ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਹੋਵੇਗਾ।

ਇਟਾਵਾ 'ਚ ਸਾਰੀਆਂ ਪਾਰਟੀਆਂ ਦੇ ਮੁਕਾਬਲੇ ਤੇ ਹਰ ਤਰ੍ਹਾਂ ਦੇ ਚੋਣ ਪ੍ਰਚਾਰ 'ਚ ਬਸਪਾ ਅੱਗੇ ਚੱਲ ਰਹੀ ਸੀ ਚਾਹੇ ਕੰਧਾਂ ਤੇ ਲਿਖਾਈ ਹੋਵੇ , ਝੰਡੇ ਪੋਸਟਰ ਬੈਨਰ ਹੋਣ ਤੇ ਚਾਹੇ ਕਾਰਜ ਕਰਤਾਵਾਂ ਦੇ ਕਾਫਲੇ ਹੋਣ। ਬਸਪਾ ਵਲੋਂ ਹਰ ਚੋਣ ਦਫਤਰ ਵਿਚ ਮਤਦਾਨ ਦੇ ਦਿਨ ਪੂਰੀ ਤਿਆਰੀ ਹੋ ਚੁਕੀ ਸੀ ਹੁਣ ਤਾਂ ਸਿਰਫ ਸੁਰਖਿਅਤ ਵੋਟ ਪੁਆਉਣਾ ਬਾਕੀ ਸੀ। ਸਾਹਿਬ ਕਾਂਸ਼ੀ ਰਾਮ ਆਪਣੀਆਂ ਚੋਣ ਸਭਾਵਾਂ ਚ ਖੁਲ੍ਹੀ ਘੋਸ਼ਣਾ ਕਰਿਆ ਕਰਦੇ ਸਨ ਕਿ "ਸਾਨੂੰ ਵੋਟ ਦੀ ਸੁਰੱਖਿਆ ਲਈ ਸਰਕਾਰੀ ਮਸ਼ੀਨਰੀ ਤੇ ਭਰੋਸਾ ਨਹੀਂ ਕਰਨਾ ਹੋਵੇਗਾ ਅਗਰ ਅਸੀਂ ਆਪਣੇ ਹਿਤਾਂ ਦੀ ਰੱਖਿਆ ਕਰਨੀ ਹੈ ਤਾਂ ਵੋਟਾਂ ਦੀ ਲੁੱਟ, ਚੋਰੀ ਅਤੇ ਵਿਕਣ ਤੋਂ ਰੋਕਣ ਲਈ ਖੁਦ ਪ੍ਰਬੰਧ ਕਰਨਾ ਹੋਵੇਗਾ। ਕਿਉਂਕਿ ਪਿਛਲੀ ਚੋਣ ਵਿਚ ਇਸ ਕਿਸਮ ਦੀਆਂ ਘਟਨਾਵਾਂ ਚੋਣ ਮਸ਼ੀਨਰੀ ਦੇ ਸਹਿਯੋਗ ਨਾਲ਼ ਹੀ ਹੋਇਆਂ ਹਨ। ਚੋਣ ਕਮਿਸ਼ਨ ਇਹ ਸੱਭ ਕੁਝ ਰੋਕਣ ਲਈ ਕੁਝ ਵੀ ਨਹੀਂ ਕਰ ਸਕਿਆ।"

ਪੰਜਾਬ ਦੇ ਆਗੂਆਂ ਲਈ ਆਦੇਸ਼ ਸੀ ਕਿ ਉਹ ਜਲਸੇ ਚ ਜੁਟੀ ਭੀੜ ਦੇ ਆਲੇ ਦੁਆਲੇ ਖੜ੍ਹੇ ਹੋਕੇ ਪੂਰੀ ਚੌਕਸੀ ਵਰਤਣ। ਪੰਜਾਬੀ ਖਾਸ ਕਰਕੇ ਸਿੱਖ ਗਭਰੂਆਂ ਦੀ ਹਾਜ਼ਰੀ ਨਾਲ ਸਥਾਨਕ ਕਾਰਜ ਕਰਤਾਵਾਂ ਵਿਚ ਸੁਰੱਖਿਆ ਦਾ ਅਹਿਸਾਸ ਪਨਪਦਾ ਸੀ। ਸਾਹਿਬ ਕਾਂਸ਼ੀ ਰਾਮ ਨੇ ਚੋਣ ਧਾਂਦਲੀਆਂ ਰੋਕਣ ਲਈ ਵਿਰੋਧੀਆਂ ਦੀ ਹਰ ਚਾਲ ਦਾ ਮੋੜਵਾਂ ਪ੍ਰਬੰਧ ਕਰ ਰੱਖਿਆ ਸੀ। 18 ਨਵੰਬਰ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਖੁਸ਼ ਮਿਜਾਜ਼ ਰੌਅ ਚ ਉਹ ਸਾਡੇ ਕੋਲ ਬੈਠੇ ਹਲਕੀਆਂ ਫੁਲਕੀਆਂ ਗੱਲਾਂ ਸੁਣਾ ਰਹੇ ਸਨ। ਗਿਣਤੀ ਕੇਂਦਰ ਤੋਂ ਸੰਦੇਸ਼ ਆ ਗਿਆ ਕਿ ਰਿਟਰਨਿੰਗ ਅਫ਼ਸਰ ਵੱਲੋਂ ਦਸਵੇਂ ਰਾਊਂਡ ਤੋਂ ਬਾਅਦ ਗਿਣਤੀ ਦਾ ਐਲਾਨ ਕਰਨਾ ਬੰਦ ਕਰ ਦਿੱਤਾ ਗਿਆ ਹੈ। ਉਸਦਾ ਦਾ ਇਰਾਦਾ ਠੀਕ ਨਹੀਂ ਜਾਪਦਾ। ਸਾਹਿਬ ਤੁਰੰਤ ਮੈਨੂੰ ਤੇ ਇਕ ਹੋਰ ਸਾਥੀ ਨੂੰ ਨਾਲ ਲੈਕੇ ਗਿਣਤੀ ਕੇਂਦਰ ਵਲ ਚੱਲ ਪਏ। ਜਿਉਂ ਹੀ ਅਸੀਂ ਉਸ ਹਾਲ ਵਿਚ ਦਾਖਲ ਹੋਏ ਤਾਂ ਇਕ ਸ਼ਖ਼ਸ ਨੇ ਸਾਹਿਬ ਵਲ ਹੱਥ ਵਧਾਉਂਦਿਆਂ ਆਖਿਆ— "ਹੈਲੋ ਮੈਂ ਅਸ਼ੋਕ ਦੂੱਬੇ ਭਾਜਪਾ ਉਮੀਦਵਾਰ ਇਟਾਵਾ ਅਸੰਬਲੀ, ਮਿਸਟਰ ਜਾਰਜ ਕਾਂਸ਼ੀ ਰਾਮ ਕਿਆ ਹਾਲ ਹੈ"



ਲਾਲ ਸਿੰਘ ਸੁਲਹਾਣੀ
91-98721-55120

"ਅਰੇ ਮੈਂ ਤੋ ਕੇਵਲ ਕਾਂਸ਼ੀ ਰਾਮ ਹੂੰ, ਜਾਰਜ ਕਾਂਸ਼ੀ ਰਾਮ ਆਪ ਕੀ ਮਾਂ ਕਾ ਖਸਮ ਕੋਈ ਔਰ ਹੋਗਾ"- ਸਾਹਿਬ ਕਾਂਸ਼ੀ ਰਾਮ ਨੇ ਬਿਨਾਂ ਉਸ ਵੱਲ ਹੱਥ ਵਧਾਇਆਂ ਘੂਰ ਕੇ ਵੇਖਦਿਆਂ ਆਖਿਆ। ਉਹ ਸ਼ਰਮਿੰਦਾ ਹੁੰਦਾ ਅੱਗੇ ਨਿਕਲ ਗਿਆ।

ਸਾਹਿਬ ਨੇ ਰਿਟਰਨਿੰਗ ਅਫ਼ਸਰ ਨੂੰ ਤਾੜਨਾ ਕਰਦਿਆਂ ਆਖਿਆ ਕਿ ਹਮ ਸਰਕਾਰੀ ਮਸ਼ੀਨਰੀ ਔਰ ਸ਼ਾਸਨ ਪ੍ਰਸ਼ਾਸਨ ਕੇ ਗੈਰ ਸੰਵਿਧਾਨਕ ਇਰਾਦੋਂ ਕੋ ਚਕਨਾਚੂਰ ਕਰਨੇ ਕੇ ਲੀਏ ਹੀ ਇਟਾਵਾ ਸੇ ਚੁਨਾਵ ਲੜ ਰਹੇ ਹੈਂ। ਗਿਨਤੀ ਮੇਂ ਕਿਸੀ ਕਿਸਮ ਕੀ ਹੇਰਾਫੇਰੀ ਕਰਨੇ ਕੀ ਕੋਸ਼ਿਸ਼ ਪ੍ਰਸ਼ਾਸਨ ਕੋ ਭਾਰੀ ਪੜ ਸ਼ਕਤੀ ਹੈ। ਚਿਤਾਵਨੀ ਦਿੰਦਿਆਂ ਸਾਹਿਬ ਨੇ ਆਖਿਆ।

"ਜਾਉ ਬਾਹਰ ਜਾਕਰ ਪ੍ਰਸ਼ਾਸਨ ਕੇ ਗੰਦੇ ਮਨਸੂਬੋਂ ਕੋ ਰੋਕਨੇ ਕਾ ਬੰਦੋਬਸਤ ਕਰੇਂ"—ਮੇਰੀ ਤਰਫ ਝਾਕਦਿਆਂ ਉਹਨਾਂ ਨੇ ਹੁਕਮੀਆ ਲਹਿਜ਼ੇ ਆਖਿਆ।

ਜਿਉਂ ਹੀ ਅਸੀਂ ਬਾਹਰ ਨਿਕਲੇ ਗਿਣਤੀ ਕੇਂਦਰ ਕੋਲ ਉਤਸ਼ਾਹੀ ਬਸਪਾ ਕਾਰਜ ਕਰਤਾਵਾਂ ਤੇ ਆਗੂਆਂ ਦੀ ਭਾਰੀ ਭੀੜ ਜਮ੍ਹਾਂ ਹੋ ਚੁੱਕੀ ਸੀ ਜੋ ਜ਼ੋਸ਼ੀਲੇ ਨਾਅਰੇ ਲਾ ਰਹੇ ਸਨ। ਇਕ ਪਾਸੇ ਕਾਂਗਰਸ ਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦਾ ਹਜੂਮ ਇਕੱਠਾ ਹੋ ਰਿਹਾ ਸੀ। ਆਹਮੋ ਸਾਹਮਣੇ ਜ਼ੋਰਦਾਰ ਨਾਅਰੇਬਾਜ਼ੀ ਹੋ ਰਹੀ ਸੀ। ਭਾਜਪਾ ਦੇ ਵਰਕਰ ਗੁੰਡਾਗਰਦੀ ਤੇ ਉਤਾਰੂ ਸਨ। ਸਥਿਤੀ ਤਨਾਅਪੂਰਨ ਬਣਦੀ ਜਾ ਰਹੀ ਸੀ।

ਸੀ. ਆਰ.ਪੀ., ਪੀ.ਏ.ਸੀ. ਤੇ ਯੂ.ਪੀ ਪੁਲਿਸ ਨੇ ਸਾਨੂੰ ਪਿੱਛੇ ਹੋ ਜਾਣ ਲਈ ਕਿਹਾ। ਜਿਉਂ ਹੀ ਅਸੀਂ ਥੋੜ੍ਹਾ ਪਿੱਛੇ ਹੋਏ ਤਾਂ ਭਾਜਪਾ ਵਾਲਿਆਂ ਨੇ ਹਮਲਾਵਰ ਰੁਖ਼ ਅਪਣਾਉਂਦਿਆਂ ਸਾਡੇ ਵੱਲ ਵਧਣਾ ਸ਼ੁਰੂ ਕਰ ਦਿਤਾ। ਚੌਕ ਚ ਇਕ ਪਾਸੇ ਹੁੰਦਿਆਂ ਜੈਕਾਰਾ ਛਡਦਿਆਂ ਮੈਂ ਸਾਥੀਆਂ ਨੂੰ ਆਖਿਆ ਹੁਣ ਕੋਈ ਇਸ ਤੋਂ ਪਿਛੇ ਨਹੀਂ ਜਾਵੇਗਾ। ਸਾਡੇ ਸਾਥੀ ਉਥੇ ਹੀ ਡਟ ਗਏ। ਜਿਉਂ ਹੀ ਚੌਕ ਪਾਰ ਕਰਕੇ ਗੁੰਡਾ ਗਰਦੀ ਤੇ ਉਤਾਰੂ ਭਾਜਪਾਈ ਜੈ ਸੀਆ ਰਾਮ ਕਰਦੇ ਸਾਡੇ ਬਿਲਕੁਲ ਨਜ਼ਦੀਕ ਆ ਗਏ ਤਾਂ ਕਾਂਸ਼ੀ ਰਾਮ ਦੇ ਬੱਬਰ ਸ਼ੇਰਾਂ ਨੇ ਨੇੜਲੀ ਲੱਕੜਾਂ ਦੀ ਟਾਲ ਤੋਂ ਲੱਕੜਾਂ ਤੇ ਖਲਪਾੜਾਂ ਚੁੱਕ ਲਈਆਂ ਤੇ ਵੇਖਦਿਆਂ ਵੇਖਦਿਆਂ ਵਿਰੋਧੀ ਭੀੜ ਨੂੰ ਕਰਾਰੇ ਹੱਥ ਦਿਖਾਉਂਦਿਆਂ ਤਿੱਤਰ ਬਿੱਤਰ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ। ਪੰਜਾਬੀਆਂ ਨੇ ਆਪਣਾ ਜਲਵਾ ਦਿਖਾ ਦਿਤਾ। ਸਾਡੇ ਕੁਝ ਸਾਥੀਆਂ ਦੇ ਵੀ ਸੱਟਾਂ ਲੱਗ ਗਈਆਂ। ਏਸੇ ਦੌਰਾਨ ਸਪੀਕਰ ਤੋਂ ਐਲਾਨ ਕਰ ਦਿਤਾ ਗਿਆ ਕਿ ਬਸਪਾ ਉਮੀਦਵਾਰ ਕਾਂਸ਼ੀ ਰਾਮ ਇਟਾਵਾ ਲੋਕ ਸਭਾ ਸੀਟ ਤੋਂ ਜਿੱਤ ਦਿਤੇ ਗਏ ਹਨ।

ਸਾਹਿਬ ਕਾਂਸ਼ੀ ਰਾਮ ਬਸਪਾ 144290 ਵੋਟਾਂ
30.4 ਫ਼ੀਸਦੀ ਲਾਲ ਸਿੰਘ ਵਰਮਾ
ਕਾਂਗਰਸ 121824 ਵੋਟਾਂ 25.7 ਫ਼ੀਸਦੀ
ਰਾਮ ਸਿੰਘ ਸ਼ਾਕਿਯਾ ਸ ਪਾ 82624 ਵੋਟਾਂ 17.4 ਫ਼ੀਸਦੀ

ਜਿੱਤ ਦਾ ਸਰਟੀਫਿਕੇਟ ਹਾਸਲ ਕਰਕੇ ਇਕੱਤਰ ਹੋਏ ਕਾਰਜ ਕਰਤਾਵਾਂ ਨੂੰ ਸੰਬੋਧਨ ਕਰਦਿਆਂ ਸਾਹਿਬ ਕਾਂਸ਼ੀ ਰਾਮ ਨੇ ਦੱਸਿਆ ਕਿੱ ਅਸੀਂ ਜੋ ਇਹ ਜਿੱਤ ਹਾਸਲ ਕੀਤੀ ਹੈ ਇਹ ਬਹੁਜਨ ਸਮਾਜ ਦੇ ਛੇ ਹਜ਼ਾਰ ਜਾਤੀ ਟੁਕੜਿਆਂ ਨੂੰ ਜੋੜ ਕੇ, ਉਹਨਾਂ ਵਿਚ ਭਾਈਚਾਰਾ ਪੈਦਾ ਕਰਕੇ, ਦੁਸ਼ਮਣ ਦੀਆਂ ਸਾਨੂੰ ਤੋੜਕੇ ਰੱਖਣ ਦੀਆਂ ਚਾਲਾਂ ਨੂੰ ਨਾਕਾਮਯਾਬ ਕਰਕੇ, ਹਾਸਲ ਕੀਤੀ ਹੈ ਹੁਣ ਤੱਕ ਅਸੀਂ ਬ੍ਰਾਹਮਣਵਾਦ ਦੀਆਂ ਗੁੰਮਰਾਹਕੁਨ ਗੱਲਾਂ ਵਿਚ ਉਲਝਕੇ ਭਟਕਦੇ ਰਹੇ ਹਾਂ ਉਹ ਸਾਡਾ ਜਨਮ ਤੋਂ ਮਰਨ ਤਕ ਦਾ ਸਮਾਂ ਤਕ ਤੈਅ ਕਰਦੇ ਰਹੇ ਉਹਨਾਂ ਦੇ ਭਰੋਸੇ ਸਾਡਾ ਦੇਸ਼ ਪਛੜਦਾ ਰਿਹਾ ਹੈ। ਇਕੱਠੇ ਹੋਏ ਜਨ ਸੰਮੂਹ ਦਾ ਧਨਵਾਦ ਕਰਦਿਆਂ ਉਹਨਾਂ ਨੇ ਆਖਿਆ ਕਿ ਆਪ ਨੇ ਮੈਨੂੰ ਜਿਤਾਉਣ ਲਈ ਜੋ ਸ਼ਕਤੀ ਲਾਈ ਹੈ ਇਹ ਮੇਰੇ ਲਈ ਫੁੱਲਾਂ ਮਾਲਾਵਾਂ ਵਾਂਗ ਹੈ ਅੱਜ ਬਹੁਜਨ ਸਮਾਜ ਅੰਦਰ ਖ਼ੁਸ਼ੀ ਦੀ ਲਹਿਰ ਹੈ। ਇਸ ਨੂੰ ਹੋਰ ਅੱਗੇ ਵਧਾਉਣ ਲਈ ਯਤਨਸ਼ੀਲ ਰਹੋ ਅਤੇ ਆਪਣੇ ਆਪਣੇ ਖੇਤਰ ਵਿਚ ਅਨੁਸ਼ਾਸਨ ਬਣਾ ਕੇ ਰੱਖਿਆ ਜਾਵੇ ਕਿਉਂਕਿ ਬਹੁਜਨ ਸਮਾਜ ਪਾਰਟੀ ਅਨੁਸ਼ਾਸਤਬੱਧ ਲੋਕਾਂ ਦਾ ਸੰਗਠਨ ਹੈ।

# ਸੰਤ ਸਿੰਘ ਡੀ. ਈ. ਓ.

ਡਾ. ਇਕਬਾਲ ਸਿੰਘ ਸਕਰੌਦੀ
84276-85020।



ਪਿਛਲੇ ਦਸ ਸਾਲਾਂ ਤੋਂ ਮੋਗਾ ਨਵਾਂ ਜ਼ਿਲ੍ਹਾ ਬਣਿਆਂ ਸੀ। ਇਹ ਪਹਿਲਾ ਮੌਕਾ ਸੀ ਕਿ ਡੀ ਈ ਓ ਦੀ ਆਸਾਮੀ ਚਾਰ ਮਹੀਨੇ ਤੋਂ ਖ਼ਾਲੀ ਰਹੀ ਹੋਵੇ। ਭਾਵੇਂ ਡਿਪਟੀ ਡੀ ਈ ਓ ਦੇਵ ਰਾਜ ਜੀ ਦਫ਼ਤਰ ਦਾ ਸਾਰਾ ਕੰਮ ਸਮੇਂ ਸਿਰ ਪੂਰਾ ਕਰਨ ਦੀ ਪੂਰੀ ਵਾਹ ਲਾ ਦਿੰਦੇ ਸਨ। ਪਰੰਤੂ ਦਫ਼ਤਰ ਵਿਚਲਾ ਦਫ਼ਤਰੀ ਅਮਲਾ ਫ਼ੈਲਾ ਕੋਈ ਨਾ ਕੋਈ ਅਜਿਹੀ ਢੁੱਚਰ ਡਾਹ ਦਿੰਦਾ ਸੀ, ਦੇਵਰਾਜ ਨੂੰ ਲੱਗਦਾ, ਜਿਵੇਂ ਚੱਲਦੀ ਚੱਕੀ ਵਿੱਚ ਰੋੜ ਆ ਗਿਆ ਹੋਵੇ।

ਸੁਪਰਡੈਂਟ ਧੰਨਾ ਸਿੰਘ ਜੀ.ਪੀ.ਐਫ. ਵਿੱਚੋਂ ਆਪਣੀ ਰਕਮ ਕਢਵਾਉਣ ਆਏ ਕਿਸੇ ਮਾਸਟਰ ਦੇ ਕੇਸ ਵਿੱਚ ਅਜਿਹੀ ਅੜਾਉਣੀ ਲਾਉਂਦਾ ਕਿ ਵਾਰ-ਵਾਰ ਗੇੜੇ ਮਾਰਨ ਤੋਂ ਡਰਦਾ ਅਗਲਾ ਸੁਪਰਡੈਂਟ ਦੀ ਕੁਰਸੀ ਕੋਲੇ ਹੋ ਕੇ ਹੌਲੀ ਜਿਹੀ ਫੁਸਫੁਸਾਉਂਦਾ, "ਸਰਦਾਰ ਸਾਹਿਬ, ਹੁਣ ਕਾਹਨੂੰ ਓਬਜੈਕਸ਼ਨ ਲਾਉਣਾ ਹੈ ਜੀ। ਇੱਕ ਮਹੀਨੇ ਨੂੰ ਮੇਰੀ ਧੀ ਦਾ ਕਾਰਜ ਹੈ। ਤੁਸੀਂ ਏਦਾਂ ਹੀ ਬੁੱਤਾ ਸਾਰ ਦਿਓ ਸਾਹਿਬ। ਮੇਰੇ ਗੋਚਰੇ ਕੀ ਸੇਵਾ ਹੈ? ਦੱਸੋ?"

ਮਾਸਟਰ ਜੀ ਦੀ ਡਰੀ ਅਤੇ ਸਹਿਮੀ ਹੋਈ ਆਵਾਜ਼ ਸੁਣ ਕੇ ਸੁਪਰਡੈਂਟ ਖੜ੍ਹੀਆਂ ਕੀਤੀਆਂ ਮੁੱਛਾਂ ਵਿੱਚਦੀ ਹੱਸਦਾ। ਫ਼ੇਰ ਉਹ ਸੇਵਾਦਾਰ ਨੂੰ ਆਵਾਜ਼ ਮਾਰ ਕੇ ਕਹਿੰਦਾ, "ਰਾਮਦੀਨ! ਜ਼ਰਾ ਮਾਸਟਰ ਜੀ ਨਾਲ਼ ਜਾ। ਆਉਂਦਾ ਹੋਇਆ ਚੌਂਦਾਂ ਕੱਪ ਦੁੱਧ ਪੱਤੀ ਵੀ ਲੈਂਦਾ ਆਵੀਂ। ਜਾ ਹੁਣ, ਹਿੰਮਤ ਮਾਰ।"

ਰੋਜ਼ ਦਾ ਗਿੱਝਿਆ ਸੇਵਾਦਾਰ ਅੱਖਾਂ ਵਿੱਚ ਹੱਸਦਾ ਆਖਦਾ, "ਜੀ ਜਨਾਬ! ਬੱਸ ਜੀ, ਮੈਂ ਗਿਆ ਤੇ ਆਇਆ।"

ਉਹ ਦਗੜ-ਦਗੜ ਪੌੜੀਆਂ ਉੱਤਰਦਾ, ਮਾਸਟਰ ਜੀ ਨੂੰ ਦਫ਼ਤਰ ਦੀ ਰਮਜ਼ ਸਮਝਾਉਂਦਾ ਹੋਇਆ ਬੋਲਿਆ, "ਆਓ ਮਾਸਟਰ ਜੀ, ਆਪਾਂ ਹੇਠਾਂ ਚੱਲੀਏ।"

ਨਾਲ਼ ਪੌੜੀਆਂ ਉੱਤਰ ਰਹੇ ਮਾਸਟਰ ਨੂੰ ਉਹ ਸਮਝੌਤੀਆਂ ਦੇਣ ਲੱਗ ਪੈਂਦਾ, "ਮਾਸਟਰ ਜੀ! ਉਂਝ ਤਾਂ ਤੁਸੀਂ ਪੜ੍ਹੇ ਲਿਖੇ ਸੱਜਣ ਪੁਰਸ਼ ਓਂ! ਪਰੰਤੂ ਤੁਸੀਂ ਮੈਨੂੰ ਦਫ਼ਤਰੀ ਬਾਬੂਆਂ ਤੋਂ ਬਹੁਤੇ ਵਾਕਫ਼ ਨੀਂ ਲੱਗਦੇ। ਸਾਡੇ ਦਫ਼ਤਰ ਦਾ ਇਹ ਸੁਪਰਡੈਂਟ ਤਾਂ ਐਡਾ ਕੁੱਤੇ ਦਾ ਵੱਢਿਐ ਹੋਇਐ ਕਿ ਇਹ ਤਾਂ ਆਪਣੇ ਸਕੇ ਪਿਉ ਨੂੰ ਨੀਂ ਛੱਡਦਾ। ਫ਼ੇਰ ਤੁਸੀਂ ਤਾਂ ਉਹਦੇ ਲੱਗਦੇ ਈ ਕੀ ਓ? ਅਗਲੇ ਮਹੀਨੇ ਥੋਡੀ ਧੀ ਦਾ ਵਿਆਹ ਐ। ਏਹਨੇ ਕੋਈ ਐਹੋ ਜੀ ਘੁਣਤਰ ਪੜ੍ਹਨੀ ਐਂ ਕਿ ਥੋਡਾ ਕੇਸ ਈ ਰੋਲ਼ ਦੇਣੈਂ।"

ਸੇਵਾਦਾਰ ਦੀਆਂ ਗੱਲਾਂ ਸੁਣ ਕੇ ਮਾਸਟਰ ਜੀ ਦੇ ਕਪਾਟ ਖੁੱਲ੍ਹ ਗਏ। ਉਸ ਦੀ ਖੱਬੀ ਵੱਖੀ ਵਿੱਚ ਹਲਕਾ-ਹਲਕਾ ਦਰਦ ਹੋ ਰਿਹਾ ਸੀ। ਉਸ ਨੇ ਦਰਦ ਵਾਲ਼ੀ ਥਾਂ ਨੂੰ ਸੱਜੇ ਹੱਥ ਨਾਲ਼ ਘੁੱਟਿਆ ਤੇ ਕਿਹਾ, "ਰਾਮਦੀਨ ਜੀ, ਮੈਨੂੰ ਪੈਸਿਆਂ ਦੀ ਬਹੁਤ ਲੋੜ ਐ। ਤੂੰ ਮੇਰਾ ਕੰਮ ਛੇਤੀ ਕਰਵਾ ਯਾਰ। ਹੋਰ ਜੋ ਸੇਵਾ ਪਾਣੀ ਹੈ, ਮੈਂ ਕਰ ਦਿੰਦਾ ਹਾਂ।"

"ਬੱਸ ਬੱਸ ਮਾਸਟਰ ਜੀ। ਹੁਣ ਤੁਸੀਂ ਕੋਈ ਫ਼ਿਕਰ ਨਾ ਕਰੋ। ਹੁਣ ਮੈਂ ਜਾਣਾਂ ਤੇ ਮੇਰਾ ਕੰਮ ਜਾਣੇਂ। ਤੁਸੀਂ ਆਂਏਂ ਕਰੋ। ਆਪਣੀ ਉਹ ਮਲਹੋਤਰੇ ਦੀ ਵੱਡੀ ਦੁਕਾਨ ਐ ਨਾ ਵੱਡੇ ਚੌਂਕ 'ਚ! ਤੁਸੀਂ ਉਹਤੋਂ ਦੋ ਕਿਲੋ ਪਨੀਰ ਪਕੌੜੇ ਤੇ ਵੀਹ ਕੁ ਵੱਡੀਆਂ ਗਰਮ-ਗਰਮ ਗ਼ੁਲਾਬ ਜਾਮਣਾਂ ਫ਼ੜ ਲਿਆਓ। ਅੱਜ ਤੁਸੀਂ ਵੀ ਉਹਦੀਆਂ ਗੁਲਾਬ ਜਾਮਣਾਂ ਖਾ ਕੇ ਦੇਖਿਓ! ਜੇ ਘਰ ਦਾ ਬਾਰ ਨਾ ਭੁੱਲ ਜਾਓਂ। ਥੋਡੇ ਆਉਂਦਿਆਂ ਤੱਕ ਮੈਂ ਚਾਹ ਪੱਤੀ ਤਿਆਰ ਕਰਾਉਣਾਂ। ਤੁਸੀਂ ਜਾਂਦੇ-ਜਾਂਦੇ ਆਹ ਚਾਹ ਆਲ਼ੇ ਰਾਜੂ ਦੇ ਤਾਂ ਪੈਸੇ ਦੇ ਈ ਜਾਓ।" ਲੀਹ 'ਤੇ ਆਈ ਸਾਮੀ ਨੂੰ ਹੰਢੇ ਵਰਤੇ ਸੇਵਾਦਾਰ ਨੇ ਕੁੰਡੀ ਪਾਉਂਦਿਆਂ ਆਖਿਆ।

ਮਾਸਟਰ ਜੀ ਨੇ ਬੁੱਲ੍ਹਾਂ ਉੱਤੇ ਆਈ ਸਿੱਕਰੀ ਨੂੰ ਜੀਭ ਨਾਲ਼ ਤਰ ਕੀਤਾ। ਪੰਜ ਸੌ ਦਾ ਨੋਟ ਸੇਵਾਦਾਰ ਦੇ ਹੱਥ ਵਿੱਚ ਫ਼ੜਾ ਦਿੱਤਾ। ਇਸ ਤੋਂ ਪਹਿਲਾਂ ਕਿ ਸੇਵਾਦਾਰ ਮੂੰਹੋਂ ਕੁਝ ਬੋਲਦਾ, ਉਸ ਨੇ ਆਪਣੇ ਪਚਾਸੀ ਮੱਾਡਲ ਬਜਾਜ ਚੇਤਕ ਸਕੂਟਰ ਨੂੰ ਟੇਢਾ ਕੀਤਾ। ਚਾਰ ਪੰਜ ਕਿੱਕਾਂ ਮਾਰੀਆਂ। ਗੁੜ-ਗੁੜ ਦੀ ਆਵਾਜ਼ ਕਰਦਾ ਸਕੂਟਰ ਸਟਾਰਟ ਹੋ ਗਿਆ। ਸਕੂਟਰ 'ਤੇ ਚੜ੍ਹ ਉਹ ਵੱਡੇ ਬਜ਼ਾਰ ਦੇ ਰਾਹ ਪੈ ਗਿਆ।

ਸੁਰਜੀਤ ਰਾਮ, ਕਸਤੂਰੀ ਲਾਲ਼, ਸੁਲੋਚਨਾ, ਸੁਲਤਾਨਾ ਬੇਗ਼ਮ, ਚਿਰਾਗ਼ਦੀਨ ਆਦਿ ਗਰਮ-ਗਰਮ ਪਨੀਰ ਪਕੌੜੇ ਅਤੇ ਗ਼ੁਲਾਬ ਜਾਮਣ ਛਕ ਰਹੇ ਸਨ। ਉਹ ਦਰਿਆ ਦਿਲ ਸੁਪਰਡੈਂਟ ਸਾਹਿਬ ਦੀਆਂ ਤਾਰੀਫਾਂ ਵੀ ਕਰ ਰਹੇ ਸਨ। ਸੁਲਤਾਨਾ ਬੇਗ਼ਮ ਕਹਿ ਰਹੀ ਸੀ -

"ਸੁਪਰਡੈਂਟ ਸਾਹਿਬ, ਥੋਡੇ ਨਾਲ਼ ਕੰਮ ਕਰਨ ਦੀ ਬੜੀ ਲੱਜ਼ਤ ਐ। ਇਹੋ ਜਿਹੇ ਲਜ਼ੀਜ਼ ਪਕੌੜੇ ਹੋਰ ਕਿਤੋਂ ਨੀਂ ਮਿਲਦੇ। ਮੇਰੇ ਆਪਣੇ ਪੇਕਿਆਂ ਦੇ ਸ਼ਹਿਰ ਮਾਲੇਰਕੋਟਲੇ ਤਾਂ ਕਿਸੇ ਕੰਮ ਦੇ ਨਹੀਂ ਬਣਾਉਂਦੇ।"

ਸੁਰਜੀਤ ਰਾਮ ਚਟਣੀ ਦੀ ਭਰੀ ਕੌਲੀ ਵਿੱਚੋਂ ਆਪਣੀ ਪਲੇਟ ਵਿੱਚ ਉਲਟਾਉਂਦਿਆਂ ਬੋਲਿਆ,

"ਸਾਹਿਬ, ਜਦੋਂ ਦੇ ਤੁਸੀਂ ਏਸ ਦਫ਼ਤਰ ਵਿੱਚ ਆਏ ਓਂ। ਮੇਰਾ ਤਾਂ ਵਜ਼ਨ ਈ ਬਹੁਤ ਵੱਧ ਗਿਆ ਹੈ। ਉੱਧਰ ਮੇਰੀ ਘਰਵਾਲ਼ੀ ਮੈਨੂੰ ਮਜ਼ਾਕ ਕਰਦੀ ਰਹਿੰਦੀ ਐ। ਅਖੇ, ਲਾਲਾ ਜੀ, ਗੋਗੜ ਦੇਖੀ ਐ! ਕਿੱਧਰ ਨੂੰ ਤੁਰੀ ਜਾਂਦੀ ਐ। ਮੰਨਿਆਂ ਕਿ ਥੋਨੂੰ ਮੁਫ਼ਤ ਦਾ ਮਾਲ਼ ਮਿਲਦੈ ਖਾਣ ਨੂੰ। ਪਰ ਢਿੱਡ ਤਾਂ ਥੋਡਾ ਆਪਣੈਂ।" ਸੁਰਜੀਤ ਰਾਮ ਦੇ ਮੂੰਹੋਂ ਉਹਦੀ ਦੋ ਸਾਲ ਪਹਿਲਾਂ ਵਿਆਹੀ ਆਈ ਵਹੁਟੀ ਦੀਆਂ ਗੱਲਾਂ ਸੁਣ ਕੇ ਸਲੋਚਨਾ ਨੇ ਚੁਟਕੀ ਭਰੀ - "ਸੁਰਜੀਤ, ਉਹਨੇ ਤਾਂ ਸ਼ਿਕਾਇਤ ਕਰਨੀਂ ਓਂ ਹੋਈ। ਦੋ ਸਾਲ ਪਹਿਲਾਂ ਤਾਂ ਤੂੰ ਪਤਲਾ ਛੀਂਟਕਾ ਜਿਹਾ ਸੋਹਣਾ ਗੱਭਰੂ ਜੁਆਨ ਸੀ। ਪਰ ਹੁਣ ਤੂੰ ਢਾਈ ਗੁਣਾਂ ਹੋ ਗਿਐਂ। ਐਨੇ ਭਾਰ ਨਾਲ਼ ਉਹ ਸੁਬਕ ਜਿਹੀ ਮੁਟਿਆਰ ਮਾਰਨੀਂ ਐਂ? ਉਹ ਤੇਰੇ ਕੁਅੰਟਲ ਭਾਰ ਦੀ ਸ਼ਿਕਾਇਤ ਨਾ ਕਰੇ ਤਦ ਕੀ ਕਰੇ?" ਸਲੋਚਨਾ ਦੀ ਟਕੋਰ ਸੁਣ ਕੇ ਸਾਰੇ ਖਿੜਖਿੜਾ ਕੇ ਹੱਸ ਪਏ। ਫ਼ਿਰ ਉਹ ਪੇਪਰ ਨੈਪਕਿਨ ਨਾਲ਼ ਹੱਥ ਸਾਫ਼ ਕਰਦੇ ਹੋਏ ਸੁਪਰਡੈਂਟ ਸਾਹਿਬ ਦਾ ਧੰਨਵਾਦ ਕਰਕੇ ਆਪੋ ਆਪਣੀਆਂ ਸੀਟਾਂ ਉੱਤੇ ਜਾ ਬੈਠੇ।

ਤੀਜੇ ਦਿਨ ਸਵੇਰੇ ਨੌਂ ਵਜੇ ਤੋਂ ਪਹਿਲਾਂ ਹੀ ਨਵੇਂ ਡੀ।ਈ।ਓ। ਸਾਹਿਬ ਸੰਤ ਸਿੰਘ ਜੀ ਆਪਣੀ ਸੀਟ ਮੱਲੀਂ ਬੈਠੇ ਸਨ। ਦਫ਼ਤਰ ਵਿੱਚ ਕੰਮ ਕਰਦੀਆਂ ਦੋਵੇਂ ਕੰਪਿਊਟਰ ਅਪਰੇਟਰਾਂ ਨੇ ਤਾਂ ਲੰਘੀ ਰਾਤ ਨੂੰ ਹੀ ਨਵੇਂ ਸਾਹਿਬ ਦੇ ਆਰਡਰ ਨੈੱਟ ਉੱਤੇ ਵੇਖ ਲਏ ਸਨ। ਪਰੰਤੂ ਕੰਪਿਊਟਰ ਤੋਂ ਕੋਰੇ ਪਕੇਰੀ ਉਮਰ ਦੇ ਸੁਪਰਡੈਂਟ ਨੂੰ ਦਫ਼ਤਰ ਆ ਕੇ ਹੀ ਨਵੇਂ ਸਾਹਿਬ ਦੇ ਆਉਣ ਬਾਰੇ ਪਤਾ ਲੱਗਾ ਸੀ। ਰੋਜ਼ਾਨਾ ਅੱਧਾ ਪੌਣਾ ਘੰਟਾ ਦਫ਼ਤਰ ਵਿੱਚ ਲੇਟ ਪਹੁੰਚਣ ਵਾਲ਼ੇ ਸੁਪਰਡੈਂਟ ਨੇ ਐਨਕ ਦੇ ਸ਼ੀਸ਼ਿਆਂ ਦੇ ਉੱਪਰ ਦੀ ਝਾਕਦਿਆਂ ਨਵੇਂ ਸਾਹਿਬ ਨੂੰ ਹੱਥ ਜੋੜ ਫ਼ਤਹਿ ਬੁਲਾਉਂਦਿਆਂ ਕਿਹਾ,

"ਸਤਿ ਸ਼੍ਰੀ ਅਕਾਲ ਸਾਹਿਬ। ਮੈਂ ਧੰਨਾ ਸਿੰਘ ਸੁਪਰਡੈਂਟ ਹਾਂ ਜੀ। ਸਰ, ਥੋਨੂੰ ਬਹੁਤ-ਬਹੁਤ ਮੁਬਾਰਕਾਂ ਹੋਣ ਜੀ।"

ਸਾਹਿਬ ਨੇ ਆਪਣੀ ਡਾਇਰੀ ਤੋਂ ਨਜ਼ਰ ਹਟਾਉਂਦਿਆਂ ਉਹਦੇ ਵੱਲ ਵੇਖ ਕੇ ਆਖਿਆ, "ਸਤਿ ਸ਼੍ਰੀ ਅਕਾਲ ਸੁਪਰਡੈਂਟ ਸਾਹਿਬ। ਥੈਂਕਿਊ ਵੈਰੀ ਮੱਚ। ਤੁਸੀਂ ਇਉਂ ਕਰੋ, ਮੇਰੇ ਵੱਲੋਂ ਦਫ਼ਤਰ ਦੇ ਸਾਰੇ ਕਰਮਚਾਰੀਆਂ ਨੂੰ ਇੱਕ ਆਰਡਰ ਨੋਟ ਕਰਵਾਓ। ਮੈਂ ਅੱਜ ਦਸ ਵਜੇ ਸਾਰੇ ਸਟਾਫ਼ ਦੀ ਮੀਟਿੰਗ ਲੈਣੀ ਹੈ।"

"ਜੀ ਸਰ।" ਕਹਿ ਕੇ ਸੁਪਰਡੈਂਟ ਨੇ ਆਪਣੀ ਐਨਕ ਨੂੰ ਠੀਕ ਕੀਤਾ। ਉਹ ਉੱਥੋਂ ਉੱਠ ਕੇ ਬਾਹਰ ਆ ਗਿਆ।

ਨਵੇਂ ਡੀ.ਈ.ਓ. ਸਾਹਿਬ ਦੀ ਠੀਕ ਦਸ ਵਜੇ ਮੀਟਿੰਗ ਆਰੰਭ ਹੋ ਗਈ ਸੀ। ਉਸ ਨੇ ਸਾਰੇ ਸਟਾਫ਼ ਨੂੰ ਸੰਬੋਧਨ ਕਰਦਿਆਂ ਆਖਿਆ, "ਸੁਪਰਡੈਂਟ ਸਾਹਿਬ, ਐਸ.ਓ. ਮੈਡਮ, ਸੀਨੀਅਰ ਸਹਾਇਕ, ਕਲਰਕ ਸਾਹਿਬਾਨ ਅਤੇ ਦਰਜਾ ਚਾਰ ਕਰਮਚਾਰੀ ਸਾਥੀਓ! ਮੈਂ ਤੁਹਾਡੇ ਨਾਲ਼ ਦੋ ਚਾਰ ਗੱਲਾਂ ਹੀ ਕਰਨੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਹਰੇਕ ਕਰਮਚਾਰੀ ਸਵੇਰੇ ਨੌਂ ਵਜੇ ਤੋਂ ਪਹਿਲਾਂ ਦਫ਼ਤਰ ਵਿੱਚ ਹਾਜ਼ਰ ਹੋਵੇਗਾ। ਦੂਜੀ ਇਹ ਕਿ ਫ਼ੀਲਡ ਵਿੱਚੋਂ ਕਿਸੇ ਵੀ ਅਧਿਆਪਕ ਨੂੰ ਆਪਣੇ ਦਫ਼ਤਰੀ ਕੰਮ ਲਈ ਸਾਡੇ ਦਫ਼ਤਰ ਵਿੱਚ ਆਉਣ ਦੀ ਲੋੜ ਨਹੀਂ ਪੈਣੀ ਚਾਹੀਦੀ। ਸਵੇਰੇ ਗਿਆਰਾਂ ਵਜੇ ਤੱਕ ਜਿੰਨੀਂ ਡਾਕ ਸਾਡੇ ਦਫ਼ਤਰ ਵਿੱਚ ਪੁੱਜ ਜਾਇਆ ਕਰੇਗੀ, ਉਸ ਦਾ ਨਿਪਟਾਰਾ ਉਸੇ ਦਿਨ ਲਾਜ਼ਮੀ ਤੌਰ 'ਤੇ ਕਰਨਾ ਹੀ ਕਰਨਾ ਹੈ।"

"ਜਿਹੜੀ ਡਾਕ ਗਿਆਰਾਂ ਵਜੇ ਤੋਂ ਬਾਅਦ ਸਾਡੇ ਦਫ਼ਤਰ ਵਿੱਚ ਆਏਗੀ, ਉਨ੍ਹਾਂ ਦਾ ਕੰਮ ਅਗਲੇ ਦਿਨ ਸ਼ਾਮ ਨੂੰ ਚਾਰ ਵਜੇ ਤੱਕ ਹੋ ਜਾਣਾ ਚਾਹੀਦਾ ਹੈ। ਜੇਕਰ ਦਫ਼ਤਰ ਦਾ ਕੋਈ ਵੀ ਕਰਮਚਾਰੀ ਕਿਸੇ ਅਧਿਆਪਕ ਤੋਂ ਜਾਂ ਹੋਰ ਕਿਸੇ ਮੁਲਾਜ਼ਮ ਤੋਂ ਚਾਹ ਪਾਣੀ ਪੀਂਦਾ ਮੈਂ ਫ਼ੜ ਲਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕਰਾਂਗਾ। ਦਫ਼ਤਰ ਦਾ ਕੋਈ ਵੀ ਕਰਮਚਾਰੀ ਦੁਪਹਿਰ ਦਾ ਭੋਜਨ ਕਰਨ ਆਪਣੇ ਘਰ ਨਹੀਂ ਜਾਏਗਾ। ਸਗੋਂ ਸਾਰੇ ਆਪੋ ਆਪਣਾ ਦੁਪਹਿਰ ਦਾ ਭੋਜਨ ਇੱਥੇ ਦਫ਼ਤਰ ਵਿੱਚ ਆਪਣੇ ਨਾਲ਼ ਹੀ ਲੈ ਕੇ ਆਉਣਗੇ। ਇਸ ਤਰ੍ਹਾਂ ਕਰਨ ਨਾਲ਼ ਆਪਣਾ ਸਮਾਂ ਅਤੇ ਸ਼ਕਤੀ ਦੋਵੇਂ ਬਚਣਗੇ। ਨਾਲ਼ ਹੀ ਸਾਡੇ ਕੰਮ ਕਰਨ ਵਿੱਚ ਵੀ ਤੇਜ਼ੀ ਆਏਗੀ।"

"ਪਿਛਲੇ ਸਮੇਂ ਦੌਰਾਨ ਆਪਣੇ ਇਸ ਦਫ਼ਤਰ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਰਹੀਆਂ ਹਨ। ਪਰੰਤੂ ਮੈਂ ਚਾਹੁੰਦਾ ਹਾਂ ਕਿ ਆਪਣੇ ਇਸ ਦਫ਼ਤਰ ਦੀਆਂ ਖ਼ਬਰਾਂ ਤਾਂ ਹੁਣ ਵੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਨ। ਪਰੰਤੂ ਹੁਣ ਮੈਂ ਅਖ਼ਬਾਰਾਂ ਵਿੱਚ ਆਪਣੇ ਦਫ਼ਤਰ ਦੇ ਚੰਗੇ ਕੰਮਾਂ ਦੀ ਸ਼ਲਾਘਾ ਕੀਤੀ ਗਈ ਹੀ ਪੜ੍ਹਨੀ ਚਾਹੁੰਦਾ ਹਾਂ। ਬੱਸ, ਮੈਂ ਇਹੋ ਗੱਲਾਂ ਤੁਹਾਡੇ ਨਾਲ਼ ਕਰਨੀਆਂ ਸਨ। ਤੁਸੀਂ ਹੁਣ ਸਾਰੇ ਜਾ ਸਕਦੇ ਹੋ।" ਸਾਰਿਆਂ ਦੇ ਬਾਹਰ ਚਲੇ ਜਾਣ ਉਪਰੰਤ ਸੁਪਰਡੈਂਟ ਨੇ ਆਪਣੀ ਐਨਕ ਦੇ ਉੱਪਰ ਦੀ ਝਾਕਦਿਆਂ ਸਾਹਿਬ ਨੂੰ ਕਿਹਾ, "ਜਨਾਬ! ਜੇਕਰ ਆਗਿਆ ਹੋਵੇ ਤਾਂ ਦਫ਼ਤਰ ਦੇ ਸਾਰੇ ਸਟਾਫ਼ ਮੈਂਬਰਾਂ ਵੱਲੋਂ ਤੁਹਾਡੇ ਜੁਆਇੰਨ ਕਰਨ ਦੀ ਖ਼ੁਸ਼ੀ ਵਿੱਚ ਇੱਕ ਪਾਰਟੀ ਰੱਖ ਲਈਏ ਜੀ?"

"ਨੋ ਨੋ। ਸੁਪਰਡੈਂਟ ਸਾਹਿਬ, ਪਾਰਟੀ ਕਰਨ ਦਾ ਕੀ ਰਾਹ? ਆਪਾਂ ਸਾਰੇ ਸਰਕਾਰੀ ਮੁਲਾਜ਼ਮ ਆਂ। ਸਰਕਾਰ ਦੇ ਹੁਕਮਾਂ ਅਨੁਸਾਰ ਸਾਡੀਆਂ ਬਦਲੀਆਂ ਇੱਧਰ ਉੱਧਰ ਹੁੰਦੀਆਂ ਰਹਿੰਦੀਆਂ ਹਨ। ਆਪਾਂ ਪਾਰਟੀਆਂ ਕਰਕੇ ਸਮਾਂ ਕਿਉਂ ਗੁਆਈਏ? ਦਫ਼ਤਰ ਦੇ ਸਮੇਂ ਵਿੱਚ ਕਦੇ ਵੀ ਕੋਈ ਪਾਰਟੀ ਨਹੀਂ ਕਰਨੀ। ਹਾਂ ਜੇਕਰ ਦਫ਼ਤਰ ਦੇ ਕਿਸੇ ਸਟਾਫ਼ ਮੈਂਬਰ ਦੇ ਘਰ ਕੋਈ ਖ਼ੁਸ਼ੀ ਆਈ ਹੈ। ਤਦ ਉਹਦੀ ਪਾਰਟੀ ਵੀ ਕੇਵਲ ਅੱਧੇ ਘੰਟੇ ਦੀ ਲੰਚ ਬ੍ਰੇਕ ਵਿੱਚ ਹੀ ਕੀਤੀ ਜਾਇਆ ਕਰੇਗੀ। ਤੁਸੀਂ ਜਾਓ ਹੁਣ, ਆਪਣਾ ਕੰਮ ਕਰੋ। ਮੈਂ ਡੀ.ਪੀ.ਆਈ. ਸਾਹਿਬ ਨਾਲ਼ ਜ਼ਰੂਰੀ ਗੱਲ ਕਰਨੀਂ ਹੈ।" ਸਾਹਿਬ ਨੇ ਕਿਹਾ।

ਸੁਪਰਡੈਂਟ ਉਤਰਿਆ ਹੋਇਆ ਮੂੰਹ ਲੈ ਕੇ ਦਫ਼ਤਰ ਵਿੱਚੋਂ ਬਾਹਰ ਆ ਗਿਆ।

ਨਵੇਂ ਡੀ.ਈ.ਓ. ਨੂੰ ਇੱਥੇ ਜੁਆਇੰਨ ਕੀਤਿਆਂ ਕੇਵਲ ਚਾਰ ਮਹੀਨੇ ਬੀਤੇ ਸਨ। ਉਸ ਦਾ ਨਾਂ ਹੀ ਕੇਵਲ ਸੰਤ ਸਿੰਘ ਨਹੀਂ ਸੀ। ਸਗੋਂ ਉਹ ਆਪਣੇ ਨਾਂ ਵਾਂਗ ਸੰਤ ਸੁਭਾਅ ਦਾ ਮਾਲਕ ਵੀ ਸੀ। ਪੂਰੇ ਜ਼ਿਲ੍ਹੇ ਦੇ ਪ੍ਰਿੰਸੀਪਲ, ਮੁੱਖ ਅਧਿਆਪਕ ਸਾਹਿਬਾਨ, ਅਧਿਆਪਕ ਅਤੇ ਹੋਰ ਕਰਮਚਾਰੀ ਜ਼ਿਲ੍ਹੇ ਦੇ ਦਫ਼ਤਰ ਦੀ ਬਦਲੀ ਨੁਹਾਰ ਤੋਂ ਬਹੁਤ ਖ਼ੁਸ਼ ਸਨ। ਹੁਣ ਉਨ੍ਹਾਂ ਨੂੰ ਆਪਣੇ ਜਾਇਜ਼ ਕੰਮਾਂ ਕਾਰਾਂ ਲਈ ਵਾਰ-ਵਾਰ ਦਫ਼ਤਰ ਦੇ ਗੇੜੇ ਨਹੀਂ ਮਾਰਨੇ ਪੈਂਦੇ ਸਨ।

ਪਰੰਤੂ ਸੇਵਾਦਾਰ ਰਾਮਦੀਨ ਬਿਲਕੁਲ ਖ਼ੁਸ਼ ਨਹੀਂ ਸੀ। ਇਕ ਦਿਨ ਅੱਕ ਕੇ ਉਹਨੇ ਸੁਪਰਡੈਂਟ ਸਾਹਿਬ ਨੂੰ ਕਹਿ ਹੀ ਦਿੱਤਾ, "ਸੁਪਰਡੈਂਟ ਸਾਹਿਬ, ਆਪਣੇ ਦਫ਼ਤਰ ਵਿੱਚ ਨਵੇਂ ਸਾਹਿਬ ਕੀ ਆਏ ਹਨ, ਪਨੀਰ ਪਕੌੜੇ ਖਾਧਿਆਂ ਨੂੰ ਮੁੱਦਤਾਂ ਹੋ ਗਈਆਂ ਹਨ। ਐਨੀਂ ਅੱਤ ਦੀ ਮਹਿੰਗਾਈ ਵਿੱਚ ਪਨੀਰ ਪਕੌੜੇ ਆਪਣੀ ਜੇਬ 'ਚੋਂ ਖਾਣੇ ਤਾਂ ਬਹੁਤ ਔਖੇ ਹਨ। ਸਰ ਕੀ ਕਰੀਏ? ਕਿੱਥੇ ਜਾਈਏ?"

"ਤੂੰ ਚੁੱਪ ਚਾਪ ਆਪਣਾ ਟਾਈਮ ਕੱਢ ਲੈ। ਨਵਾਂ ਸਾਹਿਬ, ਬਹੁਤ ਡਾਢਾ ਆ।" ਸੁਪਰਡੈਂਟ ਨੇ ਸੇਵਾਦਾਰ ਨੂੰ ਸਮਝੌਤੀ ਦਿੰਦਿਆਂ ਕਿਹਾ।

ਅੱਜ ਬਾਰਾਂ ਵਜੇ ਦੁਪਿਹਰੇ ਡੀ।ਈ।ਓ। ਸਾਹਿਬ ਨੇ ਬਾਲਕੋਨੀ ਵਿੱਚ ਚੱਕਰ ਲਾਇਆ। ਪੰਜਾਹ ਬਵੰਜਾ ਸਾਲ ਦੀ ਇੱਕ ਬਜ਼ੁਰਗ ਔਰਤ ਬੈਂਚ ਉੱਤੇ ਬੈਠੀ ਸੀ। ਪਹਿਲਾਂ ਤਾਂ ਉਹ ਉਸ ਮਾਈ ਕੋਲੋਂ ਅੱਗੇ ਲੰਘ ਗਿਆ। ਪਰੰਤੂ ਅਚਾਨਕ ਪਤਾ ਨਹੀਂ ਕੀ ਸੋਚ ਕੇ ਉਹ ਪਿੱਛੇ ਮੁੜ ਪਿਆ। ਉਸ ਮਾਈ ਕੋਲ ਆ ਕੇ ਪੁੱਛਿਆ, "ਮਾਂ ਜੀ! ਤੁਸੀਂ ਕਿਵੇਂ ਬੈਠੇ ਹੋ? ਕੀ ਕੰਮ ਹੈ ਤੁਹਾਡਾ?"

"ਨਹੀਂ ਨਹੀਂ ਪੁੱਤ। ਮੇਰਾ ਕੋਈ ਕੰਮ ਨੀਂ ਹੈਗਾ। ਮੈਂ ਤਾਂ ਸੋਬਤੀ ਬੈਠੀ ਆਂ। ਬੱਸ, ਮੈਂ ਤਾਂ ਹੁਣੇ ਤੁਰ ਜਾਣੈ।" ਮਾਈ ਦੀ ਘਬਰਾਈ ਹੋਈ ਆਵਾਜ਼ ਤੋਂ ਸਾਫ਼ ਪਤਾ ਲੱਗ ਰਿਹਾ ਸੀ ਕਿ ਉਹ ਕੋਈ ਗੱਲ ਛੁਪਾ ਰਹੀ ਹੈ।

ਉਹ ਮਾਈ ਦੇ ਨਾਲ਼ ਬੈਂਚ ਉੱਤੇ ਬੈਠ ਗਿਆ। ਤੇ ਬੋਲਿਆ, "ਮਾਤਾ ਜੀ, ਮੈਂ ਸੰਤ ਸਿੰਘ ਹਾਂ। ਮੈਂ ਇਸ ਦਫ਼ਤਰ ਦਾ ਅਫ਼ਸਰ ਹਾਂ। ਜੇਕਰ ਤੁਹਾਡਾ ਜਾਂ ਤੁਹਾਡੇ ਕਿਸੇ ਪਰਿਵਾਰ ਦੇ ਮੈਂਬਰ ਦਾ ਦਫ਼ਤਰ ਦੇ ਨਾਲ਼ ਸੰਬੰਧਿਤ ਕੋਈ ਕੰਮ ਹੈ, ਤਾਂ ਤੁਸੀਂ ਮੈਨੂੰ ਦੱਸੋ! ਕਿਉਂ ਜੋ ਕੰਮ ਤਾਂ ਮੈਂ ਕਰਨਾ ਹੈ।"

ਉਸ ਨੇ ਆਪਣੇ ਨਾਲ਼ ਬੈਂਚ 'ਤੇ ਬੈਠੇ ਅਫ਼ਸਰ ਦੀਆਂ ਅੱਖਾਂ ਵਿੱਚ ਝਾਕਿਆ। ਮਾਈ ਨੂੰ ਉਹਦੀਆਂ ਅੱਖਾਂ ਵਿੱਚ ਨਿਰਛਲਤਾ, ਹਮਦਰਦੀ, ਪਿਆਰ ਅਤੇ ਮਨੁੱਖਤਾ ਨਜ਼ਰੀਂ ਆਈ। ਫਿਰ ਉਹ ਬੋਲੀ, "ਪੁੱਤ, ਕੰਮ ਤਾਂ ਮੇਰਾ ਹੈ। ਮੇਰੇ ਘਰ ਆਲ਼ਾ ਉੱਚੇ ਪਿੰਡ ਚੌਂਕੀਦਾਰ ਲੱਗੈ। ਉਹਦੇ ਖ਼ਾਤੇ 'ਚੋਂ ਕੁਛ ਪੈਸੇ ਕਢਾਉਣੇ ਐਂ।"

ਉਹ ਬੈਂਚ ਤੋਂ ਉੱਠਦਾ ਹੋਇਆ ਬੋਲਿਆ, "ਮਾਂ ਜੀ, ਤੁਸੀਂ ਮੇਰੇ ਦਫ਼ਤਰ ਵਿੱਚ ਆ ਜਾਓ। ਮੈਂ ਤੁਹਾਡੇ ਘਰ ਆਲ਼ੇ ਦੇ ਖ਼ਾਤੇ ਵਿੱਚੋਂ ਪੈਸੇ ਕਢਵਾਉਣ ਦਾ ਕੰਮ ਹੁਣੇ ਕਰਕੇ ਦਿੰਦਾ ਹਾਂ।"

ਉਹ ਮਾਈ ਦਾ ਹੱਥ ਫੜ ਕੇ ਆਪਣੇ ਦਫ਼ਤਰ ਵਿੱਚ ਲੈ ਗਿਆ। ਅੰਦਰ ਜਾ ਉਹ ਆਪਣੀ ਕੁਰਸੀ ਉੱਤੇ ਬੈਠ ਗਿਆ। ਉਸ ਨੇ ਸਾਹਮਣੇ ਸੋਫ਼ੇ ਵੱਲ ਇਸ਼ਾਰਾ ਕਰਦਿਆਂ ਮਾਈ ਨੂੰ ਆਖਿਆ, "ਮਾਤਾ ਜੀ! ਤੁਸੀਂ ਆਰਾਮ ਨਾਲ਼ ਸੋਫ਼ੇ 'ਤੇ ਬੈਠ ਜਾਓ। ਮੈਂ ਤੁਹਾਡਾ ਕੰਮ ਹੁਣੇ ਕਰਕੇ ਦਿੰਦਾ ਹਾਂ।" ਉਸ ਨੇ ਘੰਟੀ ਵਜਾਈ। ਨਿਰਮਲ ਸਿੰਘ ਸੇਵਾਦਾਰ ਅੰਦਰ ਆਇਆ। ਤੇ ਬੋਲਿਆ, "ਜੀ ਸਾਹਿਬ!"

"ਪਹਿਲਾਂ ਸੁਪਰਡੈਂਟ ਸਾਹਿਬ ਨੂੰ ਬੁਲਾਓ। ਫ਼ਿਰ ਮਾਤਾ ਜੀ ਨੂੰ ਪਾਣੀ ਪਿਲਾਓ। ਚਾਹ ਵੀ ਲਿਆਓ।"

"ਜੀ ਸਰ।"

ਕੁਝ ਪਲਾਂ ਵਿੱਚ ਹੀ ਸੁਪਰਡੈਂਟ ਆਪਣੀ ਐਨਕ ਨੂੰ ਠੀਕ ਕਰਦਾ ਦਫ਼ਤਰ ਵਿੱਚ ਆ ਵੜ੍ਹਿਆ। ਤੇ ਬੋਲਿਆ, "ਜੀ ਸਾਹਿਬ! ਹੁਕਮ ?"

"ਉੱਚੇ ਪਿੰਡ ਤੋਂ ਦਰਜਾ ਚਾਰ ਕਰਮਚਾਰੀ ਦਾ ਜੀ।ਪੀ।ਐਫ। ਵਿੱਚੋਂ ਰਾਸ਼ੀ ਕਢਵਾਉਣ ਲਈ ਕੇਸ ਆਇਆ ਹੋਇਆ ਹੈ। ਤੁਰੰਤ ਲੋੜੀਂਦੀ ਕਾਰਵਾਈ ਕਰੋ। ਅੱਧੇ ਘੰਟੇ ਵਿੱਚ ਫਾਈਲ ਮੇਰੇ ਟੇਬਲ 'ਤੇ ਹੋਣੀ ਚਾਹੀਦੀ ਹੈ। ਚਲੋ, ਜਾਓ।"

ਫ਼ੇਰ ਉਸ ਨੇ ਆਪਣੇ ਦੋਵੇਂ ਹੱਥਾਂ ਦੀਆਂ ਉਂਗਲੀਆਂ ਨੂੰ ਇੱਕ ਦੂਜੇ ਵਿੱਚ ਫਸਾ ਕੇ ਹੱਥ ਟੇਬਲ ਉੱਤੇ ਰੱਖ ਲਏ। ਉਸ ਨੇ ਮੁਸਕਰਾਉਂਦਿਆਂ ਹੋਇਆਂ ਮਾਈ ਵੱਲ ਵੇਖਿਆ। ਤੇ ਬੋਲਿਆ,

"ਮਾਤਾ ਜੀ, ਤੁਹਾਡੇ ਘਰ ਵਿੱਚ ਤੁਹਾਡੇ ਦੋਵਾਂ ਜੀਆਂ ਤੋਂ ਬਿਨਾਂ ਹੋਰ ਕੌਣ-ਕੌਣ ਹਨ?"

ਮਾਈ ਨੇ ਆਪਣੇ ਸਿਰ ਵਾਲ਼ੇ ਦੁਪੱਟੇ ਨਾਲ਼ ਸੱਜੀ ਅੱਖ ਦੇ ਕੋਏ ਨੂੰ ਸਾਫ਼ ਕਰਦਿਆਂ ਆਖਿਆ, "ਪੁੱਤ, ਮੇਰੇ ਦੋ ਮੁੰਡੇ ਐ। ਦੋਵੇਂ ਸੁੱਖ ਨਾਲ਼ ਵਿਆਹੇ ਵਰੇ ਐ। ਵੱਡਾ ਮੁੰਡਾ ਫ਼ੌਜੀ ਐ। ਉਹਦੇ ਘਰ ਆਲ਼ੀ ਉਹਦੇ ਨਾਲ਼ ਈ ਰਹਿੰਦੀ ਫ਼ੌਜ 'ਚ। ਛੋਟਾ ਮੁੰਡਾ ਟਿਊਬਵੈੱਲ 'ਤੇ ਲੱਗਿਆ ਏ ਪਟਿਆਲ਼ੇ। ਉਹ ਦੋਏ ਜੀਅ ਉੱਥੇ ਪਟਿਆਲ਼ੇ ਈ ਰਹਿੰਦੇ। ਤੀਜੇ ਚੌਥੇ ਦਿਨ ਦੋਵਾਂ ਦਾ ਈ ਫ਼ੂਨ ਆ ਜਾਂਦੈ। ਨੂੰਹਾਂ ਵੀ ਮੇਰੀਆਂ ਬਹੁਤ ਚੰਗੀਆਂ ਨੇ। ਦਾਤੇ ਨੇ ਸਭ ਰੰਗ ਭਾਗ ਲਾਏ ਐ!"

ਉਸੇ ਵੇਲੇ ਸੇਵਾਦਾਰ ਚਾਹ ਅਤੇ ਬਿਸਕੁਟ ਲੈ ਕੇ ਅੰਦਰ ਆ ਗਿਆ। ਉਸ ਨੇ ਦੋ ਕੱਪਾਂ ਵਿੱਚ ਚਾਹ ਪਾਈ। ਪਲੇਟ ਵਿੱਚ ਰੱਖ ਕੇ ਇੱਕ ਕੱਪ ਮਾਈ ਨੂੰ ਫ਼ੜਾ ਦਿੱਤਾ। ਸੰਤ ਰਾਮ ਨੇ ਚਾਹ ਵਾਲ਼ਾ ਕੱਪ ਚੁੱਕਦਿਆਂ ਮਾਈ ਨੂੰ ਚਾਹ ਪੀਣ ਲਈ ਆਖਿਆ। ਦੋਵਾਂ ਨੇ ਚਾਹ ਪੀ ਕੇ ਖ਼ਾਲੀ ਕੱਪ ਅਤੇ ਪਲੇਟਾਂ ਮੇਜ਼ ਉੱਤੇ ਰੱਖ ਦਿੱਤੀਆਂ। ਫ਼ਿਰ ਉਸ ਨੇ ਮਾਈ ਨੂੰ ਪੁੱਛਿਆ,

